
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL - 6 ISSUE - 49
March 14, 2018

Postal Address
5101 Doe Hollow Pl., Antelope, CA-95843

www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


## ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਨੇ ਮਨਾਇਆ ਸਤਿਗੁਰੂ ਰਵਿਦਾਸ ਜੀ ਦਾ 641ਵਾਂ ਗੁਰਪੁਰਬ ਦਿਹਾੜਾ ਅਤੇ 18ਵਾਂ ਵਿਸ਼ਾਲ ਨਗਰ ਕੀਰਤਨ




**ਸੈਕਰਾਮੈਂਟੋ (ਡੀ. ਡੀ. ਬੀ.)–** ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ (ਕੈਲੇਫੋਰਨੀਆ) ਨੇ ਗੁਰੂ ਪਿਆਰੀ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਧੰਨ ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 641ਵਾਂ ਪਾਵਨ ਗੁਰਪੁਰਬ ਦਿਹਾੜਾ ਅਤੇ 18ਵਾਂ ਵਿਸ਼ਾਲ ਨਗਰ ਕੀਰਤਨ 11 ਮਾਰਚ ਦਿਨ ਐਤਵਾਰ ਨੂੰ ਬਹੁਤ ਹੀ ਉਤਸ਼ਾਹ ਅਤੇ ਸ਼ਰਧਾ ਪੂਰਵਕ ਭਾਵਨਾ ਨਾਲ ਮਨਾਇਆ। ਇਸ ਸਬੰਧਤ ਵਿਸਥਾਰ ਪੂਰਵਕ ਖਬਰ ਅਤੇ ਤਸਵੀਰਾਂ 'ਦੇਸ਼ ਦੁਆਬਾ' ਦੇ ਅਗਲੇ ਅੰਕ ਵਿਚ ਪ੍ਰਕਾਸ਼ਿਤ ਕੀਤੀਆਂ ਜਾਣਗੀਆਂ। 'ਦੇਸ਼ ਦੁਆਬਾ' ਉਹਨਾਂ ਸਾਰੇ ਹੀ ਪਰਿਵਾਰਾਂ ਅਤੇ ਵਪਾਰਕ ਅਦਾਰਿਆਂ ਦਾ ਅਤੀ ਧੰਨਵਾਦੀ ਹੈ, ਜਿਹਨਾਂ ਇਸ ਗੁਰਪੁਰਬ ਅਤੇ ਵਿਸ਼ਾਲ ਨਗਰ ਕੀਰਤਨ ਦੇ ਮੌਕੇ ਸਾਨੂੰ ਇਸ਼ਤਿਹਾਰਾਂ ਦੀ ਸ਼ਕਲ ਵਿਚ ਮਦਦ ਕੀਤੀ।

## ਟਿਲਰਸਨ ਵਿਦੇਸ਼ ਮੰਤਰੀ ਦੇ ਅਹੁਦੇ ਤੋਂ ਬਰਖਾਸਤ ਕੀਤੇ

**ਵਾਸ਼ਿੰਗਟਨ (ਬਿਊਰੋ)–** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਈ ਗੱਲਾਂ 'ਚ ਟਕਰਾਅ ਹੋਣ ਕਾਰਨ ਵਿਦੇਸ਼ ਮੰਤਰੀ ਰੇਕਸ ਟਿਲਰਸਨ ਨੂੰ ਬਰਖਾਸਤ ਕਰਕੇ ਉਨ੍ਹਾਂ ਦੀ ਥਾਂ ਸੀ. ਆਈ. ਏ. ਦੇ ਮੁਖੀ ਮਾਈਕ ਪਾਮਪੀਓ ਨੂੰ ਨਵਾਂ ਵਿਦੇਸ਼ ਮੰਤਰੀ ਬਣਾਇਆ ਗਿਆ ਹੈ। ਉਹ ਇਹ ਵੱਡੀ ਜ਼ਿੰਮੇਵਾਰੀ ਸੰਭਾਲਣਗੇ। ਰੇਕਸ ਟਿਲਰਸਨ ਤੁਹਾਡੀ ਸੇਵਾ ਲਈ ਤੁਹਾਡਾ ਧੰਨਵਾਦ। ਗੀਨਾ ਹਸਪੇਲ ਸੀ. ਆਈ. ਏ. ਦੀ ਮੁਖੀ ਹੋਵੇਗੀ। ਸਾਰਿਆਂ ਨੂੰ ਮੁਬਾਰਕਾਂ। ਹਸਪੇਲ ਸੀ. ਆਈ. ਏ. ਦੀ ਮੁੱਖੀ ਨਿਯੁਕਤ ਕੀਤੇ



ਨਿਯੁਕਤ ਕੀਤਾ ਹੈ। ਵਾਈਟ ਹਾਊਸ ਦੇ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਟਰੰਪ ਨੇ ਸ਼ੁੱਕਰਵਾਰ ਹੀ ਟਿਲਰਸਨ ਨੂੰ ਅਹਦੇ ਤੋਂ ਹਟਣ ਲਈ ਕਹਿ ਦਿੱਤਾ ਸੀ ਪਰ ਉਹ ਅਫਰੀਕਾ ਦੇ ਦੌਰੇ 'ਤੇ ਹੋਣ ਕਾਰਨ ਐਲਾਨ ਨਹੀਂ ਸੀ ਕਰਨਾ ਚਾਹੁੰਦਾ। ਟਰੰਪ ਨੇ ਟਵਿੱਟਰ 'ਤੇ ਆਪਣੇ ਮੰਤਰੀ ਮੰਡਲ ਵਿਚ ਫੇਰਬਦਲ ਕਰਦਿਆਂ ਸੀ. ਆਈ. ਏ. ਦੀ ਡਿਪਟੀ ਡਾਇਰੈਕਟਰ ਗੀਨਾ ਹਸਪੇਲ ਨੂੰ ਪਾਮਪੀਓ ਦੀ ਥਾਂ ਖ਼ੁਫ਼ੀਆ ਏਜੰਸੀ ਦਾ ਨਵਾਂ ਡਾਇਰੈਕਟਰ ਨਿਯੁਕਤ ਕੀਤਾ ਹੈ। ਟਰੰਪ ਨੇ ਟਵੀਟ ਕਰਦਿਆਂ ਕਿਹਾ ਕਿ ਮਾਈਕ ਪਾਮਪੀਓ ਨੂੰ ਨਵਾਂ ਵਿਦੇਸ਼ ਮੰਤਰੀ ਜਾਣ ਵਾਲੀ ਪਹਿਲੀ ਔਰਤ ਹੈ। ਟਿਲਰਸਨ ਨੂੰ ਅਹੁਦੇ ਤੋਂ ਹਟਾਉਣਾ ਟਰੰਪ ਕੈਬਨਿਟ ਵਿਚ ਹੁਣ ਤਕ ਦਾ ਸਭ ਤੋਂ ਵੱਡਾ ਫੇਰਬਦਲ ਹੈ ਅਤੇ ਇਸ ਨਾਲ ਰਾਸ਼ਟਰਪਤੀ ਅਤੇ 65 ਸਾਲਾ ਐਗਜ਼ਨ ਮੋਬਾਈਲ ਦੇ ਸਾਬਕਾ ਚੀਫ ਐਗਜ਼ੀਕਿਊਟਿਵ ਵਿਚਕਾਰ ਮਹੀਨਿਆਂ ਤੋਂ ਚਲੇ ਆ ਰਹੇ ਤਣਾਅ 'ਤੇ ਰੋਕ ਲੱਗ ਗਈ ਹੈ। ਟਰੰਪ ਤੇ ਟਿਲਰਸਨ ਜਿਸ ਦਾ ਵਿਦੇਸ਼ ਮੰਤਰੀ ਬਣਨ ਤੋਂ ਪਹਿਲਾਂ ਕੋਈ ਕੂਟਨੀਤਕ ਜਾਂ ਸਿਆਸੀ ਤਜਰਬਾ ਨਹੀਂ ਵਿਚਕਾਰ ਉੱਤਰੀ ਕੋਰੀਆ ਅਤੇ ਰੂਸ ਸਮੇਤ ਕਈ ਨੀਤੀ ਮਾਮਲਿਆਂ ਵਿਚ ਮਤਭੇਦ ਸਨ।



MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms, Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
Note: I am not an Immigration Attorney. msandhu2014@gmail.com (CST# 2122162-50)
"We sell International and Domestic Airline Tickets on Low Airfares"
(209-373-3562)
3222 PENELOPE DR. STOCKTON, CA- 95212 (NEAR HWY 99 ON MORADA LANE)

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

6930 65TH STREET # 115 SACRAMENTO CA 95823
Sandeep Jony Bagga


RAMESH SUMAN
Broker Realtor
RCS-D TM
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539


BERKSHIRE HATHAWAY Home Services
ELITE REAL ESTATE
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;
Shangara Ram
Realtor CalBRE# 01969522
Cell: 916-479-5587
Fax # 916-721-2373
Office: 916-681-5112
shangararam2@gmail.com
7412 Elsie Ave., Sacramento, CA 95828


ਮਨਜੀਤ ਕੌਰ
FARMERS INSURANCE
Auto, Home, Business, Commercial, Rental, Workecomp, Life, Health etc.
Manjit Kaur Insurance Agency
Cell: 916-412-5222 Email: mkaur@farmersagent.com
Tel: 916-550-0318 Fax: 916-891-5109
7651 Daly Ave, Suite Sacramento CA 95842
COVERED CALIFORNIA

Buying, Selling any Kind of Real Estate or just need friendly advice call
RE/MAX
DALVIR 'DIL' NIJJAR
Realtor,
Lic # 01418648
2081 Arena Blvd. @ 100
Sacramento CA 95835

916-628-2210
Dil.realtor@gmail.com

ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

Kash FABRICS



ਸਾਡੀ ਸਪੈਸ਼ਲਟੀ

* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।

Appointments & Walk-Ins Welcome
Tuesday - Sunday: 11 AM - 8 PM



ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair



KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
Like us on Facebook | Follow us on Instagram

INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..



ਕਸ਼ਮੀਰ ਸਿੰਘ ਹੀਰਾ



ਬਰਿੰਦਰ ਬੰਗੜ

Super Eyebrow Threading Now Open
Eyebrow Threading & Henna Tattoo
7 times, Get 8th one free!



Inside India Market

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD.
# 100 ROSEVILLE, CA 95747
916- 786-7666

Cell : 916-798-8142
Email: IndiaMarketRoseville@gmail.com

Raja SWEETS & CATERING
AUTHORIZED CATERER FOR MAJOR 5-STAR HOTELS



ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on: facebook rajasweetsandcatering
Follow us on Twitter rajasweets

INDIA BAZAAR




INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS

CALL TO HAPPY
Cell: (209)-487-2127
Ph: (209) 478-0285
Fax: (209) 477-3206

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com

# 25 ਮਾਰਚ ਨੂੰ ਹੋ ਰਹੇ '18ਵੇਂ ਮੇਲਾ ਗਦਰੀ ਬਾਬਿਆਂ ਦਾ' ਦੀਆਂ ਤਿਆਰੀਆਂ ਮੁਕੰਮਲ




**ਫਰਿਜ਼ਨੋਂ (ਕੁਲਵੀਰ ਹੇਅਰ)-** ਹਰ ਸਾਲ੍ਹ ਦੀ ਤਰ੍ਹਾਂ ਇਸ ਸਾਲ ਵੀ ਗਦਰੀ ਬਾਬਿਆਂ ਦੀ ਯਾਦ ਵਿਚ 'ਮੇਲਾ ਗਦਰੀ ਬਾਬਿਆਂ ਦਾ' ਫਰਿਜ਼ਨੋਂ ਦੀ ਸੰਸਥਾ ਇੰਡੋ ਅਮੈਰੀਕਨ ਹੈਰੀਟੇਜ ਫੋਰਮ ਵਲੋਂ 25 ਮਾਰਚ ਦਿਨ ਐਤਵਾਰ ਨੂੰ ਸੈਂਟਰਲ ਹਾਈ ਸਕੂਲ (ਈਸਟ), ਜਿਮਨੇਜ਼ੀਅਮ 3535 ਨੋਰਥ ਕਰਨੀਲੀਆ ਐਵਨਿਊ, ਫਰਿਜ਼ਨੋ, (ਕਰਨੀਲੀਆ ਅਤੇ ਡਕੋਟਾ ਦੇ ਕੌਰਨਰ 'ਤੇ) ਵਿਖੇ ਬਹੁਤ ਹੀ ਉਤਸ਼ਾਹ ਨਾਲ ਕਰਵਾਇਆ ਜਾ ਰਿਹਾ ਹੈ। ਇਸ ਮੇਲੇ ਦੀਆਂ ਤਿਆਰੀਆਂ ਸਬੰਧੀ ਇਕ ਅਹਿਮ ਮੀਟਿੰਗ ਫੋਰਮ ਦੇ ਪ੍ਰਧਾਨ ਗੁਰਦੀਪ ਸਿੰਘ ਗਿੱਲ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਮੇਲੇ ਦੀਆਂ ਤਿਆਰੀਆਂ ਦਾ ਜ਼ਾਇਜ਼ਾ ਲਿਆ ਗਿਆ। ਇਸ 18ਵੇਂ ਮੇਲੇ ਬਾਰੇ ਜਾਣਕਾਰੀ ਦਿੰਦਿਆਂ ਫੋਰਮ ਦੇ ਸੈਕਟਰੀ ਸੁਰਿੰਦਰ ਮੰਢਾਲੀ ਨੇ ਦੱਸਿਆ ਕਿ ਇਹ ਮੇਲਾ ਸਾਨਫਰਾਂਸਿਸਕੋ ਸਾਜਿਸ਼ ਕੇਸ ਅਤੇ ਦੇਸ਼ ਦੇ ਹੋਰ ਸ਼ਹੀਦਾਂ ਨੂੰ ਸਮਰਪਿਤ ਹੈ। ਮੇਲੇ ਦੇ ਮੁੱਖ ਮਹਿਮਾਨ 'ਤੇ ਬੁਲਾਰੇ ਵਜੋਂ ਡਾ. ਹਰਸ਼ਿੰਦਰ ਕੌਰ ਪਟਿਆਲਾ ਅਤੇ ਸ. ਜਰਨੈਲ ਸਿੰਘ ਅੱਚਰਵਾਲ ਹੋਣਗੇ। ਇਸ ਮੇਲੇ ਵਿਚ ਬੱਚਿਆਂ ਦੁਆਰਾ ਗੀਤ, ਕਵਿਤਾਂ, ਭਾਸ਼ਨ, ਗਿੱਧਾ, ਭੰਗੜਾ ਤੋਂ ਇਲਾਵਾ ਉਚ ਕੋਟੀ ਦੇ ਕਲਾਕਾਰ ਗਾਇਕ ਜੀਤਾ ਗਿੱਲ, ਗਾਇਕ ਹਰਜੀਤ ਸਿੰਘ ਮਰਸਿਡ ਅਤੇ ਰਾਜ ਬਰਾੜ ਵਲੋਂ ਗਦਰੀ ਬਾਬਿਆਂ ਦੇ ਇਨਕਲਾਬੀ ਗੀਤ ਸੰਗੀਤ ਪੇਸ਼ ਕੀਤਾ ਜਾਵੇਗਾ।ਪ੍ਰਸਿੱਧ ਮੰਚ ਸੰਚਾਲਿਕਾ ਆਸ਼ਾ ਸ਼ਰਮਾ ਵਲੋਂ ਸਟੇਜ ਸੰਭਾਲੀ ਜਾਵੇਗੀ ਅਤੇ ਇਸ ਮੌਕੇ ਪਹੁੰਚੇ ਹੋਏ ਉੱਚ ਕੋਟੀ ਦੇ ਬੁਲਾਰਿਆਂ ਵਲੋਂ ਦੇਸ਼ ਦੇ ਗਦਰੀ ਇਤਿਹਾਸ ਬਾਰੇ ਵਿਸਥਾਰ-ਪੂਰਵਕ ਜਾਣਕਾਰੀ ਦਿੱਤੀ ਜਾਵੇਗੀ।ਇਸ ਮੇਲੇ ਤੇ ਫੋਰਮ ਵਲੋਂ ਇਕ ਸੋਵੀਨਾਰ ਵੀ ਕੱਢਿਆ ਜਾਵੇਗਾ ਅਤੇ ਵੱਧ ਨੰਬਰ ਲੈ ਕੇ ਪਾਸ ਹੋਣ ਵਾਲੇ ਬੱਚਿਆਂ ਨੂੰ ਖਾਸ ਤੌਰ ਤੇ ਸਨਮਾਨਿਤ ਕੀਤਾ ਜਾ ਰਿਹਾ ਹੈ।

ਇਸ ਮੌਕੇ ਸਮੁੱਚੀ ਸੰਸਥਾ ਵਲੋਂ ਇਕ ਖੁੱਲ੍ਹਾ ਸੱਦਾ ਦਿੰਦਿਆਂ ਕਿਹਾ ਕਿ ਆਉ ਸਭ ਪਰਿਵਾਰਾਂ ਸਮੇਤ ਇਕੱਤਰ ਹੋ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕਰੀਏ ਅਤੇ ਆਪਣੇ ਬੱਚਿਆਂ ਨੂੰ ਇਸ਼ ਸ਼ਾਨਾਮੱਤੇ ਇਤਿਹਾਸ ਤੋਂ ਜਾਣੂੰ ਕਰਵਾਈਏ। ਇਸ ਮੀਟਿੰਗ ਵਿਚ ਫੋਰਮ ਦੇ ਮੈਂਬਰ ਅਤੇ ਹੋਰ ਸਹਿਯੋਗੀ ਵੀ ਹਾਜ਼ਰ ਸਨ।

## ਪ੍ਰਸਿੱਧ ਰੰਗਕਰਮੀ ਅਤੇ ਸ਼ਰੋਮਣੀ ਨਾਟਕਕਾਰ ਦਵਿੰਦਰ ਦਮਨ ਅਮਰੀਕਾ ਅਤੇ ਕੈਨੇਡਾ ਦੌਰੇ 'ਤੇ

**ਡੇਟਨ (ਟੈਕਸਸ)-** ਪ੍ਰਸਿੱਧ ਰੰਗਕਰਮੀ ਅਤੇ ਸ਼ਰੋਮਣੀ ਨਾਟਕਕਾਰ ਸ਼੍ਰੀ ਦਵਿੰਦਰ ਦਮਨ ਅਜਕਲ੍ਹ ਅਮਰੀਕਾ ਅਤੇ ਕਨੇਡਾ ਦੇ ਦੌਰੇ ਤੇ ਹਨ। ਪਹਿਲਾਂ ਉਹ ਅਪਣੀ ਅਧੂਰੀ ਪਈ ਅੰਗਰੇਜ਼ੀ ਫਿਲਮ 'ਜਨਵਰੀ' ਦੀ ਪੂਰਤੀ ਲਈ ਹਾਲੀਵੁੱਡ ਜਾਣਗੇ ਅਤੇ ਫਿਰ ਉਹ ਕਈ ਥਾਵਾਂ ਤੇ ਅਪਣੀ ਪ੍ਰਸਿੱਧ ਤਕਨੀਕ 'ਯੋਗਿਕ ਵੇਅ ਆਫ ਐਕਟਿੰਗ' ਦੁਆਰਾ ਐਕਟਿੰਗ ਵਰਕਸ਼ਾਪਾਂ ਲਾਉਣਗੇ । ਉਹ ਪਹਿਲਾਂ ਵੀ ਇਸ ਤਕਨੀਕ ਦੁਆਰਾ ਅਮਰੀਕਨ, ਸਪੈਨਿਸ਼, ਇਟੈਲੀਅਨ ਅਤੇ ਨਾਇਜ਼ੇਰੀਅਨ ਰੰਗਕਰਮੀਆਂ ਦੀਆਂ ਡੈਲਾਸ (ਟੈਕਸਾਸ) ਵਿਚ ਵਰਕਸ਼ਾਪਾਂ ਅਯੋਜਿਤ ਕਰ ਚੁੱਕੇ ਹਨ। ਇਸ ਤੋਂ ਇਲਾਵਾ ਅਪਰੈਲ ਮਹੀਨੇ ਵਿਚ ਉਹ ਪ੍ਰੋਗਰੈਸਿਵ ਆਰਟ ਐਸੋਸੀਏਸ਼ਨ ਆਫ ਅਲਬਰਟਾ ਦੇ ਸੱਦੇ ਤੇ



ਕਨੈਡਾ ਅਪਣਾ ਪ੍ਰਸਿਧ ਨਾਟਕ 'ਸੂਰਜ ਦਾ ਕਤਲ' ਤਿਆਰ ਕਰਵਾਉਣਗੇ ਜਿਸਦੀਆਂ ਅਮਰੀਕਾ ਅਤੇ ਕਨੈਡਾ ਵਿਚ ਕਈ ਥਾਵਾਂ ਤੇ ਪੇਸ਼ਕਾਰੀਆਂ ਕਰਨ ਦੀ ਤਜਵੀਜ਼ ਹੈ।

ਚੇਤੇ ਰਹੇ ਕਿ ਪਹਿਲਾਂ ਵੀ ਉਹ 2013 ਤੋਂ 2017 ਦੌਰਾਨ ਅਪਣੇ ਤਿੰਨ ਨਾਟਕ 'ਨਿਸ਼ਾਨੇ-ਗ਼ਦਰ', 'ਕਾਮਾਗਾਟਾ ਮਾਰੂ' ਅਤੇ 'ਬੰਦਾ ਬਹਾਦਰ' ਦੀਆਂ ਕਨੈਡਾ ਅਤੇ ਅਮਰੀਕਾ ਵਿਚ ਕਈ ਥਾਵਾਂ ਤੇ ਸਫ਼ਲਤਾ ਪੂਰਵਿਕ ਪੇਸ਼ਕਾਰੀਆਂ ਕਰ ਚੁਕੇ ਹਨ। ਇਹ ਤਿੰਨੇ ਨਾਟਕ ਐਡਮਿੰਟਨ ਦੇ ਸਥਾਨਕ ਕਲਾਕਰਾਂ ਨੂੰ ਹੀ ਤਿਆਰ ਕਰਵਾਕੇ ਖੇਡੇ ਗਏ ਸਨ। ਦਮਨ ਨਾਲ ਸੰਪਰਕ ਲਈ ਈ-ਮੇਲ (davinderdaman@gmail.com) ਦੁਆਰਾ ਕੀਤਾ ਜਾ ਸਕਦਾ ਹੈ

## ਜਨਾਬ ਪਿਆਰੇ ਲਾਲ ਵਡਾਰੀ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ



**ਰੋਮ/ਇਟਲੀ (ਕੈਂਥ)-** ਅੱਜ ਦੇ ਦੌਰ ਵਿਚ ਸੂਫੀ ਗਾਇਕੀ ਨੂੰ ਬੁਲੰਦੀਆਂ 'ਤੇ ਪਹੁੰਚਾਉਣ ਵਾਲੇ ਵਡਾਰੀ ਭਰਾਵਾਂ 'ਚ ਜਨਾਬ ਪਿਆਰੇ ਲਾਲ ਵਡਾਲੀ ਦੇ ਦੁਨੀਆਂ ਨੂੰ ਅਲਵਿਦਾ ਕਹਿ ਜਾਣ ਕਾਰਨ ਉਹਨਾਂ ਦੀ ਸੂਫੀਆਨਾ ਗਾਇਕੀ ਕਲਾ ਦੇ ਮੁਰੀਦ ਸਰੋਤਿਆਂ ਦੇ ਹਿਰਦੇ ਵਲੂੰਧਰੇ ਗਏ ਹਨ। ਅਜੋਕੇ ਸਮੇਂ ਵਿਚ ਪੰਜਾਬੀ ਗਾਇਕੀ ਜਿਸ ਮੋੜ ਵੱਲ ਵੱਧ ਰਹੀ ਹੈ, ਅਜਿਹੇ ਸਮੇਂ 'ਚ ਵੀ ਵਡਾਰੀ ਭਰਾਵਾਂ ਨੇ ਆਪਣੀ ਦਮਦਾਰ ਤੇ ਸੂਫੀ ਗਾਇਕੀ ਨਾਲ ਧਾਕ ਜਮਾਈ ਅਤੇ ਰਾਸ਼ਟਰੀ ਮੈਡਲਾਂ ਨਾਲ ਸਨਮਾਨੇ ਗਏ। ਅਜਿਹੀ ਕਾਮਯਾਬੀ ਪਾਉਣ ਵਾਲੇ ਉਹ ਪੰਜਾਬ ਦੇ ਵਿਰਲੇ ਗਾਇਕ ਹੀ ਹਨ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਇਟਲੀਅਲ ਪੰਜਾਬੀ ਪ੍ਰੈਸ ਇਟਲੀ ਦੇ ਆਗੂ ਸ੍ਰੀ ਬਲਜੀਤ ਭੌਰਾ ਨੇ ਕਰਦਿਆਂ ਕਿਹਾ ਕਿ ਮਰਹੂਮ ਪਿਆਰੇ ਲਾਲ ਵਡਾਰੀ ਦੀ ਬੇਵਕਤ ਜੁਦਾਈ ਨੇ ਪੂਰੀ ਦੁਨੀਆਂ ਨੇ ਪੰਜਾਬੀ ਸੂਫੀਆਨਾ ਗਾਇਕੀ ਕਲਾ ਦੇ ਚਾਹੁਣ ਵਾਲਿਆਂ ਨੂੰ ਝੰਜੋੜ ਕੇ ਰੱਖ ਦਿੱਤਾ ਕਿਉਂਕਿ ਇਹ ਘਾਟਾ ਅਸਹਿ ਹੈ। ਰਹਿੰਦੀ ਦੁਨੀਆਂ ਤੱਕ ਲੋਕ ਉਹਨਾਂ ਨੂੰ ਦਿਲਾਂ ਅੰਦਰ ਵਸਾ ਕੇ ਰੱਖਣਗੇ। ਇਸ ਮੌਕੇ ਉੱਘੇ ਗੀਤਕਾਰ ਸ੍ਰੀ ਪਵਨ ਵਿਰਕ, ਵਿਜੈ ਕੁਮਾਰ ਰਾਜੂ, ਮਨਜੀਤ ਪ੍ਰੀਤ, ਗੀਤਕਾਰ ਪਵਿੱਤਰ ਸਿੰਘ ਬਿੰਦਰਾ, ਇਟਲੀ ਦੇ ਨਾਮੀ ਸਭਿਆਚਾਰਕ ਪ੍ਰਮੋਟਰ ਮਨਦੀਪ ਸਿੰਘ ਸੈਣੀ ਅਤੇ ਯੂਰਪ ਦੀ ਲੋਕ ਗਾਇਕਾ ਸਾਜ਼ੀਆ ਜੱਜ ਨੇ ਵੀ ਜਨਾਬ ਪਿਆਰੇ ਲਾਲ ਵਡਾਲੀ ਦੀ ਬੇਵਕਤ ਮੌਤ ਉਪਰ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ। ਅਦਾਰਾ 'ਦੇਸ਼ ਦੁਆਬਾ' ਜਨਾਬ ਪਿਆਰੇ ਲਾਲ ਵਡਾਲੀ ਦੀ ਬੇਵਕਤੀ ਮੌਤ ਤੇ ਦੁੱਖ ਦਾ ਪ੍ਰਗਟਾਵਾ ਕਰਦਾ ਹੈ।

SKY TRANSPORT SOLUTIONS
STRIVE FOR MORE
ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ
WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.
SPECIAL DOT COMPLIANCE FOR SAFETY, AUDITS AND RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
2680 N TRACY BLVD, SUITE 4, TRACY, CA 95376

# 29ਵਾਂ ਵਿਸਾਖੀ ਮੇਲਾ ਪੀ.ਸੀ.ਐਸ.ਸੈਕਰਾਮੈਂਟੋ ਵੱਲੋਂ 5 ਮਈ ਨੂੰ



**ਸੈਕਰਾਮੈਂਟੋ (ਬਿਊਰੋ)–** ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ ਵੱਲੋਂ 10 ਮਾਰਚ 2018 ਦਿਨ ਸਨਿਚਰਵਾਰ ਨੂੰ 3 ਵਜੇ ਮਾਊਂਟ ਮਾਈਕ ਪੀਜਾ ਵਿਖੇ ਹੈੱਡਮਾਸਟਰ ਮੱਖਣ ਸਿੰਘ ਦੀ ਪ੍ਰਧਾਨਗੀ ਹੇਠ 29ਵੇਂ ਵਿਸਾਖੀ ਮੇਲੇ ਸਬੰਧੀ ਵਿਚਾਰ ਵਟਾਂਦਰਾ ਕਰਨ ਲਈ ਮੀਟਿੰਗ ਹੋਈ। ਇਹ ਮੇਲਾ 5 ਮਈ ਦਿਨ ਸਨਿਚਰਵਾਰ ਨੂੰ 3 ਵਜੇ ਸ਼ੈਲਡਨ ਲਾਈਟ ਸਕੂਲ ਵਿਖੇ ਹੋ ਰਿਹਾ ਹੈ। ਮੀਟਿੰਗ ਵਿਚ ਰਸ਼ਪਾਲ ਸਿੰਘ ਫਰਵਾਲਾ ਵੱਲੋਂ ਪਿਛਲੇ ਸਾਲ ਦੇ ਆਮਦਨ ਤੇ ਖਰਚ ਦਾ ਵੇਰਵਾ ਸਾਰੇ ਮੌਜੂਦ ਮੈਂਬਰਾਂ ਨਾਲ ਸਾਂਝਾ ਕੀਤਾ ਗਿਆ, ਜਿਸ ਨੂੰ ਸਰਬ-ਸੰਮਤੀ ਨਾਲ ਪਾਸ ਕੀਤਾ ਗਿਆ। ਉਸ ਤੋਂ ਬਾਅਦ ਮੇਲੇ ਨੂੰ ਖੂਬਸੂਰਤ ਤੇ ਪ੍ਰਭਾਵਸ਼ਾਲੀ ਢੰਗ ਨਾਲ ਮਨਾਉਣ ਲਈ ਸੁਝਾਅ ਮੰਗੇ।

ਪੰਜਾਬੀ ਕਲਚਰਲ ਸੁਸਾਇਟੀ ਸਾਲ ਵਿਚ 2 ਸਭਿਆਚਾਰਕ ਮੇਲੇ ਕਰਵਾਉਂਦੀ ਹੈ। ਇਕ ਵਿਸਾਖੀ ਅਤੇ ਦੂਜਾ ਤੀਆਂ ਦਾ। ਸਾਡਾ ਇਕੋ ਹੀ ਮਕਸਦ ਹੈ ਕਿ ਭਾਵੇਂ ਅਸੀਂ ਹਜ਼ਾਰਾਂ ਮੀਲ ਦੂਰ ਆਪਣੀ ਧਰਤੀ ਤੋਂ ਬੈਠੇ ਹਾਂ ਪਰ ਅਸੀਂ ਆਪਣੇ ਬੱਚਿਆਂ ਨੂੰ ਤੇ ਇੱਥੋਂ ਦੀ ਕਮਿਊਨਿਟੀ ਨੂੰ ਆਪਣੇ ਵਿਰਸੇ ਤੇ ਸਭਿਆਚਾਰ ਨਾਲ ਜੋੜਨ ਦਾ ਉਪਰਾਲਾ ਕਰ ਰਹੇ ਹਾਂ।

ਇਸ ਮੇਲੇ 'ਚ ਗਿੱਧਾ, ਭੰਗੜਾ, ਗੀਤ-ਸੰਗੀਤ ਤੇ ਸਕਿੱਟ ਪੇਸ਼ ਕੀਤਾ ਜਾਵੇਗਾ। ਮੇਲੇ ਵਿਚ ਉੱਘੀਆਂ ਸ਼ਖਸੀਅਤਾਂ ਨੂੰ ਸਨਮਾਨਿਤ ਕੀਤਾ ਜਾਵੇਗਾ। ਮੇਲੇ ਦੀ ਫੀਸ ਨਹੀਂ ਹੈ। ਸਕਿਊਰਟੀ ਦਾ ਬਹੁਤ ਹੀ ਵਧੀਆ ਪ੍ਰਬੰਧ ਹੁੰਦਾ ਹੈ। ਸਟੇਜ ਸਕੱਤਰ ਦਾ ਕੰਮ ਜਸਵੰਤ ਸਿੰਘ ਸ਼ਾਦ ਕਰਨਗੇ।

ਅਖੀਰ ਵਿਚ ਸੁਸਾਇਟੀ ਦੇ ਫਾਊਂਡਰ ਰਸ਼ਪਾਲ ਸਿੰਘ ਫਰਵਾਲਾ ਨੇ ਆਏ ਸਮੂਹ ਮੈਂਬਰਾਂ ਦਾ ਧੰਨਵਾਦ ਕੀਤਾ। ਸਮੁੱਚੇ ਭਾਈਚਾਰੇ ਨੂੰ ਅਪੀਲ ਕੀਤੀ ਕਿ ਪਿਛਲੇ ਸਾਲ ਵਾਂਗ ਇਸ ਮੇਲੇ 'ਤੇ ਪਹੁੰਚ ਕੇ ਪੰਜਾਬੀ ਸਭਿਆਚਾਰ ਦੀ ਪੇਸ਼ਗੀ ਦਾ ਆਨੰਦ ਮਾਨਣ ਦੇ ਨਾਲ ਕਲਾਕਾਰਾਂ ਦੀ ਕੀਤੀ ਮਿਹਨਤ ਲਈ ਉਹਨਾਂ ਦੀ ਹੌਸਲਾ ਅਫਜ਼ਾਈ ਕੀਤੀ ਜਾਵੇ।

ਮੀਟਿੰਗ ਵਿਚ ਹਾਜ਼ਰ ਮੈਂਬਰ, ਭੀਲੀ ਸਿੰਘ ਸੰਧੂ, ਸੁਖਰਾਜ ਔਲਖ, ਅਮਰੀਕ ਪਰਹਾਰ, ਤੀਰਥ ਸਹੋਤਾ, ਪਰਮਜੀਤ ਢਿੱਲੋਂ, ਜਤਿੰਦਰ ਬੀਸਲਾ, ਅਜੈਬ ਕਾਹਲੋਂ, ਦੇਬੀ ਗਿੱਲ, ਜਸਵੰਤ ਸ਼ਾਦ, ਵਰਿੰਦਰ ਸੰਘੇੜਾ, ਕਮਲ ਬੰਗਾ, ਅਵਤਾਰ ਡੌਡ, ਯਾਦਵਿੰਦਰ ਗਿੱਲ, ਬਖਸ਼ੀਸ਼ ਗਿੱਲ, ਵਿਜੇ ਪਰਹਾਰ, ਰਾਜ ਬਰਾੜ, ਬਲਦੇਵ ਗਰੇਵਾਲ, ਗੁਰਪਾਲ ਤੱਖਰ, ਮਾਧੋ ਚਾਹਲ, ਮੱਖਣ ਸਿੰਘ, ਰਸ਼ਪਾਲ ਫਰਵਾਲਾ, ਕੈਵਨ ਗਿੱਲ ਆਦਿ ਸ਼ਾਮਲ ਹੋਏ।

# ਸਿੱਖ ਟੈਂਪਲ ਟਾਇਰਾ ਬੁਇਨਾ, ਯੂਬਾ ਸਿਟੀ ਦੇ ਇਸ ਹਫਤੇ ਦੇ ਸਮਾਗਮ



14 ਮਾਰਚ 2018 ਦਿਨ ਬੁੱਧਵਾਰ ਚੇਤ ਦੀ ਸੰਗਰਾਂਦ 'ਤੇ ਸਾਧ ਸੰਗਤ ਦੁਆਰਾ ਸਪੈਸ਼ਲ ਸਵੇਰੇ ਅਤੇ ਸ਼ਾਮ ਦੇ ਦੀਵਾਨ ਅਤੇ ਲੰਗਰ ਸੇਵਾ।

16 ਮਾਰਚ 2018 ਸ਼ੁੱਕਰਵਾਰ ਪਵਨਜੀਤ ਕੌਰ ਮਾਨ ਪੁੱਤਰੀ ਸ. ਪਰਮਜੀਤ ਸਿੰਘ ਮਾਨ ਦੇ ਵਿਆਹ ਦਾ ਸਮਾਗਮ

17 ਮਾਰਚ ਦਿਨ ਸ਼ਨਿਚਰਵਾਰ ਕਿਰਨਦੀਪ ਕੌਰ ਖਿਆੜਾ ਪੁੱਤਰੀ ਸ. ਰਾਮ ਸਿੰਘ ਖਿਆੜਾ ਦਾ ਸ਼ੁਭ ਵਿਆਹ ਗੁਰੂ ਘਰ ਵਿਖੇ।

17 ਮਾਰਚ 2018 ਦਿਨ ਸ਼ਨਿਚਰਵਾਰ ਨੂੰ ਵਿਸ਼ੇਸ਼ ਸ਼ਾਮ ਦੇ ਦੀਵਾਨ ਸਰਬ ਰੋਗਕਾ ਅਉਖਦ ਨਾਮ।

ਹਰ ਰੋਜ਼ ਸ਼ਾਮ ਦੇ ਵਕਤ ਲੜੀਵਾਰ ਕਥਾ ਸ਼ਾਮੀ 7 ਤੋਂ 7.30 ਵਜੇ। ਭਾਈ ਹਰਮਨ ਪ੍ਰੀਤ ਸਿੰਘ ਜੀ ਖਾਲਸਾ ਕਥਾ ਕਰਨਗੇ।

ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਬੇਨਤੀ ਹੈ ਕਿ ਸਮੂਹ ਸਾਧ ਸੰਗਤ ਜੀ ਪਰਿਵਾਰਾਂ ਸਮੇਤ ਗੁਰੂ ਘਰ ਹਾਜ਼ਰੀਆਂ ਭਰੋ ਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

# 'ਸਾਂਝੀ ਸੋਚ' ਦਾ 5 ਵਾਂ ਵਰੇਗੰਢ ਦਾ ਸਮਾਗਮ ਟਰੇਸੀ 'ਚ ਹੋਇਆ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਸਪਤਾਹਿਕ ਅਖ਼ਬਾਰ 'ਸਾਂਝੀ ਸੋਚ' ਦੀ ਪੰਜਵੀਂ ਵਰੇਗੰਢ ਪ੍ਰਬੰਧਕਾਂ ਵਲੋਂ ਪ੍ਰਭਾਵਸ਼ਾਲੀ ਢੰਗ ਨਾਲ ਮਨਾਈ ਗਈ। ਟਰੇਸੀ ਦੇ ਬੈਂਕੁਟ ਹਾਲ 'ਚ ਹੋਏ ਸਮਾਗਮ ਵਿਚ ਪ੍ਰਸ਼ਾਸਨਿਕ ਅਧਿਕਾਰੀਆਂ ਤੇ ਅਮਰੀਕਾ ਦੀਆਂ ਹੋਰ ਅਨੇਕਾਂ ਅਹਿਮ ਹਸਤੀਆਂ ਸਮੇਤ ਕੋਈ 500 ਦੇ ਕਰੀਬ ਸੱਜਣਾਂ ਮਿੱਤਰਾਂ, ਸਹਿਯੋਗੀਆਂ, ਔਰਤਾਂ ਅਤੇ ਬੱਚਿਆਂ ਨੇ ਹਿੱਸਾ ਲਿਆ। ਨਿਸ਼ਚਤ ਸਮੇਂ ਤੋਂ ਕੋਈ ਅੱਧਾ ਘੰਟਾ ਦੇਰੀ ਨਾਲ ਸ਼ਾਮ 5.30 ਵਜੇ ਰਿਬਨ ਕੱਟ ਕੇ ਸਮਾਗਮ ਦੀ ਸ਼ੁਰੂਆਤ ਕੀਤੀ। ਰਿਬਨ ਕੱਟਣ ਦੀ ਰਸਮ ਮੌਕੇ ਮੰਚ ਉਪਰ ਮੁੱਖ ਮਹਿਮਾਨ ਅਨੋਖ ਸਿੰਘ ਸਾਬਕਾ ਚੀਫ਼ ਸਬ ਐਡੀਟਰ 'ਅਜੀਤ', ਅਸ਼ੋਕ ਸ਼ਰਮਾ ਨਾਭੇ ਵਾਲੇ ਐਡਵੋਕੇਟ ਪੰਜਾਬ ਹਰਿਆਣਾ ਹਾਈਕੋਰਟ, ਪਾਲ ਸਹੋਤਾ, ਰਾਣਾ ਗਿੱਲ, ਅਵਤਾਰ ਗਿੱਲ, ਗੁਰਜਤਿੰਦਰ ਰੰਧਾਵਾ ਸੰਪਾਦਕ ਪੰਜਾਬ ਮੇਲ, ਗੁਰੀ ਕੰਗ, ਗੁਰਮੀਤ ਸਿੰਘ ਗਾਜੀਆਣਾ, ਇੰਦਰਜੀਤ ਸਿੰਘ ਕਾਲੀਰਾਏ, ਸਰਦੂਲ ਸਿੰਘ ਬਾਜਵਾ ਤੇ ਚੀਫ਼ ਰਿਪੋਰਟਰ ਮਹਿੰਦਰ ਸਿੰਘ ਕੰਡਾ ਹਾਜ਼ਰ ਸਨ। ਉਪਰੰਤ ਗੁਰਦੁਆਰਾ ਸਾਹਿਬ ਮੋਡੈਸਟੋ ਦੇ ਰਾਗੀ ਜਥੇ ਭਾਈ ਮਨਜੀਤ ਸਿੰਘ ਤੇ ਭਾਈ ਅਮਰਜੀਤ ਸਿੰਘ ਨੇ ਧਾਰਮਿਕ ਗੀਤ ਨਾਲ ਹਾਜ਼ਰੀ ਲਵਾਈ। ਬਾਅਦ ਵਿਚ ਪੰਜਾਬੀ ਸਭਿਆਚਾਰ ਨਾਲ ਜੁੜੀਆਂ ਭੰਗੜਾ ਤੇ ਗਿੱਧਾ ਟੀਮਾਂ ਤੋਂ ਇਲਾਵਾ ਗਾਇਕਾਂ ਨੇ ਸਰੋਤਿਆਂ ਦਾ ਭਰਪੂਰ ਮਨੋਰੰਜਨ ਕੀਤਾ। ਸੰਨੀ ਬੱਬਰ, ਸਤਵਿੰਦਰ ਸੱਤੀ, ਜੀਤਾ ਗਿੱਲ, ਦੇਵਿੰਦਰ ਪੰਮੀ, ਜੋਤ ਰਣਜੀਤ, ਰਬੀਨਾ ਉੱਪਲ, ਸਿਮਰਨ ਰਾਏ ਤੇ ਅਵਨੂਰ ਨੇ ਆਪੋ-ਆਪਣੇ ਗੀਤਾਂ ਰਾਹੀਂ ਹਾਜਰੀ ਲਵਾਈ। ਮਨਟਿਕਾ ਦੇ ਪਰਮ ਦੀ ਭੰਗੜਾ ਟੀਮ ਤੇ ਨੋਨੀ ਮੋਹਰ ਦੀ ਅਗਵਾਈ ਵਾਲੀ ਗਿੱਧਾ ਟੀਮ ਨੇ ਖੂਬ ਧਮਾਲ ਪਾਈ। ਬੱਚੀ ਅਰਵੀਨ ਨੇ ਆਈਟਮ ਸੌਂਗ 'ਤੇ ਡਾਂਸ ਕਰਕੇ ਸਭ ਦਾ ਮੰਨ ਮੋਹ ਲਿਆ। 'ਸਾਂਝੀ ਸੋਚ' ਅਖ਼ਬਾਰ ਦੇ ਸਹਿਯੋਗੀ ਅਦਾਰਿਆਂ, ਅਦਾਰਿਆਂ ਦੇ ਮਾਲਕਾਂ ਤੇ ਸੱਜਣਾਂ ਮਿੱਤਰਾਂ ਨੂੰ ਵਿਸ਼ੇਸ਼ ਟਰਾਫ਼ੀਆਂ ਤੇ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਗਿਆ। ਰਾਬਰ ਗਿਰਮੈਨ ਮੇਅਰ ਨੇ ਸਮਾਗਮ ਨੂੰ ਸੰਬੋਧਨ ਕਰਦਿਆਂ 'ਸਾਂਝੀ ਸੋਚ' ਅਖ਼ਬਾਰ ਵਲੋਂ ਪੰਜਾਬੀ ਭਾਈਚਾਰੇ ਤੇ ਅਮਰੀਕੀ ਭਾਈਚਾਰੇ ਵਿਚਾਲੇ ਨੇੜਤਾ ਲਿਆਉਣ ਲਈ ਨਿਭਾਈਆਂ ਜਾ ਰਹੀਆਂ ਸੇਵਾਵਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਸਮਾਜਿਕ ਸਰੋਕਾਰਾਂ ਨੂੰ ਸਮਰਪਿਤ ਇਹ ਅਖ਼ਬਾਰ ਅਮਰੀਕੀ ਸਮਾਜ ਵਿਚ ਅਹਿਮ ਭੂਮਿਕਾ ਨਿਭਾਅ ਰਹੀ ਹੈ। 10 ਇਨਾਮ ਕੱਢੇ ਗਏ। ਇਨ੍ਹਾਂ ਇਨਾਮਾਂ ਵਿਚ ਸੋਨੇ ਦੀ ਚੇਨ, ਸੋਨੇ ਦੀਆਂ ਮੁੰਦਰੀਆਂ, 50 ਇੰਚ ਦਾ ਟੀ. ਵੀ., ਇਕ ਲੈਪਟਾਪ, ਪੰਜਾਬੀ ਸੂਟ, ਇਕ ਘੜੀ ਤੇ 3 ਗਿਫ਼ਟ ਕਾਰਡ ਸ਼ਾਮਲ ਸਨ। ਸਮਾਗਮ ਦੇ ਅੰਤ ਵਿਚ ਬੂਟਾ ਸਿੰਘ ਬਾਸੀ ਸੰਪਾਦਕ 'ਸਾਂਝੀ ਸੋਚ' ਨੇ ਸਮਾਗਮ ਵਿਚ ਪੁੱਜੇ ਪਤਵੰਤੇ ਸੱਜਣਾਂ ਮਿੱਤਰਾਂ ਤੇ ਕਾਰੋਬਾਰੀ ਅਦਾਰਿਆਂ ਦਾ ਧੰਨਵਾਦ ਕੀਤਾ।



# ਪਾਕਿ 'ਚ ਪਹਿਲੀ ਹਿੰਦੂ ਦਲਿਤ ਮਹਿਲਾ ਨੇ ਸੈਨੇਟਰ ਵਜੋਂ ਚੁੱਕੀ ਸਹੁੰ

ਇਸਲਾਮਾਬਾਦ- ਪਾਕਿਸਤਾਨ ਦੀ ਪਹਿਲੀ ਹਿੰਦੂ ਦਲਿਤ ਮਹਿਲਾ ਸੈਨੇਟਰ ਕ੍ਰਿਸ਼ਨਾ ਕੁਮਾਰੀ ਕੋਲੀ (39) ਨੇ ਸੈਨੇਟਰ ਵਜੋਂ ਸਹੁੰ ਚੁੱਕੀ। ਕੁਲ 51 ਸੈਨੇਟਰਾਂ ਨੂੰ ਉਪਰਲੇ ਸਦਨ ਲਈ ਚੁਣਿਆ ਗਿਆ ਹੈ। ਉਹ ਸਿੰਧ ਸੂਬੇ ਦੇ ਥਾਰ 'ਚ ਨਗਰਪਾਰਕਰ ਜ਼ਿਲ੍ਹੇ ਦੇ ਧੁਰ ਅੰਦਰ ਪੈਂਦੇ ਪਿੰਡ ਨਾਲ ਸਬੰਧਤ ਹੈ। ਕੋਲੀ ਨੂੰ ਬਿਲਾਵਲ ਭੁੱਟੋ ਜ਼ਰਦਾਰੀ ਦੀ



ਅਗਵਾਈ ਹੇਠਲੀ ਪਾਕਿਸਤਾਨ ਪੀਪਲਜ਼ ਪਾਰਟੀ (ਪੀਪੀਪੀ) ਨੇ ਸਿੰਧ ਤੋਂ ਘੱਟ ਗਿਣਤੀ ਸੀਟ ਤੋਂ ਸੈਨੇਟਰ ਬਣਾਇਆ ਹੈ।

ਪ੍ਰੀਜ਼ਾਈਡਿੰਗ ਅਫ਼ਸਰ ਸਰਦਾਰ ਯਾਕੂਬ ਖ਼ਾਨ ਨਾਸਰ ਨੇ 3 ਮਾਰਚ ਨੂੰ ਚੁਣੇ ਗਏ ਸੈਨੇਟਰਾਂ ਨੂੰ ਹਲਫ਼ ਦਿਵਾਇਆ। ਪਨਾਮਾ ਦਸਤਾਵੇਜ਼ ਘੁਟਾਲੇ 'ਚ ਮੁਲਜ਼ਮ ਸਾਬਕਾ ਵਿੱਤ ਮੰਤਰੀ ਇਸਹਾਕ ਡਾਰ ਸਿਹਤ ਖ਼ਰਾਬ ਕਰਕੇ ਲੰਡਨ 'ਚ ਹੋਣ ਕਾਰਨ ਸਹੁੰ ਚੁੱਕ ਸਮਾਗਮ 'ਚ ਮੌਜੂਦ ਨਹੀਂ ਸਨ। ਕੋਲੀ ਆਪਣੇ ਪਰਿਵਾਰ ਨਾਲ ਰਵਾਇਤੀ ਥਾਰੀ ਪੁਸ਼ਾਕ 'ਚ ਸੰਸਦ ਭਵਨ ਪੁੱਜੀ। ਮੀਡੀਆ ਨਾਲ ਗੱਲਬਾਤ ਕਰਦਿਆਂ ਉਸ ਨੇ ਕਿਹਾ ਕਿ ਉਹ ਥਾਰਪਾਰਕਰ ਦੀਆਂ ਔਰਤਾਂ ਨੂੰ ਆਉਂਦੀਆਂ ਸਿਹਤ ਸੰਭਾਲ ਅਤੇ ਪਾਣੀ ਦੀ ਘਾਟ ਸਬੰਧੀ ਮੁਸ਼ਕਲਾਂ ਨੂੰ ਪਹਿਲ ਦੇ ਆਧਾਰ 'ਤੇ ਸੁਲਝਾਉਣ ਨੂੰ ਪਹਿਲ ਦੇਵੇਗੀ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਪਾਕਿਸਤਾਨ ਪੀਪਲਜ਼ ਪਾਰਟੀ ਨੇ ਹੀ ਪਹਿਲੀ ਹਿੰਦੂ ਮਹਿਲਾ ਰਤਨਾ ਭਗਵਾਨਦਾਸ ਚਾਵਲਾ ਨੂੰ ਸੈਨੇਟਰ ਬਣਾਇਆ ਸੀ।

# ਲੰਗਰ ਤੇ ਪ੍ਰਸ਼ਾਦ ਜੀਐੱਸਟੀ ਤੋਂ ਪੂਰੀ ਤਰ੍ਹਾਂ ਮੁਕਤ: ਵਿੱਤ ਮੰਤਰਾਲਾ

ਬਠਿੰਡਾ- ਕੇਂਦਰੀ ਵਿੱਤ ਮੰਤਰਾਲੇ ਨੇ ਧਾਰਮਿਕ ਸਥਾਨਾਂ 'ਤੇ ਵਰਤਾਏ ਜਾਂਦੇ ਲੰਗਰ ਅਤੇ ਪ੍ਰਸ਼ਾਦ ਨੂੰ ਜੀਐੱਸਟੀ ਤੋਂ ਮੁਕੰਮਲ ਛੋਟ ਦੇ ਦਿੱਤੀ ਹੈ ਜਦੋਂ ਕਿ ਸ਼੍ਰੋਮਣੀ ਕਮੇਟੀ ਭੰਬਲਭੂਸੇ ਵਿੱਚ ਫਸੀ ਹੋਈ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਨੂੰ ਪੱਤਰ ਲਿਖਿਆ ਜਾ ਚੁੱਕਿਆ ਹੈ ਕਿ ਲੰਗਰ ਤੇ ਪ੍ਰਸ਼ਾਦ ਨੂੰ ਜੀਐੱਸਟੀ ਤੋਂ ਮੁਕਤ ਕੀਤਾ ਜਾਵੇ। ਇਵੇਂ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਵੀ ਕੇਂਦਰੀ ਵਿੱਤ ਮੰਤਰੀ ਨੂੰ ਪੱਤਰ ਲਿਖ ਚੁੱਕੇ ਹਨ ਜਦੋਂਕਿ ਸ਼੍ਰੋਮਣੀ ਕਮੇਟੀ ਨੇ ਤਾਂ ਕਈ ਯਾਦ ਪੱਤਰ ਇਸ ਮਾਮਲੇ 'ਤੇ ਕੇਂਦਰ ਸਰਕਾਰ ਨੂੰ ਭੇਜੇ ਹਨ।

ਕੇਂਦਰੀ ਵਿੱਤ ਮੰਤਰਾਲੇ ਦੇ ਤਾਜ਼ਾ ਲਿਖਤੀ ਵੇਰਵਿਆਂ ਅਨੁਸਾਰ ਮੁਫ਼ਤ ਵਿੱਚ ਵਰਤਾਏ ਜਾਂਦੇ ਲੰਗਰ ਅਤੇ ਪ੍ਰਸ਼ਾਦ 'ਤੇ ਜੀਐੱਸਟੀ ਲਾਗੂ ਨਹੀਂ ਹੁੰਦਾ ਹੈ। ਵਿੱਤ ਮੰਤਰਾਲੇ ਨੇ ਆਖਿਆ ਹੈ ਕਿ ਚੈਰੀਟੇਬਲ ਟਰੱਸਟਾਂ ਅਤੇ ਧਾਰਮਿਕ ਸਥਾਨਾਂ, ਜਿਨ੍ਹਾਂ ਵੱਲੋਂ ਮੰਦਰਾਂ ਅਤੇ ਗੁਰਦੁਆਰਿਆਂ ਵਿੱਚ ਮੁਫ਼ਤ ਲੰਗਰ/ਪ੍ਰਸ਼ਾਦ ਵਰਤਾਇਆ ਜਾਂਦਾ ਹੈ, ਨੂੰ ਜੀਐੱਸਟੀ ਕਾਰਨ ਉਤਪਾਦ ਖ਼ਰੀਦਣ ਵਿੱਚ ਕੋਈ ਪ੍ਰੇਸ਼ਾਨੀ ਨਹੀਂ ਹੋ ਰਹੀ ਹੈ। ਮੰਤਰਾਲੇ ਨੇ ਲਿਖਿਆ ਹੈ ਕਿ ਅਸਲ ਵਿੱਚ ਜੀਐੱਸਟੀ ਅਜਿਹੇ ਉਤਪਾਦਾਂ 'ਤੇ ਲਾਗੂ ਨਹੀਂ ਹੁੰਦਾ, ਜਿਨ੍ਹਾਂ ਦੀ ਵੰਡ ਮੁਫ਼ਤ ਵਿੱਚ ਕੀਤੀ ਜਾਂਦੀ ਹੈ। ਸ਼੍ਰੋਮਣੀ ਕਮੇਟੀ ਦੇ ਬੁਲਾਰੇ ਨੇ ਦੱਸਿਆ ਕਿ ਲੰਘੇ ਸੱਤ ਮਹੀਨਿਆਂ ਵਿੱਚ ਲੰਗਰ ਅਤੇ ਪ੍ਰਸ਼ਾਦ ਲਈ 20.17 ਕਰੋੜ ਰੁਪਏ ਦੇ ਉਤਪਾਦਾਂ ਦੀ ਖ਼ਰੀਦ ਕੀਤੀ ਗਈ ਹੈ, ਜਿਨ੍ਹਾਂ 'ਤੇ ਕਰੀਬ ਦੋ ਕਰੋੜ ਰੁਪਏ ਇਕੱਲੇ ਜੀਐੱਸਟੀ ਵਜੋਂ ਤਾਰੇ ਜਾ ਚੁੱਕੇ ਹਨ। ਇਨ੍ਹਾਂ ਉਤਪਾਦਾਂ 'ਤੇ ਜੀਐੱਸਟੀ ਦਰ 5 ਫ਼ੀਸਦੀ ਤੋਂ 18 ਫ਼ੀਸਦੀ ਤੱਕ ਹੈ। ਇਸੇ ਦੌਰਾਨ ਲੰਗਰ 'ਤੇ ਜੀਐੱਸਟੀ ਲਾਗੂ ਹੋਣ ਦੇ ਮਾਮਲੇ ਵਿੱਚ ਤ੍ਰਿਣਮੂਲ ਕਾਂਗਰਸ ਪਾਰਟੀ ਨੇ ਇੱਕ ਦਿਨਾਂ ਭੁੱਖ ਹੜਤਾਲ ਦਾ ਐਲਾਨ ਕਰ ਦਿੱਤਾ ਹੈ। ਤ੍ਰਿਣਮੂਲ ਕਾਂਗਰਸ ਪੰਜਾਬ ਦੇ ਕਨਵੀਨਰ ਮਨਜੀਤ ਸਿੰਘ ਮੋਹਾਲੀ ਅਤੇ ਸੂਬਾਈ ਕਾਰਜਕਾਰਨੀ ਕਮੇਟੀ ਦੇ ਮੈਂਬਰ ਸੁਰਿੰਦਰਪਾਲ ਸੋਮੀ ਤੁੰਗਵਾਲੀਆ ਨੇ ਭਲਕੇ 14 ਮਾਰਚ ਨੂੰ ਤਖ਼ਤ ਦਮਦਮਾ ਸਾਹਿਬ ਦੀ ਡਿਉਢੀ ਨੇੜੇ ਇੱਕ ਰੋਜ਼ਾ ਭੁੱਖ ਹੜਤਾਲ ਕਰਨ ਦਾ ਐਲਾਨ ਕੀਤਾ ਹੈ।



**ਜੇਤਲੀ ਨੂੰ ਸਬੂਤ ਦਿਖਾਏ ਜਾਣਗੇ : ਲੌਂਗੋਵਾਲ**

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਦਾ ਕਹਿਣਾ ਸੀ ਕਿ ਲੰਗਰ ਅਤੇ ਪ੍ਰਸ਼ਾਦ ਵਾਸਤੇ ਖ਼ਰੀਦ ਕੀਤੀ ਜਾਂਦੀ ਸਮੱਗਰੀ 'ਤੇ ਜੀਐੱਸਟੀ ਲੱਗ ਕੇ ਆ ਰਿਹਾ ਹੈ ਅਤੇ ਛੋਟ ਸਬੰਧੀ ਕੋਈ ਵੀ ਸਰਕੂਲਰ ਕੇਂਦਰ ਨੇ ਜਾਰੀ ਨਹੀਂ ਕੀਤਾ ਹੈ। ਉਨ੍ਹਾਂ ਦੱਸਿਆ ਕਿ ਅੱਜ ਇਹ ਮਾਮਲਾ ਕੇਂਦਰੀ ਗ੍ਰਹਿ ਮੰਤਰੀ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਅਤੇ ਉਹ ਜਲਦੀ ਹੀ ਸਾਰੇ ਸਬੂਤ ਲੈ ਕੇ ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਨੂੰ ਮਿਲਣਗੇ। ਜੇਕਰ ਛੋਟ ਹੈ ਤਾਂ ਤਾਰੇ ਗਏ ਜੀਐੱਸਟੀ ਦੀ ਰਾਸ਼ੀ ਸ਼੍ਰੋਮਣੀ ਕਮੇਟੀ ਨੂੰ ਰਿਫੰਡ ਕੀਤੀ ਜਾਵੇ।

ਕੋਰਨਿੰਗ ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ
AAA Truck Wash, Tire, and Lube
ਸਾਨੂੰ ਟਰੱਕ ਵਾਸ਼ ਅਤੇ ਟਾਇਰ ਸ਼ਾਪ ਲਈ ਦੋ ਵਿਅਕਤੀਆਂ ਦੀ ਲੋੜ ਹੈ।
ਚਾਹਵਾਨ ਵਿਅਕਤੀ ਸੰਪਰਕ ਕਰਨ-
650-642-0697, 530-824-5134
3525 Highway 99, West Corning, CA 96021
Across the Street from TA Truck Stop

# ਬਹੁਜਨ ਮੁਕਤੀ ਪਾਰਟੀ ਸਾਹਿਬ ਸ੍ਰੀ ਕਾਂਸੀ ਰਾਮ ਅਤੇ ਬਾਬਾ ਸਾਹਬ ਅੰਬੇਦਕਰ ਦਾ ਜਨਮ ਦਿਨ ਦੇਸ਼ ਭਰ ਵਿਚ ਵੱਡੇ ਪੱਧਰ ਤੇ ਮਨਾਏਗੀ- ਵੀ ਐੱਲ ਮਾਤੰਗ

**ਲੁਧਿਆਣਾ ਗੁਰਪ੍ਰੀਤ ਸਿੰਘ ਮਹਿਦੂਦਾਂ)–** ਬਹੁਜਨ ਮੁਕਤੀ ਪਾਰਟੀ ਦੀ ਅੱਜ ਹੰਗਾਮੀ ਮੀਟਿੰਗ ਸਰਕਟ ਹਾਊਸ ਲੁਧਿਆਣਾ ਵਿਖੇ ਹੋਈ ਜਿਸ ਵਿਚ ਮੁੱਖ ਮਹਿਮਾਨ ਵਜੋਂ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਵੀ ਐੱਲ ਮਾਤੰਗ ਵਿਸ਼ੇਸ਼ ਤੌਰ ਤੇ ਪਹੁੰਚੇ।ਇਸ ਮੌਕੇ ਬੀ ਐੱਲ ਮਾਤੰਗ ਨੇ ਪਾਰਟੀ ਦੇ ਆਗੂਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਬਹੁਜਨ ਮੁਕਤੀ ਪਾਰਟੀ ਪੂਰੇ ਦੇਸ਼ ਭਰ ਵਿੱਚ ਵੱਡੇ ਪੱਧਰ ਤੇ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦਾ ਜਨਮ ਦਿਨ 15 ਮਾਰਚ ਅਤੇ ਬਾਬਾ ਸਾਹਿਬ ਅੰਬੇਡਕਰ ਜੀ ਦਾ ਜਨਮ ਦਿਨ 14 ਅਪਰੈਲ ਨੂੰ ਮਨਾਉਣ ਜਾ ਰਹੀ ਹੈ। ਜਿਸ ਵਿੱਚ ਪਾਰਟੀ ਦੇ ਲੱਖਾਂ ਹੀ ਸਮੱਰਥਕ ਤੇ ਆਗੂ ਹਾਜ਼ਰ ਹੋਣਗੇ। ਇਹ ਲੱਖਾਂ ਲੋਕਾਂ ਦਾ ਇਕੱਠ ਆਉਣ ਵਾਲੀਆਂ 2019 ਦੀਆਂ ਚੋਣਾਂ ਦਾ ਆਗਾਜ਼ ਹੋਏਗਾ। ਇਸ ਮੌਕੇ ਪਾਰਟੀ ਦੇ ਪੰਜਾਬ ਪ੍ਰਧਾਨ ਕੁਲਦੀਪ ਸਿੰਘ ਈਸਾਪੁਰ ਅਤੇ ਮੀਤ ਪ੍ਰਧਾਨ ਗੁਰਮੇਲ ਸਿੰਘ ਸੰਧੂ ਨੇ ਕਿਹਾ ਕਿ ਦੇਸ਼ ਵਿੱਚ ਘਪਲਿਆਂ ਦੀ ਜਨਣੀ ਕਾਂਗਰਸ ਪਾਰਟੀ ਹੈ ਅਤੇ ਉਸ ਤੋਂ ਵੀ ਵੱਧ ਘਪਲੇ ਹੁਣ ਭਾਜਪਾ ਕਰ ਰਹੀ ਹੈ। ਉਨ੍ਹਾਂ ਤੋਂ ਇਲਾਵਾ ਖੁਸ਼ੀ ਰਾਮ ਰਿਟ- ਾਇਰਡ ਆਈ ਏ ਐਸ ਨੇ ਕਿਹਾ ਕਿ ਭਾਜਪਾ ਦਾ ਸਮਾਜਿਕ ਸੰਗਠਨ ਆਰ ਐੱਸ ਐੱਸ ਅੱਜ ਕੱਲ੍ਹ ਰਾਜਨੀਤਿਕ ਸੰਗਠਨ ਬਣ ਚੁੱਕਾ ਹੈ ਅਤੇ ਦੇਸ਼ ਵਿੱਚ ਚਾਰੇ ਪਾਸੇ ਬ੍ਰਾਹਮਣਵਾਦੀ ਸੋਚ ਨੂੰ ਬੜਾਵਾ ਦੇਣ ਦੀ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਇਸ ਮੌਕੇ ਰਾਮ ਸਿੰਘ ਦੀਪਕ, ਜਸਪਾਲ ਪਾਲੀ ਜਨਰਲ ਸਕੱਤਰ, ਰਣਜੀਤ ਸਿੰਘ, ਨਰਾਇਣ ਦਾਸ, ਕੁਲਦੀਪ ਕੌਰ ਪ੍ਰਧਾਨ ਮਹਿਲਾ ਵਿੰਗ, ਸੁਰਿੰਦਰ ਸਿੰਘ, ਗੁਰਤੇਜ ਸਿੰਘ, ਗੁਰਦੀਪ ਸਿੰਘ ਮੋਹਾਲੀ, ਪੀ ਐੱਲ ਸੋਹਲ, ਸਿਕੰਦਰ ਸਿੰਘ ਸਿੱਧੂ, ਜੋਗਿੰਦਰ ਰਾਏ, ਤੀਰਥ ਰਾਮ ਸਮਰਾ ਜ਼ਿਲ੍ਹਾ ਪ੍ਰਧਾਨ ਸ਼ਹਿਰੀ, ਹਰਬੰਸ ਸਿੰਘ ਪ੍ਰਧਾਨ ਦਿਹਾਤੀ, ਸੁਰਜੀਤ ਸਿੰਘ ਪਾਬਲਾ, ਰਣਜੀਤ ਸਿੰਘ ਗੁਲਸ਼ਨ ਪਾਲ, ਮਨਜੀਤ ਸਿੰਘ ਅਤੇ ਡਾਕਟਰ ਰਵਿੰਦਰ ਸਰੋਏ ਆਦਿ ਹਾਜ਼ਰ ਸਨ।




# ਤ੍ਰਿਪੁਰਾ ਵਿੱਚ ਦੋ ਬੁੱਤ ਤੋੜੇ ਜਾਣ ਦੀ ਹਰਕਤ ਦੀ ਜਮਹੂਰੀ ਅਧਿਕਾਰ ਸਭਾ ਵਲੋਂ ਨਿਖੇਧੀ

**ਬਠਿੰਡਾ–** ਜਮਹੂਰੀ ਅਧਿਕਾਰ ਸਭਾ ਪੰਜਾਬ ਦੀ ਜ਼ਿਲ੍ਹਾ ਇਕਾਈ ਬਠਿੰਡਾ ਵੱਲੋਂ ਤ੍ਰਿਪੁਰਾ ਸੂਬੇ ਦੀਆਂ ਚੋਣਾਂ ਵਿੱਚ ਬਹੁਮਤ ਹਾਸਲ ਕਰ ਲੈਣ ਪਿੱਛੋਂ ਸੰਘ ਪਰਿਵਾਰ ਵੱਲੋਂ ਕੀਤੀ ਗੁੰਡਾਗਰਦੀ ਅਤੇ ਲੈਨਿਨ ਦੇ ਦੋ ਬੁੱਤਾਂ ਨੂੰ ਤੋੜੇ ਜਾਣ ਦੀ ਹਰਕਤ ਦੀ ਸਖਤ ਨਿਖੇਧੀ ਕਰਦਿਆਂ ਇਸ ਜੁਰਮ ਦੇ ਜ਼ਿੰਮੇਵਾਰ ਲੋਕਾਂ ਖਿਲਾਫ ਮੁਕੱਦਮਾ ਦਰਜ ਕਰਨ ਦੀ ਮੰਗ ਕੀਤੀ ਹੈ।

ਜਮਹੂਰੀ ਅਧਿਕਾਰ ਸਭਾ ਵੱਲੋਂ ਪ੍ਰੈੱਸ ਨੋਟ ਜਾਰੀ ਕਰਦਿਆਂ ਡਾ ਅਜੀਤਪਾਲ ਸਿੰਘ ਐਮਡੀ ਪ੍ਰੈੱਸ ਸਕੱਤਰ ਅਤੇ ਸੂਬਾ ਕਮੇਟੀ ਮੈਂਬਰ ਨੇ ਕਿਹਾ ਕਿ ਦੁਨੀਆ ਦੀ ਸਭ ਤੋਂ ਵੱਡੀ ਜਮਹੂਰੀਅਤ ਕਹੇ ਜਾਣ ਵਾਲੇ ਭਾਰਤ ਵਿੱਚ ਅਜਿਹੀ ਦਹਿਸ਼ਤ ਫੈਲਾਉਣ ਵਾਲੀ ਕਾਰਵਾਈ ਦੀ ਕਿਸੇ ਵੀ ਹਾਲਤ ਵਿੱਚ ਇਜਾਜ਼ਤ ਨਹੀਂ ਦਿੱਤੀ ਜਾਣੀ ਚਾਹੀਦੀ। ਵਿਚਾਰਾਂ ਦੀ ਆਜ਼ਾਦੀ ਅਤੇ ਉਸ ਦੇ ਪ੍ਰਗਟਾਵੇ ਦਾ ਹਰ ਮਨੁੱਖ ਦਾ ਮੁੱਢਲਾ ਜਮੂਹਰੀ ਹੱਕ ਹੈ।ਤ੍ਰਿਪੁਰਾ ਅੰਦਰ ਫੈਲਾਈ ਇਸ ਹਕੂਮਤੀ ਦਹਿਸ਼ਤਗਰਦੀ ਤੇ ਵਿਰੋਧੀ ਵਿਚਾਰਾਂ ਦੇ ਲੋਕਾਂ ਦੇ ਮਨਾਂ ਵਿੱਚ ਡਰ ਬਿਠਾਉਣ ਲਈ ਉਨ੍ਹਾਂ ਦੀ ਕੀਤੀ ਮਾਰਕੁੱਟ,ਉਨ੍ਹਾਂ ਦੇ ਘਰਾਂ ਤੇ ਹਮਲੇ ਅਤੇ ਅੱਗਾਂ ਲਾਉਣ ਤੋਂ ਇਲਾਵਾ ਲੈਨਿਨ ਦੇ ਬੁੱਤਾਂ ਨੂੰ ਤੋੜਨਾ ਇੱਕ ਬੇਹੱਦ ਨਿੰਦਣਯੋਗ ਤੇ ਗੈਰ ਸੰਵਿਧਾਨਕ ਕੁਕਰਮ ਹੈ,ਜੋ ਹਕੂਮਤ ਵਿੱਚ ਆਏ ਸੰਘ ਪਰਿਵਾਰ ਨੇ ਕੀਤਾ ਹੈ। ਸਭਾ ਦੇ ਪ੍ਰਧਾਨ ਪ੍ਰਿੰ ਬੱਗਾ ਸਿੰਘ ਤੇ ਜਨਰਲ ਸਕੱਤਰ ਪ੍ਰਿਤਪਾਲ ਸਿੰਘ ਦਾ ਵੀ ਕਹਿਣਾ ਹੈ ਕਿ ਸੂਬੇ ਦੇ ਗਵਰਨਰ ਵੱਲੋਂ ਦਿੱਤਾ ਬਿਆਨ ਬੇਹੱਦ ਪੱਖਪਾਤੀ ਹੈ। ਉਨ੍ਹਾਂ ਦਾ ਇਹ ਕਹਿਣਾ ਕਿ ਹਕੂਮਤ ਵਿੱਚ ਆਉਣ ਵਾਲੀ ਹਰੇਕ ਪਾਰਟੀ ਨੂੰ ਆਪਣੀ ਮਰਜੀ ਚਲਾਉਣ ਦਾ ਅਧਿਕਾਰ ਹੁੰਦਾ ਹੈ। ਇਸ ਤਰ੍ਹਾਂ ਬੀਜੇਪੀ ਦੇ ਹੀ ਸੁਬਰਾਮਨੀਅਮ ਸਵਾਮੀ ਦਾ ਇਹ ਕਹਿਣਾ ਕਿ "ਲੈਨਿਨ ਇੱਕ ਅੱਤਵਾਦੀ ਸੀ ਜਿਸ ਨੇ ਰੂਸ ਵਿੱਚ ਅਨੇਕਾਂ ਲੋਕਾਂ ਦਾ ਕਤਲੇਆਮ ਕੀਤਾ ਉਸ ਦਾ ਬੁੱਤ ਲਾਉਣ ਦੀ ਭਾਰਤ ਵਿੱਚ ਇਜਾਜ਼ਤ ਨਹੀਂ ਹੈ" ਬੇਹੱਦ ਨਿੰਦਣਯੋਗ ਗੱਲ ਹੈ। ਭਾਜਪਾ ਦੇ ਇੱਕ ਹੋਰ ਨੇਤਾ ਦਾ ਲੈਨਿਨ ਨੂੰ ਵਿਦੇਸ਼ੀ ਦੱਸ ਕੇ ਉਸ ਦਾ ਬੁੱਤ ਇੱਥੇ ਲਾਏ ਜਾਣ ਨੂੰ ਗੈਰ ਜ਼ਰੂਰੀ ਕਹਿਣਾ ਵੀ ਲੋਕਾਂ ਦੇ ਜਮਹੂਰੀ ਹੱਕ ਤੇ ਹਮਲਾ ਹੈ।ਡਾਕਟਰ ਅਜੀਤਪਾਲ ਸਿੰਘ ਨੇ ਕਿਹਾ ਕਿ ਲੈਨਿਨ ਇੱਕ ਦੁਨੀਆਂ ਪੱਧਰ ਦਾ ਸਿਰਕੱਢ ਆਗੂ ਹੋਇਆ ਹੈ।ਜਿਸ ਦੇ 1917 ਦੇ ਰੂਸੀ ਇਨਕਲਾਬ ਦੀਆਂ ਪ੍ਰਾਪਤੀਆਂ ਨੇ ਦੁਨੀਆਂ ਭਰ ਦੇ ਵਿੱਚ ਲੋਕਾਂ ਦੀ ਪੁੱਗਤ ਵਾਲੇ ਰਾਜ ਨੂੰ ਅਮਲ ਵਿੱਚ ਲਿਆਂਦਾ,ਜਿਸ ਨਾਲ ਜਮਹੂਰੀ ਹੱਕਾਂ ਦੀ ਲਹਿਰ ਨੂੰ ਹੁਲਾਰਾ ਮਿਲਿਆ,ਬਰਾਬਰੀ ਤੇ ਆਧਾਰਿਤ ਸਮਾਜ ਦੀ ਸਥਾਪਨਾ ਵੱਲ ਕਦਮ ਪੁੱਟੇ ਗਏ,ਲੋਕਾਂ ਨੂੰ ਕਿਰਤ ਦਾ ਸਹੀ ਤੇ ਵਾਜਬ ਮੁੱਲ ਮਿਲਣ ਲੱਗਿਆ ਤੇ ਲੋਕ ਸਨਮਾਨਜਨਕ ਜ਼ਿੰਦਗੀ ਜਿਊਣ ਦੇ ਰਾਹ ਪਏ।ਵਿਗਿਆਨ ਦੇ ਖੇਤਰਾਂ ਵਿੱਚ ਅਤੇ ਸਮਾਜਕ, ਸੱਭਿਆਚਾਰਕ ਤੇ ਵਿੱਦਿਅਕ ਖੇਤਰ ਵਿੱਚ ਅਨੇਕਾਂ ਮੱਲਾਂ ਮਾਰੀਆਂ ਗਈਆਂ। ਅਜਿਹੇ ਆਗੂ ਨੂੰ ਬਦਨਾਮ ਕਰਨ ਤੇ ਉਸ ਦੀ ਵਿਚਾਰਧਾਰਾ ਨੂੰ ਮੁੱਢੋਂ ਲੋਕਾਂ ਦੇ ਮਨਾਂ ਚੋਂ ਖਾਰਜ ਕਰਨ ਦੀ ਇਹ ਗੈਰਵਾਜਿਬ ਕਾਰਵਾਈ ਬਹੁਤ ਹੀ ਵੱਡਾ ਕੋਝਾ ਯਤਨ ਹੈ,ਜਿਸ ਦੀ ਜਿੰਨੀ ਨਿੰਦਾ ਕੀਤੀ ਜਾ ਸਕੇ ਥੋੜੀ ਹੈ। ਸੰਸਾਰੀਕਰਨ ਦੇ ਇਸ ਦੌਰ ਵਿੱਚ ਲੋਕਾਂ ਦੇ ਜਮਹੂਰੀ ਹੱਕਾਂ ਦੀ ਲਹਿਰ ਦੇ ਵਿਚਾਰਾਂ ਦਾ ਵੀ ਸੰਸਾਰੀਕਰਨ ਕਰਦਿਆਂ ਕੌਮਾਂਤਰੀ ਪੱਧਰ ਦੇ ਲੋਕ ਆਗੂਆਂ ਦੇ ਸਨਮਾਨ ਵਜੋਂ ਉਨ੍ਹਾਂ ਦੇ ਬੁੱਤ ਲਾਉਣੇ ਲੋਕਾਂ ਦਾ ਜਮਹੂਰੀ ਹੱਕ ਹੈ।ਫਿਰਕੂ ਫਾਸ਼ੀਵਾਦੀਆ ਨੇ ਤ੍ਰਿਪੁਰਾ ਵਿੱਚ ਚੋਣਾਂ ਜਿੱਤਣ ਪਿੱਛੋਂ ਨਸ਼ੇ ਵਿੱਚ ਆ ਕੇ ਲੋਕਾਂ ਦੇ ਵਿਚਾਰਾਂ ਦੀ ਆਜ਼ਾਦੀ ਦੇ ਜਮਹੂਰੀ ਹੱਕ ਤੇ ਬੋਲਿਆ ਇਹ ਵੱਡਾ ਹਮਲਾ ਹੈ। ਜਿਸ ਦਾ ਜਮਹੂਰੀ ਅਧਿਕਾਰ ਸਭਾ ਸਖ਼ਤ ਵਿਰੋਧ ਕਰਦੀ ਹੈ।

**–ਡਾ ਅਜੀਤਪਾਲ ਸਿੰਘ ਐਮਡੀ**
**ਪ੍ਰੈੱਸ ਸਕੱਤਰ ਤੇ ਸੂਬਾ ਕਮੇਟੀ ਮੈਂਬਰ ਜਮਹੂਰੀ ਅਧਿਕਾਰ ਸਭਾ ਪੰਜਾਬ ਜ਼ਿਲ੍ਹਾ ਇਕਾਈ ਬਠਿੰਡਾ**
(91-98156-29301)

# Girl Scouts "2018 Women Inspiring Girls" Award

Dr. Parmala Bangar, a pediatrician, has been awarded as one of the "2018 Women Inspiring Girls Award" by Girl Scouts of Central California South. She received recognition from the Fresno mayor, as well as local Congressional and Senate legislators. She was born to Late Swarn and Sibo Bagha in Sacramento, California. She received two Bachelor degrees (B.A. Philosophy and B.S. Biology) from the University of California, Irvine. She earned her Medical Degree with High Honors from Ross University School of Medicine in 2007. She completed her residency at the UCSF Fresno Pediatrics Program providing care for newborns and children while at Valley Children's Hospital. Dr. Bangar is a proud mother to twins Sonya and Zeena, and wife of Dr. Satnam Bangar, while she dedicates herself to providing medical care to one of the most underserved communities in California.




# ਮੋਦੀ ਰਾਮ ਤਾਂ ਮੁਲਾਇਮ ਰਾਵਣ- ਨੰਦੀ



**ਇਲਾਹਾਬਾਦ–** ਫੂਲਪੁਰ ਲੋਕ ਸਭਾ ਖੇਤਰ ਦੀ ਉਪ ਚੋਣ ਦੇ ਲਈ ਸ਼ਹਿਰ ਪੱਛਮੀ ਵਿਧਾਨ ਸਭਾ ਖੇਤਰ ਦੇ ਦੁਰਗਾ ਪੂਜਾ ਪਾਰਕ ਵਿਚ ਹੋਈ ਜਨ ਸਭਾ ਵਿਚ ਕੈਬਨਿਟ ਮੰਤਰੀ ਨੰਦਗੋਪਾਲ ਗੁਪਤ ’ਨੰਦੀ( ਨੇ ਅਨੋਖੀ ਕਹਾਣੀ ਸੁਣਾਈ।

ਕਿਹਾ ਕਿ ਕਲਯੁਗ ਵਿਚ ਰਾਵਣ ਦਾ ਜਨਮ ਮੁਲਾਇਮ ਸਿੰਘ ਯਾਦਵ ਦੇ ਰੂਪ ਵਿਚ ਹੋਇਆ ਹੈ, ਜਦਕਿ ਸੂਪਨਖਾ ਬਸਪਾ ਸੁਪਰੀਮੋ ਮਾਇਆਵਤੀ ਹੈ, ਜਿਹਨਾਂ ਦਾ ਵਿਆਹ ਇਸ ਜਨਮ ਵਿਚ ਵੀ ਨਹੀਂ ਹੋਇਆ।

ਸ਼ਿਵਪਾਲ ਸਿੰਘ ਯਾਦਵ ਕੁੰਭਕਰਨ ਅਤੇ ਸਪਾ ਪ੍ਰਧਾਨ ਅਖਿਲੇਸ਼ ਯਾਦਵ ਮੇਘਨਾਦ ਹਨ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਕੋਈ ਹੋਰ ਨਹੀਂ ਮਾਇਆਵੀ ਮਾਰੀਚ ਹਨ, ਜਦਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਮਰਿਆਦਾ ਪੁਰਸ਼ੋਤਮ ਸ਼੍ਰੀਰਾਮ ਅਤੇ ਮੁੱਖ ਮੰਤਰੀ ਯੋਗੀ ਅਦਿੱਤਿਆਨਾਥ ਹਨੁਮਾਨ ਦੇ ਰੂਪ ਵਿਚ ਸਭ ਦਾ ਦਰਦ ਦੂਰ ਕਰ ਰਹੇ ਹਨ। ਮੋਦੀ ਅਤੇ ਯੋਗੀ ਦੇ ਵਿਕਾਸ ਦੀ ਸੋਚ ਫੂਲਪੁਰ ਵਿਚ ਭਾਜਪਾ ਨੂੰ ਜਿੱਤਾ ਦਿਵਾਏਗੀ।

‘ਦੇਸ਼ ਦੁਆਬਾ’
ਹਰ ਹਫਤੇ ਛਪਣ ਵਾਲਾ ਅਖਬਾਰ
ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ “ਦੇਸ਼ ਦੁਆਬਾ” ਵਿਚ ਲਗਵਾਓ।
1-916-947-8920 (ਫੋਨ), 1-916-238-1393 (ਫੈਕਸ)
E-mail : deshdoaba@yahoo.com
www.deshdoaba.com www.ambedkartimes.com

ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ
ਆਪਣੀ ਰਚਨਾ ਹਰ ਸ਼ਨਿਚਰਵਾਰ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।
ਰਚਨਾ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ ’ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੈ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ
ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।
1-916-947-8920 (ਫੋਨ), 1-916-238-1393 (ਫੈਕਸ)
E-mail : deshdoaba@yahoo.com
www.deshdoaba.com www.ambedkartimes.com

# ਦੇਸ਼ ਦੁਆਬਾ

## ਰਵਾਇਤੀ ਊਰਜਾ ਦਾ ਬਦਲ ਲੱਭਣਾ ਜ਼ਰੂਰੀ

ਹਾਲ ਹੀ ਵਿਚ ਭਾਰਤ ਦੀ ਪਹਿਲਕਦਮੀ ਨਾਲ ਕੌਮਾਂਤਰੀ ਸੋਲਰ ਗੱਠਜੋੜ ਦੀ ਪਹਿਲੀ ਕਾਨਫਰੰਸ ਸਫਲ ਰਹੀ ਹੈ। ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬੀਤੇ ਐਤਵਾਰ ਨੂੰ ਸੂਰਜੀ ਊਰਜਾ ਨੂੰ ਉਤਸ਼ਾਹਿਤ ਕਰਨ ਲਈ 19 ਪੱਧਰੀ ਪ੍ਰੋਗਰਾਮ ਪੇਸ਼ ਕੀਤਾ। ਇਸ ਤੋਂ ਪਹਿਲਾਂ 2015 ਵਿਚ ਸ੍ਰੀ ਮੋਦੀ ਅਤੇ ਫਰਾਂਸ ਦੇ ਉਸ ਵਕਤ ਦੇ ਰਾਸ਼ਟਰਪਤੀ ਫਰੈਂਕੋਇਸ ਓਲਾਂਦ ਨੇ ਇਹ ਕੌਮਾਂਤਰੀ ਗੱਠਜੋੜ ਕਾਇਮ ਕਰਨ ਦਾ ਸੱਦਾ ਦਿੱਤਾ ਸੀ। ਇਸ ਗੱਠਜੋੜ ਵਿਚ 121 ਮੁਲਕ ਸ਼ਾਮਲ ਹੋ ਸਕਦੇ ਹਨ। ਪਰ ਫਿਲਹਾਲ 61 ਮੁਲਕ ਇਸ ਨਾਲ ਜੁੜੇ ਹਨ ਅਤੇ 32 ਹੋਰ ਮੁਲਕਾਂ ਨੇ ਇਸ ਸਮਝੌਤੇ ਵਿਚ ਦਿਲਚਸਪੀ ਦਿਖਾਈ ਹੈ।

ਦਰਅਸਲ ਉਦਯੋਗਿਕ ਕ੍ਰਾਂਤੀ ਤੋਂ ਬਾਅਦ ਊਰਜਾ ਦੀ ਵਧੀ ਲੋੜ ਦੇ ਮੱਦੇਨਜ਼ਰ ਬਿਜਲੀ ਬਣਾਉਣ ਦੇ ਕਈ ਤਰੀਕੇ ਸਾਹਮਣੇ ਆਏ। ਕੋਇਲੇ ਨਾਲ ਬਿਜਲੀ ਦਾ ਉਤਪਾਦਨ ਕਰਨ ਤੋਂ ਬਾਅਦ ਪਰਮਾਣੂ ਊਰਜਾ ਵੱਲ ਦੁਨੀਆਂ ਵਧੀ ਪਰ ਇਹਨਾਂ ਦੋਵੇਂ ਤਰੀਕਿਆਂ ਨੇ ਦੁਨੀਆਂ ਨੂੰ ਬਹੁਤ ਤਕਲੀਫ ਦਿੱਤੀ। ਵਧਦੇ ਵਹੀਕਲਾਂ ਅਤੇ ਤੇਲ ਦੀ ਵਰਤੋਂ ਦੇ ਕਾਰਨ ਵਾਤਾਵਰਣ ਵਿਗੜ ਰਿਹਾ ਹੈ, ਜਿਸ ਦੇ ਨਤੀਜੇ ਵਜੋਂ ਤਾਪਮਾਨ ਵਿਚ ਵਾਧਾ ਹੋ ਗਿਆ ਹੈ ਅਤੇ ਬਰਫ ਪਿਘਲ ਰਹੀ ਹੈ। ਦੁਨੀਆਂ ਕਈ ਮੁਸ਼ਕਿਲਾਂ ਵਿਚ ਫਸਦੀ ਨਜ਼ਰ ਆ ਰਹੀ ਹੈ ਪਰ ਦੁਨੀਆਂ ਤਬਦੀਲੀ ਦਾ ਨਾਂ ਹੈ, ਇਸ ਕਰਕੇ ਇਹ ਆਵਾਜ਼ ਵੀ ਉਠੀ ਕਿ ਇਸਦਾ ਬਦਲ ਲੱਭਿਆ ਜਾਵੇ ਅਤੇ ਧਰਤੀ ਦੇ ਵਧਦੇ ਤਾਪਮਾਨ ਨੂੰ ਰੋਕਿਆ ਜਾਵੇ ਤਾਂ ਜੋ ਮਨੁੱਖਤਾ ਆਸਾਨੀ ਨਾਲ ਰਹਿ ਸਕੇ। ਇਸ ਕਰਕੇ ਹੁਣ ਸੂਰਜੀ ਊਰਜਾ ਦੀ ਲਹਿਰ ਆਰੰਭ ਕਰਨ ਦਾ ਸਮਾਂ ਆ ਗਿਆ ਹੈ। ਇਸ ਦਿਸ਼ਾ ਵਿਚ ਕੈਨੇਡਾ ਨੇ ਕਾਫੀ ਪਹਿਲਾਂ ਸ਼ੁਰੂਆਤ ਕਰ ਦਿੱਤੀ ਸੀ ਅਤੇ ਹੁਣ ਭਾਰਤ ਵੀ ਇਸ ਲਹਿਰ ਵਿਚ ਸ਼ਾਮਲ ਹੋ ਗਿਆ ਹੈ। ਸੂਰਜੀ ਊਰਜਾ ਲਈ ਉਪਕਰਨ ਸਸਤੇ ਕੀਤੇ ਜਾ ਰਹੇ ਹਨ। ਭਾਰਤ ਨੇ 2022 ਤੱਕ 100 ਗੀਗਾਵਾਟ ਬਿਜਲੀ ਸੂਰਜ ਤੋਂ ਪੈਦਾ ਕਰਨ ਦਾ ਟੀਚਾ ਮਿੱਥਿਆ ਹੈ। ਯੂਰਪੀ ਮੁਲਕਾਂ ਦੇ ਮੁਕਾਬਲੇ ਏਸ਼ੀਆ ਵਿਚ ਸੂਰਜ ਦੀ ਊਰਜਾ ਸਭ ਤੋਂ ਜ਼ਿਆਦਾ ਕਾਮਯਾਬ ਹੋ ਸਕਦੀ ਹੈ। ਭਾਰਤ ਵਰਗੇ ਮੁਲਕਾਂ ਵਿਚ ਜਿੱਥੇ ਸੂਰਜ ਦੀਆਂ ਤੇਜ਼ ਕਿਰਨਾਂ ਲੋਕਾਂ ਦੀ ਚਮੜੀ ਤੱਕ ਸਾੜ ਦਿੰਦੀਆਂ ਹਨ, ਜੇਕਰ ਇਹੀ ਗਰਮੀ ਠੰਡਕ ਦੇਣ ਦਾ ਕਾਰਨ ਬਣੇ ਤਾਂ ਇਸ ਤੋਂ ਵਧੀਆ ਵਿਕਲਪ ਹੋਰ ਕੀ ਹੋ ਸਕਦਾ ਹੈ।

ਪਰ ਸਮੱਸਿਆ ਇਹ ਹੈ ਕਿ ਸੂਰਜੀ ਊਰਜਾ ਦੀ ਵਿਕਸਤ ਤਕਨੀਕ ਸਾਰੇ ਮੁਲਕਾਂ ਕੋਲ ਨਹੀਂ ਹੈ। ਦੁਨੀਆਂ ਦੇ 100 ਤੋਂ ਜ਼ਿਆਦਾ ਮੁਲਕ ਅਜਿਹੇ ਹਨ, ਜਿਹੜੇ ਇਸ ਤਕਨੀਕ ਤੋਂ ਹਾਲੇ ਬਹੁਤ ਦੂਰ ਹਨ। ਇਸ ਤਕਨੀਕ ਵਿਚ ਨਿਵੇਸ਼ ਦੀਆਂ ਵੱਡੀਆਂ ਸੰਭਾਵਨਾਵਾਂ ਤਲਾਸ਼ੀਆਂ ਜਾ ਰਹੀਆਂ ਹਨ। ਭਾਰਤ ਅਤੇ ਫਰਾਂਸ ਦਰਮਿਆਨ ਹਾਲਾਂਕਿ ਕਈ ਸਮਝੌਤੇ ਹੋਏ ਹਨ ਪਰ ਸੂਰਜੀ ਊਰਜਾ ਦੇ ਖੇਤਰ ਵਿਚ ਹੋਇਆ ਸਮਝੌਤਾ ਬਹੁਤ ਅਹਿਮ ਹੈ ਅਤੇ ਇਸ ਦੇ ਭਵਿੱਖ ਵਿਚ ਚੰਗੇ ਅਸਰ ਸਾਹਮਣੇ ਆਉਣਗੇ। ਪਰਮਾਣੂ ਊਰਜਾ ਦੇ ਮਾੜੇ ਅਸਰ ਅਤੇ ਜਾਪਾਨ ਦੇ ਫੂਕੂਸ਼ਿਮਾ ਪ੍ਰਮਾਣੂ ਰੀਐਕਟਰ ਦੇ ਲੀਕ ਹੋਣ ਤੋਂ ਬਾਅਦ ਹੋਈ ਤਬਾਹੀ ਤੋਂ ਬਾਅਦ ਦੁਨੀਆਂ ਦੇ ਕੋਲ ਸਾਫ-ਸੁਥਰੀ ਊਰਜਾ ਦੇ ਰੂਪ ਵਿਚ ਸੂਰਜੀ ਊਰਜਾ ਹੀ ਸਾਹਮਣੇ ਆਈ ਹੈ। ਇਸ ਦਿਸ਼ਾ ਵਿਚ ਇਜ਼ਰਾਈਲ ਵਰਗੇ ਮੁਲਕਾਂ ਨੇ 90 ਫੀਸਦੀ ਸਪਲਾਈ ਦਾ ਅੰਕੜਾ ਪ੍ਰਾਪਤ ਕਰ ਲਿਆ ਹੈ। ਹੁਣ ਇਹ ਪਹਿਲ ਭਾਰਤ ਨੇ ਵੀ ਆਰੰਭ ਕੀਤੀ ਹੈ। ਭਾਰਤ ਵਿਚ ਪਰਮਾਣੂ ਊਰਜਾ ਦਾ ਵਿਰੋਧ ਹੋਣ ਤੋਂ ਬਾਅਦ ਸੂਰਜੀ ਊਰਜਾ ਵੱਲ ਕਦਮ ਵਧਾਏ ਗਏ ਹਨ, ਜੋ ਕਿ ਸਕਾਰਾਤਮਕ ਕਦਮ ਹੈ। ਹਾਲ ਹੀ ਵਿਚ ਭਾਰਤ ਵਿਚ ਏਸ਼ੀਆ ਦਾ ਸਭ ਤੋਂ ਵੱਡਾ ਸੋਲਰ ਪਲਾਂਟ ਸਥਾਪਤ ਕੀਤਾ ਗਿਆ ਹੈ, ਜਿਸ ਤੋਂ ਉਤਰ ਪ੍ਰਦੇਸ਼ ਦੇ ਦੋ ਜ਼ਿਲ੍ਹਿਆਂ ਨੂੰ ਬਿਜਲੀ ਸਪਲਾਈ ਕੀਤੀ ਜਾਵੇਗੀ।ਇਸ ਦਿਸ਼ਾ ਵਿਚ ਹੋਰ ਅੱਗੇ ਵਧਣ ਦੀ ਜ਼ਰੂਰਤ ਹੈ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਕੁਝ ਨਵਾਂ ਕਰਨ ਦੀ ਲੋੜ ਹੈ ਪੰਜਾਬ ਦੇ ਅਰਥਚਾਰੇ ਲਈ



ਨਿਰਮਲ ਸੰਧੂ

ਪੰਜਾਬ ਦੇ ਬਜਟ ਦਾ ਵੇਲਾ ਆਣ ਪੁੱਜਿਆ ਹੈ ਅਤੇ ਹੁਣ ਪੰਜਾਬ ਦੇ ਪੁਰਾਣੇ ਨਿਹਚਿਆਂ ਦੇ ਰੂ-ਬ-ਰੂ ਹੋਣ, ਤੇ ਡੁੱਬ ਰਹੇ ਅਰਥਚਾਰੇ ਨੂੰ ਮੁੜ ਪੈਰਾਂ ਸਿਰ ਕਰਨ ਲਈ ਸੰਜੀਦਾ ਯਤਨ ਕਰਨ ਦਾ ਵਕਤ ਵੀ ਹੈ। ਪੁਰਾਣੀਆਂ ਬੱਜਰ ਗ਼ਲਤੀਆਂ ਤੇ ਉਕਾਈਆਂ ਬਾਰੇ ਸਿਆਸੀ ਰੌਲਾ ਪਾਉਂਦੇ ਰਹਿਣ ਲਈ ਇੱਕ ਸਾਲ ਦਾ ਸਮਾਂ ਬਹੁਤ ਹੁੰਦਾ ਹੈ। ਹੁਣ ਇਨ੍ਹਾਂ ਗ਼ਲਤੀਆਂ ਨੂੰ ਦਰੁਸਤ ਕਰਨ ਦਾ ਵਕਤ ਹੈ। ਹੁਣ ਪਹਿਲਾਂ ਵਰਗਾ ਆਮ ਜਿਹਾ ਬਜਟ ਪੇਸ਼ ਕਰਕੇ ਨਹੀਂ ਸਰਨਾ।

ਪੰਜਾਬ ਦੇ ਲੀਡਰ ਇਮਦਾਦ ਲਈ ਕੇਂਦਰ ਦਾ ਦਰਵਾਜ਼ਾ ਲਗਾਤਾਰ ਖੜਕਾਉਂਦੇ ਆ ਰਹੇ ਹਨ। ਸਾਰਾ ਕਸੂਰ ਕੇਂਦਰ ਸਿਰ ਮੜ੍ਹਨਾ ਸਭ ਤੋਂ ਸੁਖਾਲਾ ਕੰਮ ਹੈ। ਪ੍ਰਕਾਸ਼ ਸਿੰਘ ਬਾਦਲ ਕਿੰਨੇ ਸਾਲਾਂ ਤੋਂ ਅਜਿਹਾ ਕਰ ਰਹੇ ਹਨ ਅਤੇ ਸੂਬੇ ਵਿੱਚ ਲੱਕ-ਤੋੜਵੀਂ ਹਾਰ ਤੋਂ ਪਹਿਲਾਂ, ਉਹ ਹਰ ਵਾਰ "ਕੇਂਦਰੀ ਪੱਖਪਾਤ" ਵਾਲਾ ਨੁਕਤਾ ਉਭਾਰ ਕੇ ਸਿਆਸੀ ਲਾਹਾ ਲੈਂਦੇ ਰਹੇ ਹਨ। ਹਾਰਨ ਤੋਂ ਪਹਿਲਾਂ ਉਨ੍ਹਾਂ ਨੇ ਕੇਂਦਰ ਦੀਆਂ ਹੀ ਸ਼ਰਤਾਂ ਉੱਤੇ ਸੂਬੇ ਸਿਰ 31 ਹਜ਼ਾਰ ਕਰੋੜ ਰੁਪਏ ਦੇ ਨਾਵਾਜਬ ਕਰਜ਼ੇ ਦਾ ਭਾਰ ਲੱਦ ਦਿੱਤਾ।

ਕੇਂਦਰੀ ਖ਼ੈਰਾਤ ਹੁਣ ਸੰਭਵ ਨਹੀਂ ਜਾਪਦੀ, ਕਿਉਂਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਜਪਾ ਪ੍ਰਧਾਨ ਅਮਿਤ ਸ਼ਾਹ ਦੀਆਂ ਸਿਆਸੀ ਗਿਣਤੀਆਂ-ਮਿਣਤੀਆਂ ਵਿੱਚ ਪੰਜਾਬ ਕਿਤੇ ਸੂਤ ਨਹੀਂ ਬੈਠਦਾ। ਨੀਤੀ ਆਯੋਗ ਦੇ ਨੁਮਾਇੰਦੇ ਡਾਕਟਰ ਰਾਜੀਵ ਕੁਮਾਰ ਨੇ ਆਪਣੇ ਹਾਲੀਆ ਚੰਡੀਗੜ੍ਹ ਦੌਰੇ ਦੌਰਾਨ ਦਿੱਲੀ ਦਾ ਦੋ-ਟੁੱਕ ਸੁਨੇਹਾ ਸ਼ਰ੍ਹੇਆਮ ਦੁਹਰਾਇਆ: ''ਫੰਡ ਮੰਗਣੇ ਬੰਦ ਕਰੋ। ਮੁਲਕ ਦੀ ਅਨਾਜ ਸੁਰੱਖਿਆ ਦਾ ਮਸਲਾ ਤੁਸੀਂ ਸਾਡੇ 'ਤੇ ਛੱਡ ਸਕਦੇ ਹੋ।'' ਇਸ ਝਿੜਕ ਵਿੱਚ ਹੀ ਸਖ਼ਤ ਸੁਨੇਹਾ ਹੈ।

ਹਰ ਬਜਟ, ਲੀਡਰਸ਼ਿਪ ਲਈ ਇੱਕ ਚੋਣ ਕਰਨ ਦੀ ਚੁਣੌਤੀ ਵਾਂਗ ਹੁੰਦਾ ਹੈ: ਕਰਦਾਤਿਆਂ ਦਾ ਪੈਸਾ ਵੋਟਰਾਂ ਨੂੰ ਲੁਭਾਉਣ ਲਈ ਵਰਤਿਆ ਜਾਵੇ ਤਾਂ ਕਿ ਅਗਲੀਆਂ ਚੋਣਾਂ ਵਿੱਚ ਇਨ੍ਹਾਂ ਨੂੰ ਆਪਣੇ ਹੱਕ ਵਿੱਚ ਭੁਗਤਾਇਆ ਜਾ ਸਕੇ, ਜਾਂ ਫਿਰ ਲੰਮੇ ਸਮੇਂ ਦੇ ਫ਼ਾਇਦਿਆਂ ਲਈ ਕੁਝ ਸਖ਼ਤ ਫ਼ੈਸਲੇ ਕੀਤੇ ਜਾਣ। ਬਾਦਲ ਅਤੇ ਕੈਪਟਨ ਅਮਰਿੰਦਰ ਸਿੰਘ, ਦੋਹਾਂ ਨੇ ਹੀ ਹੁਣ ਤੱਕ ਉਹੀ ਰਾਹ ਅਪਣਾਏ ਹਨ ਜੋ ਸੂਬੇ ਦੀ ਥਾਂ ਉਨ੍ਹਾਂ ਨੂੰ ਵਧੇਰੇ ਸੂਤ ਬੈਠਦੇ ਹਨ। ਜ਼ਾਹਿਰ ਹੈ ਕਿ ਉਹ ਸੱਤਾ ਉੱਤੇ ਕਬਜ਼ੇ ਲਈ ਸਿਆਸਤ ਕਰ ਰਹੇ ਹਨ, ਲਾਭਦਾਇਕ ਕਾਰਜ ਕਰਨ ਲਈ ਕੁਝ ਵੀ ਨਹੀਂ ਕਰ ਰਹੇ।

ਇਸ ਦਾ ਨਤੀਜਾ ਇਹ ਨਿਕਲਿਆ ਹੈ ਕਿ ਮਾਹਿਰ ਜਿਨ੍ਹਾਂ ਫ਼ਜ਼ੂਲ ਗੱਲਾਂ ਤੋਂ ਵਰਜਦੇ ਰਹੇ, ਇਹ ਲੋਕ ਉਹੀ ਕੁਝ ਕਰਦੇ ਰਹੇ ਹਨ। ਮੁਫ਼ਤ ਬਿਜਲੀ ਅਜਿਹੀ ਸਭ ਤੋਂ ਵੱਡੀ ਗ਼ਲਤੀ ਹੈ ਜਿਹੜੀ (1) ਪੰਜਾਬ ਦੀ ਖੇਤੀਬਾੜੀ ਦਾ ਨੁਕਸਾਨ ਕਰ ਰਹੀ ਹੈ, (2) ਝੋਨੇ ਦੀ ਕਾਸ਼ਤ ਨੂੰ ਮਿਲਦੀ ਹੱਲਾਸ਼ੇਰੀ ਨੇ ਪੰਜਾਬ ਦੇ ਜਲ ਸੋਮੇ ਸੁਕਾ ਦਿੱਤੇ ਹਨ, (3) ਸਬਮਰਸੀਬਲ ਪੰਪਾਂ ਨਾਲ ਕਿਸਾਨਾਂ ਦਾ ਪੈਦਾਵਾਰੀ ਖ਼ਰਚਾ ਵਧਾ ਦਿੱਤਾ ਹੈ, (4) ਪ੍ਰਾਈਵੇਟ ਬਿਜਲੀ ਕੰਪਨੀਆਂ ਉੱਤੇ ਸੂਬੇ ਦੀ ਨਿਰਭਰਤਾ ਵਧਾਈ ਜੋ ਆਪਣੀਆਂ ਸ਼ਰਤਾਂ ਮੰਨਵਾਉਂਦੀਆਂ ਹਨ, (5) ਝੋਨੇ ਦੇ ਸੀਜ਼ਨ ਦੌਰਾਨ ਸਨਅਤੀ ਕੰਮਕਾਰ ਠੱਲ੍ਹ ਦਿੱਤਾ; ਅਤੇ (6) ਉਹ ਵਸੀਲੇ ਚਟਮ ਕਰ ਲਏ ਹਨ ਜਿਹੜੇ ਬਿਜਲੀ ਪਲਾਂਟਾਂ ਨੂੰ ਆਧੁਨਿਕ ਬਣਾਉਣ ਤੇ ਬਿਜਲੀ ਪੈਦਾਵਾਰ ਦੀ ਸਮਰੱਥਾ ਵਧਾਉਣ ਲਈ ਵਰਤੇ ਜਾ ਸਕਦੇ ਸਨ, ਅਤੇ ਇਸ ਤਰ੍ਹਾਂ ਪਲਾਂਟ ਬੰਦ ਕਰਨ ਕਰਕੇ ਟੁੱਟੀਆਂ ਨੌਕਰੀਆਂ ਬਚਾਉਣ ਦਾ ਸਾਧਨ ਬਣ ਸਕਦੇ ਸਨ। ਜੁੱਗਾਂ ਪੁਰਾਣੀ ਕਹਾਵਤ 'ਬੰਦੇ ਨੂੰ ਮੱਛੀ ਦੇਣ ਦੀ ਥਾਂ ਮੱਛੀ ਫੜਨੀ ਸਿਖਾਓ' ਤੱਜ ਦਿੱਤੀ ਗਈ। ਇਨ੍ਹਾਂ ਨੇ ਪੰਜਾਬੀਆਂ ਨੂੰ ਮੁਫ਼ਤਖ਼ੋਰੇ ਬਣਾ ਦਿੱਤਾ।

ਇਸ ਅਣਗਹਿਲੀ ਕਰ ਕੇ ਬਹੁਤ ਨੁਕਸਾਨ ਹੋਇਆ। ਵੋਟ ਸਿਆਸਤ ਅਤੇ ਪ੍ਰਾਈਵੇਟ ਖੇਤਰ ਦੀ ਸਰਪ੍ਰਸਤੀ ਲਈ ਲੋੜਾਂ ਪੂਰੀਆਂ ਕਰਦਿਆਂ, ਵਸੀਲਿਆਂ ਦੀ ਵਰਤੋਂ ਹੋਰ ਪਾਸੇ ਕਰਨ ਦਾ ਮਾਮਲਾ ਹੁਣ ਸਿਰਫ਼ ਬਿਜਲੀ ਖੇਤਰ ਤੱਕ ਹੀ ਸੀਮਤ ਨਹੀਂ ਰਿਹਾ। ਇਹ ਅਗਾਂਹ ਸਰਕਾਰੀ ਟਰਾਂਸਪੋਰਟ, ਸਿੱਖਿਆ, ਸਿਹਤ ਅਤੇ ਸੜਕਾਂ ਦੇ ਖੇਤਰਾਂ ਤੱਕ ਫੈਲ ਗਿਆ, ਜਿਸ ਨਾਲ ਸਰਕਾਰੀ ਖੇਤਰ ਵਿਚ ਨੌਕਰੀਆਂ ਘਟ ਜਾਂ ਖ਼ਤਮ ਹੋ ਰਹੀਆਂ ਹਨ। ਇਸ ਦਾ ਖ਼ਮਿਆਜ਼ਾ ਸਭ ਨੂੰ ਭੁਗਤਣਾ ਪੈ ਰਿਹਾ ਹੈ। ਕਰਜ਼ਾ ਮੁਆਫ਼ੀ ਉਡੀਕਦਿਆਂ ਕਿਸਾਨਾਂ ਨੇ ਕਰਜ਼ੇ ਮੋੜਨੇ ਬੰਦ ਕਰ ਦਿੱਤੇ ਹਨ। ਹੁਣ ਕਾਂਗਰਸ ਇਹ 'ਫੜ੍ਹ' ਮਾਰ ਸਕਦੀ ਹੈ ਕਿ ਲੋਕ ਲੁਭਾਊ ਸਿਆਸਤ ਖ਼ਾਤਿਰ ਇਸ ਨੇ ਸਹਿਕਾਰੀ ਸਭਾਵਾਂ ਅਤੇ ਬੈਂਕਾਂ ਨੂੰ ਵੀ ਮਾੜੀ ਕਾਰਗੁਜ਼ਾਰੀ ਵਾਲੀਆਂ ਹੋਰ ਸੰਸਥਾਵਾਂ ਵਿਚ ਸ਼ੁਮਾਰ ਕਰ ਦਿੱਤਾ ਹੈ।

ਹਰ ਆਰਥਿਕ ਮਾਹਿਰ ਇਹ ਆਖ ਰਿਹਾ ਹੈ ਕਿ ਕਿਸਾਨੀ ਸਿਰ ਪਏ ਸੰਕਟ ਦਾ ਹੱਲ ਕਰਜ਼ਾ ਮੁਆਫ਼ੀ ਨਹੀਂ ਹੈ। ਫਿਰ ਵੀ ਸਰਕਾਰ ਜਿਸ ਨੇ ਸਲਾਹਕਾਰਾਂ ਦੀ ਪੂਰੀ ਬਟਾਲੀਅਨ ਖੜ੍ਹੀ ਕਰ ਲਈ ਹੋਈ ਹੈ, ਇਸ ਵਾਜਬ ਤੇ ਸਿਆਣੀ ਸਲਾਹ ਨੂੰ ਨਜ਼ਰਅੰਦਾਜ਼ ਕਰ ਰਹੀ ਹੈ। ਲਕੀਰ ਦੇ ਫ਼ਕੀਰ ਤੋਂ ਅਗਾਂਹ ਸੋਚਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ ਜਾ ਰਹੀ। ਪਿਛਲੇ ਸਾਲਾਂ ਦੌਰਾਨ ਆਪਣੀਆਂ ਗੰਭੀਰ ਸਮੱਸਿਆਵਾਂ ਨਾਲ ਨਜਿੱਠਣ ਲਈ ਪੰਜਾਬ ਨੇ ਕੋਈ ਇੱਕ ਵੀ ਵੱਡਾ ਵਿਚਾਰ ਸਾਹਮਣੇ ਨਹੀਂ ਲਿਆਂਦਾ। ਹਰਿਆਣਾ ਖੇਡਾਂ ਨੂੰ ਪ੍ਰਫੁਲਿਤ ਕਰ ਰਿਹਾ ਹੈ ਅਤੇ ਸਬਜ਼ੀ ਕਾਸ਼ਤਕਾਰਾਂ ਨੂੰ ਚੰਗੇ ਭਾਅ ਦੇ ਰਿਹਾ ਹੈ। ਹਿਮਾਚਲ ਪ੍ਰਦੇਸ਼ ਮਨੁੱਖੀ ਵਿਕਾਸ ਵਾਲੇ ਪਾਸੇ ਪੂਰੇ ਸਿਰੜ ਨਾਲ ਲੱਗਿਆ ਹੋਇਆ ਹੈ। ਮੱਧ ਪ੍ਰਦੇਸ਼ ਘੱਟੋ-ਘੱਟ ਸਮਰਥਨ ਮੁੱਲ ਤੋਂ ਹੇਠਾਂ ਜਿਣਸ ਵਿਕਣ ਕਾਰਨ, ਕਿਸਾਨਾਂ ਨੂੰ ਪੈਂਦਾ ਘਾਟਾ ਖ਼ੁਦ ਪੈਸਾ ਮੁਹੱਈਆ ਕਰਵਾ ਕੇ ਪੂਰਾ ਕਰ ਰਿਹਾ ਹੈ। ਤਿਲੰਗਾਨਾ ਬਿਜਾਈ ਦੇ ਹਰ ਸੀਜ਼ਨ ਦੌਰਾਨ ਕਿਸਾਨਾਂ ਨੂੰ ਚਾਰ ਹਜ਼ਾਰ ਰੁਪਏ ਫ਼ੀ ਏਕੜ ਉੱਕਾ-ਪੁੱਕਾ ਸਬਸਿਡੀ ਦੇ ਰਿਹਾ ਹੈ।

ਬਹੁਤ ਘੱਟ ਆਸ ਹੈ ਕਿ ਆਉਣ ਵਾਲਾ ਬਜਟ ਕਿਸੇ ਲਿਹਾਜ਼ ਵੱਖਰਾ ਹੋਵੇਗਾ। ਸਾਡੇ ਕੋਲ ਅਜਿਹੇ ਨੀਤੀਘਾੜੇ ਹਨ ਜਿਹੜੇ ਮੌਕਾ ਆਉਣ 'ਤੇ ਆਪਣੇ ਦਰਵਾਜ਼ੇ ਢੋਹ ਲੈਂਦੇ ਹਨ। ਮੁੱਖ ਮੰਤਰੀ ਪ੍ਰਾਈਵੇਟ ਪੂੰਜੀਨਿਵੇਸ਼ ਖ਼ਾਤਿਰ ਮੁੰਬਈ ਤਾਂ ਜਾ ਸਕਦੇ ਹਨ ਪਰ ਜਦੋਂ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਪੰਜਾਬੀਆਂ ਨਾਲ ਸਾਂਝ ਤੇ ਸਦਭਾਵਨਾ ਖ਼ਾਤਿਰ ਪੰਜਾਬ ਆਉਂਦੇ ਹਨ ਤਾਂ ਉਨ੍ਹਾਂ ਨਾਲ ਗੱਲ ਕਰਨ ਲਈ ਮੁੱਖ ਮੰਤਰੀ ਕੋਲ ਕੋਈ ਆਰਥਿਕ ਏਜੰਡਾ ਹੀ ਨਹੀਂ ਹੁੰਦਾ। ਇਸ ਦੀ ਥਾਂ ਨੌਂ ਭਗੌੜੇ ਬੰਦਿਆਂ ਦੀ ਲਿਸਟ ਪੇਸ਼ ਕੀਤੀ ਜਾਂਦੀ ਹੈ ਅਤੇ ਖ਼ਾਲਿਸਤਾਨ ਵਰਗਾ ਖ਼ਤਮ ਹੋਇਆ ਮੁੱਦਾ ਮੁੜ ਉਖਾੜਿਆ ਜਾਂਦਾ ਹੈ। ਦਰਅਸਲ, ਮੁੱਖ ਮੰਤਰੀ ਕੈਨੇਡਾ ਵੱਲੋਂ ਉਨ੍ਹਾਂ ਨੂੰ ਵੀਜ਼ੇ ਤੋਂ ਇਨਕਾਰ ਕਰਨ ਵਾਲੀ ਗੱਲ ਤੋਂ ਉੱਪਰ ਉੱਠ ਹੀ ਨਹੀਂ ਸਕੇ।

ਉੱਤਰ ਭਾਰਤ ਆਮ ਕਰ ਕੇ, ਤੇ ਪੰਜਾਬ ਖ਼ਾਸ ਕਰ ਕੇ ਪਾਕਿਸਤਾਨ ਅਤੇ ਹੋਰ ਅਗਲੇਰੇ ਮੁਲਕਾਂ ਨਾਲ ਕਾਰੋਬਾਰ ਵਧਾਉਣ ਤੋਂ ਲਾਭ ਉਠਾ ਸਕਦਾ ਹੈ ਪਰ ਪੰਜਾਬ ਦੇ ਕਿਸੇ ਵੀ ਲੀਡਰ ਨੇ ਭਾਜਪਾ ਦੇ ਜੰਗਬਾਜ਼ ਕਾਡਰ ਨੂੰ ਥਾਂ ਸਿਰ ਰੱਖਣ ਵੱਲ ਕਦੀ ਕੋਈ ਧਿਆਨ ਨਹੀਂ ਦਿੱਤਾ। ਦਹਿਸ਼ਤਪਸੰਦੀ ਦੇ ਟਾਕਰੇ ਲਈ ਸਭ ਤੋਂ ਵੱਡਾ ਹਥਿਆਰ ਕਾਰੋਬਾਰ ਹੈ ਅਤੇ ਇਹ ਪਾਕਿਸਤਾਨ ਤੱਕ ਵਧੇਰੇ ਪਹੁੰਚ ਦੀ ਮੰਗ ਕਰਦਾ ਹੈ; ਪਰ ਕੈਪਟਨ ਅਮਰਿੰਦਰ ਸਿੰਘ ਆਪਣੇ ਚੁਸਤ-ਚਾਲਾਕ ਚੋਣ ਰਣਨੀਤੀਕਾਰਾਂ ਦੀ ਸਲਾਹ ਉੱਤੇ ਅੱਲਵਲੱਲੇ ਚੋਣ ਵਾਅਦੇ ਕਰਦਿਆਂ ਸਮਾਂ ਲੰਘਾਉਂਦੇ ਰਹੇ।

ਨਿਊ ਯਾਰਕ ਯੂਨੀਵਰਸਿਟੀ ਦੇ ਪ੍ਰੋਫ਼ੈਸਰ ਸਟੀਫ਼ਨ ਹੋਮਜ਼ ਦਾ ਕਹਿਣਾ ਹੈ, ''ਸਿਆਸਤ ਦਾ ਮਤਲਬ ਵਾਅਦੇ ਕਰਨਾ, ਨਾਕਾਮ ਹੋਣਾ ਅਤੇ ਫਿਰ ਇਸ ਨਾਕਾਮੀ ਨੂੰ ਲੁਕੋਣਾ ਹੈ।'' ਹੋਮਜ਼ ਨੇ ਕੈਪਟਨ ਅਮਰਿੰਦਰ ਸਿੰਘ ਬਾਰੇ ਤਾਂ ਨਹੀਂ ਸੁਣਿਆ ਹੋਵੇਗਾ ਪਰ ਉਨ੍ਹਾਂ ਜੋ ਕਿਹਾ ਉਹ ਪੰਜਾਬ ਦੇ ਮੁੱਖ ਮੰਤਰੀ ਵੱਲੋਂ ਵਰਤਾਈ ਜਾ ਰਹੀ ਜਮਹੂਰੀਅਤ ਉੱਤੇ ਐਨ ਢੁਕਦਾ ਹੈ। ਕੈਪਟਨ ਨੇ ਪੂਰਾ ਇੱਕ ਸਾਲ ਲੋਕਾਂ ਨੂੰ ਇਹ ਚੇਤਾ ਕਰਾਉਂਦਿਆਂ ਹੀ ਲੰਘਾ ਦਿੱਤਾ ਕਿ ਬਾਦਲਾਂ ਨੇ ਕਿੰਨੀ ਵੱਡੀ ਗੜਬੜ ਕੀਤੀ ਹੈ। ਮੁੱਖ ਮੰਤਰੀ ਦਾ 2.08 ਲੱਖ ਕਰੋੜ ਦੇ ਕਰਜ਼ੇ ਉੱਤੇ ਹੈਰਾਨੀ ਭਰਿਆ ਬਿਆਨ ਵੀ ਬਨਾਵਟੀ ਸੀ, ਕਿਉਂਕਿ ਉਦੈ ਬੌਂਡਜ਼, ਸਟੇਟ ਗਾਰੰਟੀ ਅਤੇ ਸਰਕਾਰੀ ਖੇਤਰ ਦੇ ਅਦਾਰਿਆਂ ਦੇ ਕਰਜ਼ੇ ਸਮੇਤ ਸੂਬੇ ਸਿਰ ਚੜ੍ਹਿਆ ਕਰਜ਼ਾ ਜਨਤਕ ਹੋਇਆ ਹੋਇਆ ਹੈ। 'ਟਾਈਮਜ਼ ਆਫ਼ ਇੰਡੀਆ' ਨਾਲ ਇੰਟਰਵਿਊ (27 ਫਰਵਰੀ) ਦੌਰਾਨ ਉਨ੍ਹਾਂ ਕਿਹਾ ਹੈ, ''ਸਾਲ 2006-07 (ਜਦੋਂ ਉਹ ਮੁੱਖ ਮੰਤਰੀ ਸਨ) ਵਿੱਚ ਸੂਬੇ ਦੀ ਵਿਕਾਸ ਦਰ 10.18 ਫ਼ੀਸਦ ਸੀ ਜਿਹੜੀ ਭਾਰਤ ਦੀ ਔਸਤ ਵਿਕਾਸ ਦਰ 9.57 ਫ਼ੀਸਦ ਤੋਂ ਵੱਧ ਸੀ। ਸਾਲ 2016-17 ਤੱਕ ਪੁੱਜਦਿਆਂ ਇਹ ਭਾਰਤ ਦੀ 7.5 ਫ਼ੀਸਦ ਦਰ ਦੇ ਮੁਕਾਬਲੇ 4.20 ਫ਼ੀਸਦ ਤੱਕ ਆ ਡਿੱਗੀ।'' ਤੇ 8 ਮਾਰਚ 2006 ਨੂੰ 'ਦਿ ਹਿੰਦੂ' ਵਿੱਚ ਛਪੀ ਰਿਪੋਰਟ 'ਨੋ ਫਰੈਸ਼ ਟੈਕਸ ਇੰਨ ਪੰਜਾਬ ਬਜਟ' ਵਿਚ ਪੰਜਾਬ ਦੀ ਵਿਕਾਸ ਦਰ 5.5 ਦੱਸੀ ਗਈ ਹੈ। ਇਹ ਕੈਪਟਨ ਦੇ ਦਾਅਵਿਆਂ ਤੋਂ ਤਕਰੀਬਨ ਅੱਧੀ ਹੈ। ਇਸ ਤੋਂ ਅਮਰੀਕੀ ਸਿਆਸਤਦਾਨ ਤੇ ਕੂਟਨੀਤਕ ਡੇਨੀਅਲ ਪੈਟਰਿਕ ਦਾ ਕਿਹਾ ਚੇਤੇ ਆਉਂਦਾ ਹੈ: ''ਹਰ ਕਿਸੇ ਨੂੰ ਆਪਣੇ ਵਿਚਾਰ ਰੱਖਣ ਦਾ ਹੱਕ ਹੁੰਦਾ ਹੈ ਪਰ ਤੱਥ ਕਿਸੇ ਦੇ ਆਪਣੇ ਨਹੀਂ ਹੋ ਸਕਦੇ।'' ਪੰਜਾਬ ਵਿੱਚ ਸਰਫ਼ਾਕਾਰੀ ਸ਼ੁਰੂ ਤਾਂ ਹੋਈ ਹੈ ਪਰ ਗ਼ਲਤ ਪਾਸੇ: ਦਿਹਾਤੀ ਸਕੂਲ ਬੰਦ ਕਰਨੇ, ਅਧਿਆਪਕਾਂ ਲਈ ਘੱਟੋ-ਘੱਟ ਉੱਕਾ-ਪੁੱਕਾ ਤਨਖ਼ਾਹ, 'ਸੁਵਿਧਾ ਕੇਂਦਰ' ਤੇ ਬਿਜਲੀ ਪਲਾਂਟ ਬੰਦ ਕਰਨੇ। ਕਰ, ਬਿਜਲੀ ਦਰਾਂ ਅਤੇ ਬੱਸਾਂ ਦੇ ਕਿਰਾਏ ਵਧ ਗਏ ਹਨ। ਸਰਕਾਰ ਦੇ ਉੱਪਰਲੇ ਪੱਧਰ ਉੱਤੇ ਇਹ ਸਰਫ਼ਾਕਾਰੀ ਲਾਗੂ ਨਹੀਂ। ਉਂਜ ਵੀ, ਸਰਕਾਰੀ ਫਜ਼ੂਲਖਰਚੀ ਵਿੱਚ ਕਟੌਤੀ ਅਜਿਹੀ ਆਸ ਹੈ ਜਿਵੇਂ ਸ਼ਾਹੀ ਠਾਠ ਨਾਲ ਰਹਿਣ ਵਾਲਿਆਂ ਤੋਂ ਮਹਾਤਮਾ ਗਾਂਧੀ ਵਾਂਗ ਰਹਿਣ ਦੀ ਉਮੀਦ ਕਰਨੀ। ਕੈਪਟਨ ਅਮਰਿੰਦਰ ਸਿੰਘ ਆਖਦੇ ਹਨ ਕਿ ਇੱਕ ਵਾਰ ਪੰਜਾਬ ਦੀ ਵਿੱਤੀ ਹਾਲਤ ਠੀਕ ਹੋ ਜਾਵੇ, ਉਹ ਪਾਸੇ ਹੋ ਜਾਣਗੇ। ਇਸ ਦਾ ਮਤਲਬ ਹੈ ਕਿ ਸੱਤਾ ਦਾ ਲਾਲਚ ਨਹੀਂ ਛੁੱਟ ਰਿਹਾ। ਵਿੱਤੀ ਸੁਧਾਰਾਂ ਲਈ ਸੰਜੀਦਗੀ ਨਾਲ ਕੰਮ ਕਰ ਕੇ ਉਹ ਸਿਆਸੀ ਤੌਰ 'ਤੇ ਖ਼ੁਦ ਨੂੰ ਫ਼ਾਲਤੂ ਤੇ ਬੇਲੋੜੇ ਕਿਉਂ ਬਣਾਉਣਗੇ? ਉਹ ਯਾਦਗਾਰਾਂ ਬਣਾਉਣ ਲਈ ਬਾਦਲ ਦੀ ਸ਼ਲਾਘਾ ਕਰਦੇ ਹਨ, ਜਦਕਿ ਉਨ੍ਹਾਂ ਦਾ ਵਿੱਤ ਮੰਤਰੀ ਮਨਪ੍ਰੀਤ ਬਾਦਲ ਯਾਦਗਾਰਾਂ ਉੱਤੇ 2000 ਕਰੋੜ ਰੁਪਏ ਦੀ ਫ਼ਜ਼ੂਲ ਖ਼ਰਚੀ ਦੀ ਗੱਲ ਕਰਦਾ ਹੈ ਅਤੇ ਪੰਜਾਬ ਯੂਨੀਵਰਸਿਟੀ ਨੂੰ 20 ਕਰੋੜ ਰੁਪਏ ਵੀ ਨਹੀਂ ਦਿੰਦਾ। ਬਜਟ ਦੇ ਜ਼ਰੀਏ ਸੱਤਾ ਧਿਰ ਨੂੰ ਇੱਕ ਮੌਕਾ ਮਿਲਿਆ ਹੈ ਕਿ ਉਹ ਤਬਦੀਲੀ-ਵਿਰੋਧੀ ਧਾਰਨਾ ਬਦਲ ਸੁੱਟੇ। ਹੁਣ ਪਾਣੀ, ਹਵਾ, ਮਿੱਟੀKਭੂਮੀ, ਸਿੱਖਿਆ ਅਤੇ ਸਿਹਤ ਵਰਗੇ ਬੁਨਿਆਦੀ ਮਸਲਿਆਂ ਵੱਲ ਧਿਆਨ ਦੇਣ ਦਾ ਵੇਲਾ ਹੈ। ਪਾਣੀ, ਹਵਾ ਅਤੇ ਮਿੱਟੀKਭੂਮੀ ਦਾ ਪ੍ਰਦੂਸ਼ਣ ਮਨੁੱਖੀ ਸਿਹਤ ਅਤੇ ਪਰਿਵਾਰਾਂ ਦੇ ਬਜਟ ਉੱਤੇ ਬਹੁਤ ਘਾਤਕ ਅਸਰ ਪਾਉਂਦਾ ਹੈ। ਗ਼ੈਰ-ਮਿਆਰੀ ਸਿੱਖਿਆ ਨੇ ਨੌਜਵਾਨਾਂ ਨੂੰ ਬੇਰੁਜ਼ਗਾਰ ਬਣਾ ਦਿੱਤਾ ਹੈ। ਬਜਟ ਇਨ੍ਹਾਂ ਸਾਰੇ ਖੇਤਰਾਂ ਵਿੱਚ ਹਰ ਕਿਸੇ ਲਈ ਇਤਬਾਰ ਵਾਲੀ ਰਾਹਤ ਯੋਜਨਾ ਲਈ ਫੰਡ ਜੁਟਾ ਸਕਦਾ ਹੈ। ਹੁਣ ਵਸੀਲਿਆਂ ਦੀ ਫ਼ਜ਼ੂਲ ਖ਼ਰਚੀ ਦੀ ਥਾਂ ਇਨ੍ਹਾਂ ਦੀ ਉਸਾਰੂ ਵਰਤੋਂ ਵੱਲ ਮੋੜ ਕੱਟਣ ਦਾ ਵੇਲਾ ਹੈ।

# ਦੁਨੀਆ ਦੇ 15 ਸਭ ਤੋਂ ਅਮੀਰ ਸ਼ਹਿਰਾਂ 'ਚ ਮੁੰਬਈ 12ਵੇਂ 'ਤੇ

**ਨਵੀਂ ਦਿੱਲੀ** – ਮੁੰਬਈ ਦੁਨੀਆ ਦੇ 15 ਸਭ ਤੋਂ ਅਮੀਰ ਸ਼ਹਿਰਾਂ ਵਿਚ 12ਵੇਂ ਨੰਬਰ 'ਤੇ ਹੈ। ਇਸ ਦੀ ਕੁੱਲ ਸੰਪਤੀ 61 ਲੱਖ ਕਰੋੜ ਰੁਪਏ ਦੱਸੀ ਗਈ ਹੈ। ਅਰਬਪਤੀਆਂ ਦੇ ਮਾਮਲੇ ਵਿਚ ਵੀ ਮੁੰਬਈ ਦੁਨੀਆ ਦੇ ਦਸ ਟੌਪ ਸ਼ਹਿਰਾਂ ਵਿਚੋਂ ਇੱਕ ਹੈ। ਜਇੱਥੇ ਕੁੱਲ 28 ਅਰਬਪਤੀ ਰਹਿੰਦੇ ਹਨ। ਇਨ੍ਹਾਂ ਵਿਚੋਂ ਹਰੇਕ ਦੀ ਸੰਪਤੀ ਜਇੱਕ ਅਰਬ ਡਾਲਰ ਜਾਂ ਇਸ ਤੋਂ ਜ਼ਿਆਦਾ ਹੈ। ਮਾਰਿਕਟ ਰਿਸਰਚ ਕੰਪਨੀ ਜਿਨਊ ਵਰਲਡ ਵੈਲਥ ਦੀ ਰਿਪੋਰਟ ਦੇ ਮੁਤਾਬਕ ਅਗਲੇ ਦਸ ਸਾਲ ਵਿਚ ਵੈਲਥ ਕ੍ਰਿਏਸ਼ਨ ਦੇ ਮਾਮਲੇ ਵਿਚ ਮੁੰਬਈ ਸਭ ਤੋਂ ਤੇਜ਼ੀ ਨਾਲ ਵਧਣ ਵਾਲਾ ਸ਼ਹਿਰ ਹੋਵੇਗਾ। ਲਿਸਟ ਵਿਚ ਮੁੰਬਈ ਤੋਂ ਬ ਾ ਅ ਦ 60.66 ਲੱਖ ਕਰੋੜ ਰੁਪਏ ਦੀ ਸੰਪਤੀ ਦੇ ਨਾਲ ਟੋਰਾਂਟੋ 13ਵੇਂ, 58.60 ਲੱਖ ਕਰੋੜ ਦੀ ਸੰਪਤੀ ਦੇ ਨਾਲ ਫਰੈਂਕਫਰਟ 14ਵੇਂ ਅਤੇ 55.26 ਲੱਖ ਕਰੋੜ ਰੁਪਏ ਦੇ ਨਾਲ ਫਰੈਂਕਫਰਟ 14ਵੇਂ ਅਤੇ 55.26 ਲੱਖ ਕਰੋੜ ਰੁਪਏ ਦੇ ਨਾਲ ਪੈਰਿਸ 15ਵੇਂ ਨੰਬਰ 'ਤੇ ਰਿਹਾ। ਸ਼ਹਿਰ ਦੀ ਕੁੱਲ ਸੰਪਤੀ ਦਾ ਆਕਲਨ ਕਰਨ ਵਿਚ ਉਥੇ ਦੇ ਨਿਵਾਸੀਆਂ ਦੀ ਨਿੱਜੀ ਸੰਪਤੀ ਹੀ ਸ਼ਾਮਲ ਕੀਤੀ ਗਈ ਹੈ। ਦੁਨੀਆ ਦੇ ਅਮੀਰ ਸ਼ਹਿਰਾਂ ਦੀ ਇਸ ਲਿਸਟ ਵਿਚ 193 ਲੱਖ ਕਰੋੜ ਦੀ ਸੰਪਤੀ ਦੇ ਨਾਲ ਨਿਊਯਾਰਕ ਪਹਿਲੇ ਨੰਬਰ 'ਤੇ ਹੈ। ਦੂਜੇ ਨੰਬਰ 'ਤੇ 173. 50 ਲੱਖ ਕਰੋੜ ਦੀ ਕੁੱਲ ਸੰਪਤੀ ਵਾਲਾ ਲੰਡਨ ਹੈ।




The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਉੱਘੇ ਸਮਾਜ ਸੇਵਕ ਅਤੇ ਨਿਧੜਕ ਆਗੂ ਸ੍ਰੀ ਸੀ.ਐਲ.ਚੁੰਬਰ ਜੀ ਦਾ ਜਨਮ ਦਿਨ ਮਨਾਇਆ ਗਿਆ








ਜਲੰਧਰ- ਉੱਘੇ ਸਮਾਜ ਸੇਵਕ ਅਤੇ ਬਹੁਜਨ ਸਮਾਜ ਪਾਰਟੀ ਦੇ ਨਿੱਧੜਕ ਆਗੂ ਰਹਿ ਚੁੱਕੇ ਸਵ: ਸ੍ਰੀ ਸੀ. ਐਲ. ਚੂੰਬਰ ਜੀ ਦੇ ਜਨਮ ਦਿਨ ਮੋਕੇ ਤੇ ਉਹਨਾ ਦੇ ਪ੍ਰੀਵਾਰ ਨੇ ਸ੍ਰੀ ਸੀ. ਐਲ. ਚੂੰਬਰ ਜੀ ਨੂੰ ਸਮਾਜ ਪ੍ਰਤੀ ਚੰਗੇ ਕੰਮਾਂ ਨੂੰ ਯਾਦ ਕਰਦੇ ਹੋਏ ਬੀਤੇ ਦਿਨੀ 02 ਮਾਰਚ 2018 ਨੂੰ ਉਨਾ ਦੇ ਜਨਮ ਦਿਨ ਦੇ ਮੋਕੇ ਸ਼ੀ ਗੁਰੁ ਨਾਨਕ ਅਨਾਥ ਆਸ਼ਰਮ ਵਿਖੇ ਅਨਾਥ ਬੱਚਿਆ ਨਾਲ ਸ਼੍ਰੀ ਸੀ. ਐਲ. ਚੂੰਬਰ ਜੀ ਦਾ ਜਨਮ ਦਿਨ ਮਨਾਇਆ ਗਿਆ। ਇਸ ਮੋਕੇ ਤੇ ਬੱਚਿਆਂ ਨੂੰ ਕਾਪੀਆ ਅਤੇ ਪੈਨ ਵੰਡੇ ਗਏ। ਜਨਮ ਦਿਨ ਤੇ ਯਾਦ ਕਰਦਿਆ ਹੋਇਆ ਅਨਾਥ ਬੱਚਿਆਂ ਦੇ ਨਾਲ ਉਹਨਾ ਦੀ ਧਰਮ ਪਤਨੀ ਸ਼ੀਮਤੀ ਸੰਤੋਸ਼ ਚੂੰਬਰ ਉਹਨਾਂ ਦੇ ਬੇਟੇ ਕੁਮਾਰਜੀਵ ਚੂੰਬਰ ਤੇ ਜਨ ਸੰਗਰਾਮ ਚੂੰਬਰ ਸ਼ਾਮਿਲ ਸਨ।

# ਖਾਨਖਾਨਾ ਦੇ ਖੇਡ ਮੈਦਾਨ ਵਾਸਤੇ ਪ੍ਰਦੇਸੀਆਂ ਵਲੋਂ ਇੱਕ ਲੱਖ ਰੁਪਏ ਦਾਨ



**ਮੁਕੰਦਪੁਰ, (ਰੇਸ਼ਮ ਕਰਨਾਣਵੀ)**-ਨਜ਼ਦੀਕੀ ਪਿੰਡ ਖਾਨਖਾਨਾ ਦੇ ਵਾਸਤੇ ਪ੍ਰਦੇਸੀ ਪੰਜਾਬੀ ਇਕਬਾਲ ਸਿੰਘ ਪਾਲੀ ਸਪੁੱਤਰ ਸਵ. ਸ. ਬੁੱਧ ਸਿੰਘ ਵਲੋਂ ਇੱਕ ਲੱਖ ਰੁਪਏ ਖੇਡ ਮੈਦਾਨ ਵਾਸਤੇ ਦਿੱਤੇ।

ਇਸ ਮੌਕੇ ਇਕਬਾਲ ਸਿੰਘ ਪਾਲੀ ਹੋਰਾਂ ਦੇ ਪਰਿਵਾਰਕ ਮੈਂਬਰ ਪਰਮਜੀਤ ਕੌਰ ਨੇ ਕਿਹਾ ਕਿ ਸਾਨੂੰ ਪਰਦੇਸਾਂ ਵਿੱਚ ਰਹਿੰਦੇ ਹੋਏ ਆਪਣੇ ਦੇਸ਼ ਦੇ ਹਾਲਾਤਾਂ ਦੀ ਚਿੰਤਾ ਰਹਿੰਦੀ ਹੈ, ਇਸ ਲਈ ਅਸੀਂ ਪੰਜਾਬ ਦੀ ਨੌਜਵਾਨੀ ਨੂੰ ਸਾਂਭਣ ਲਈ ਖੇਡਾਂ ਵੱਲ ਪ੍ਰੇਰਿਤ ਕਰਨ ਅਤੇ ਉਤਸ਼ਾਹਤ ਕਰਨ ਵਾਸਤੇ ਆਪਣੀ ਕਿਰਤ ਕਮਾਈ ਦੇ ਦਸਵੰਦ ਵਿੱਚੋਂ ਪਿੰਡ ਦੇ ਖੇਡ ਮੈਦਾਨ ਲਈ ਇੱਕ ਲੱਖ ਰੁਪਏ ਦੇ ਰਹੇ ਹਾਂ।

ਇਸ ਮੌਕੇ ਇਕਬਾਲ ਸਿੰਘ ਪਾਲੀ, ਨਰਿੰਦਰ ਸਿੰਘ ਸਾਬਕਾ ਸਰਪੰਚ, ਸਤਨਾਮ ਸੰਧੂ ਖਾਨਖਾਨਾ, ਮਾਸਟਰ ਪਰਗਣ ਸਿੰਘ, ਮਹਿੰਦਰ ਸਿੰਘ, ਹੁਸਨ ਲਾਲ ਪੰਚ, ਦਵਿੰਦਰ ਸਿੰਘ, ਕੁਲਜੀਤ ਸਿੰਘ, ਕੁਲਵਿੰਦਰ ਸਿੰਘ ਰਾਏ, ਪਰਮਜੀਤ ਕੌਰ ਅਤੇ ਹਰਨੇਕ ਸਿੰਘ ਆਦਿ ਹਾਜ਼ਰ ਸਨ।

# ਪੰਜਾਬ ਸਰਕਾਰ ਨੇ ਨਵੀ ਆਬਕਾਰੀ ਨੀਤੀ ’ਤੇ ਮੋਹਰ ਲਾਈ

ਚੰਡੀਗੜ੍ਹ- ਪੰਜਾਬ ਵਜ਼ਾਰਤ ਦੀ ਮੀਟਿੰਗ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ, ਜਿਸ ’ਚ ਨਵੀਂ ਆਬਕਾਰੀ ਨੀਤੀ ’ਤੇ ਮੋਹਰ ਲਾਈ ਗਈ। ਨਵੀਂ ਆਬਕਾਰੀ ਨੀਤੀ ਅਨੁਸਾਰ ਸੂਬੇ ਵਿੱਚ ਸ਼ਰਾਬ ਕਾਰੋਬਾਰ ’ਚ ਅਜ਼ਾਰੇਦਾਰੀ ਤੋੜਨ ਦਾ ਫ਼ੈਸਲਾ ਲਿਆ ਗਿਆ ਹੈ। ਮੀਟਿੰਗ ਤੋਂ ਬਾਅਦ ਵਿੱਤ ਮੰਤਰੀ ਮਨਪ੍ਰੀਤ ਬਾਦਲ ਨੇ ਦੱਸਿਆ ਕਿ ਸੂਬੇ ਵਿੱਚ ਇਸ ਵਾਰ ਸ਼ਰਾਬ ਦਾ ਕੋਟਾ 32 ਫੀਸਦੀ ਹੋਰ ਘਟਾਇਆ ਗਿਆ ਹੈ ਤੇ ਇਹ ਕੋਟਾ ਦੋ ਸਾਲਾਂ ਵਿੱਚ 47 ਫੀਸਦੀ ਘਟਿਆ ਹੈ। ਇਸ ਦੇ ਨਾਲ ਸ਼ਰਾਬ ਦੀ ਤਸਕਰੀ ਰੋਕਣ ਲਈ ਸ਼ਰਾਬ ਦੀ ਕੀਮਤ ਘਟਾਉਣ ਦਾ ਫ਼ੈਸਲਾ ਕੀਤਾ ਹੈ ਜਿਸ ਨਾਲ ਸ਼ਰਾਬ ਦੀ ਕੀਮਤ ਪ੍ਰਤੀ ਬੋਤਲ ਪੰਜਾਹ ਰੁਪਏ ਤੋਂ ਵੱਧ ਘੱਟ ਸਕਦੀ ਹੈ ਤੇ ਇਸ ਦੇ ਨਾਲ ਬੀਅਰ ਦੀ ਕੀਮਤ ਵੀ ਕੁਝ ਘਟੇਗੀ। ਸ਼ਰਾਬ ਦੇ ਕਾਰੋਬਾਰ ’ਚ ਅਜਾਰੇਦਾਰੀ ਤੋੜਨ ਲਈ ਪੰਜ ਕਰੋੜ ਰੁਪਏ ਤੱਕ ਦੇ ਛੋਟੇ-ਛੋਟੇ 700 ਗਰੁੱਪਾਂ ਨੂੰ ਠੇਕੇ ਦਿੱਤੇ ਜਾਣਗੇ ਤੇ ਇਨ੍ਹਾਂ ਵਿੱਚ ਮੁਕਾਬਲੇਬਾਜ਼ੀ ਨਾਲ ਸ਼ਰਾਬ ਦੇ ਭਾਅ ਘਟਣਗੇ ਤੇ ਰਾਜ ਸਰਕਾਰ ਨੂੰ ਵੱਧ ਮਾਲੀਆ ਮਿਲੇਗਾ। ਨਵੀਂ ਨੀਤੀ ਤਹਿਤ ਇਸ ਵਾਰ ਪਿਛਲੇ ਸਾਲ ਦੇ 5150 ਕਰੋੜ ਰੁਪਏ ਦੇ ਮੁਕਾਬਲੇ ਛੇ ਹਜ਼ਾਰ ਕਰੋੜ ਰੁਪਏ ਤੱਕ ਦੀ ਆਮਦਨ ਦੀ ਆਸ ਹੈ। ਠੇਕੇਦਾਰਾਂ ਨੂੰ ਠੇਕੇ ਲਾਟਰੀ ਜਾਂ ਪਰਚੀਆਂ ਦੇ ਡਰਾਅ ਰਾਹੀਂ ਅਲਾਟ ਕੀਤੇ ਜਾਣਗੇ। ਨਵੀਂ ਨੀਤੀ ਤਹਿਤ ਸੂਬੇ ਭਰ ’ਚ ਸ਼ਰਾਬ ਦੇ ਠੇਕਿਆਂ ਦੀ ਗਿਣਤੀ 150 ਘਟਾ ਕੇ 5850 ਦੀ ਥਾਂ 5700 ਕਰ ਦਿੱਤੀ ਗਈ ਹੈ। ਪੀਐੱਮਐੱਲ ਦਾ ਕੋਟਾ 8.44 ਕਰੋੜ ਪਰੂਫ ਲੀਟਰ ਤੋਂ ਘਟਾ ਕੇ 5.78 ਕਰੋੜ, ਆਈਐੱਮਐੱਫਐੱਲ ਦਾ ਕੋਟਾ 3.71 ਕਰੋੜ ਪਰੂਫ ਲੀਟਰ ਤੋਂ ਘਟਾ ਕੇ 2.48 ਕਰੋੜ ਅਤੇ ਬੀਅਰ ਦਾ ਕੋਟਾ 3.22 ਤੋਂ ਘਟਾ ਕੇ 2.57 ਬੀਐੱਲ ਕਰ ਦਿਤਾ ਹੈ। ਨਵੀਂ ਨੀਤੀ ਅਨੁਸਾਰ ਠੇਕੇਦਾਰ ਪੰਜ ਤੋਂ ਦਸ ਫੀਸਦੀ ਸ਼ਰਾਬ ਦਾ ਕੋਟਾ ਆਪਸ ’ਚ ਬਦਲ ਸਕਦੇ ਹਨ। ਪੀਐੱਮਐੱਲ ’ਤੇ ਪਿਛਲੇ ਸਾਲ ਦੇ 240 ਰੁਪਏ ਪ੍ਰਤੀ ਕੇਸ ਦੇ ਮੁਕਾਬਲੇ ਆਬਕਾਰੀ ਡਿਊਟੀ 254 ਰੁਪਏ ਪ੍ਰਤੀ ਕੇਸ ਕਰ ਦਿੱਤੀ ਗਈ ਹੈ। ਇਸੇ ਤਰਾਂ ਪੀਐੱਮਐੱਲ, ਆਈਐੱਮਐੱਫਐੱਲ ਅਤੇ ਬੀਅਰ ’ਤੇ ਆਬਕਾਰੀ ਡਿਊਟੀ ਕ੍ਰਮਵਾਰ 318 ਰੁਪਏ, 348 ਰੁਪਏ ਪਰੂਫ ਲੀਟਰ ਅਤੇ 52 ਰੁਪਏ ਬਲਕ ਲਿਟਰ ਨਿਸ਼ਚਤ ਕੀਤੀ ਹੈ।

ਨਵੀਂ ਨੀਤੀ ਤਹਿਤ ਉਚਾਨੀ ਪ੍ਰਣਾਲੀ ਖਤਮ ਕਰ ਦਿੱਤੀ ਹੈ ਤੇ ਹੁਣ ਮੈਰਿਜ ਪੈਲੇਸਾਂ ਅਤੇ ਬੈਂਕੁਇਟ ਹਾਲਾਂ ਨੂੰ ਘੱਟੋ ਘੱਟ ਰਿਟੇਲ ਕੀਮਤ ’ਤੇ ਸ਼ਰਾਬ ਦਿੱਤੀ ਜਾਵੇਗੀ। ਇਸ ਦੇ ਨਾਲ ਗਊ ਸੈੱਸ ਪ੍ਰਤੀ ਬੋਤਲ ਦੀ ਥਾਂ ਸ਼ਹਿਰਾਂ ਤੇ ਪਿੰਡਾਂ ਵਿੱਚ ਦੋਵਾਂ ਥਾਵਾਂ ’ਤੇ ਪੀਐੱਲ ਅਤੇ ਆਈਐੱਮਐੱਫਐੱਲ ਪੰਜ ਫੀਸਦੀ ਪਰੂਫ ਲਿਟਰ ਦੇ ਹਿਸਾਬ ਲਿਆ ਜਾਵੇਗਾ। ਵਜ਼ਾਰਤ ਨੇ ਨਾਗਰਿਕ ਸੇਵਾਵਾਂ ਵਿੱਚ ਕੁਸ਼ਲਤਾ, ਪਾਰਦਰਸ਼ਤਾ ਅਤੇ ਜਵਾਬਦੇਹੀ ਬਿੱਲ ਲਿਆਉਣ ਲਈ ਖਰੜੇ ਨੂੰ ਹਰੀ ਝੰਡੀ ਦੇ ਦਿੱਤੀ ਹੈ ਤੇ ਵਜ਼ਾਰਤ ਨੇ ਪ੍ਰਸ਼ਾਸਕੀ ਸੁਧਾਰਾਂ ਬਾਰੇ ਇਕ ਸਬ-ਕਮੇਟੀ ਕਾਇਮ ਕਰਨ ਦਾ ਵੀ ਫ਼ੈਸਲਾ ਕੀਤਾ ਹੈ। ਵਜ਼ਾਰਤ ਨੇ ਪੰਜਾਬ ਰਾਜ ਪ੍ਰਸ਼ਾਸਕੀ ਸੁਧਾਰ ਅਤੇ ਸਦਾਚਾਰ ਕਮਿਸ਼ਨ ਦੇ ਸੰਵਿਧਾਨ ਨੂੰ ਵੀ ਪ੍ਰਵਾਨਗੀ ਦੇ ਦਿੱਤੀ ਹੈ। ਵਜ਼ਾਰਤ ਨੇ ਵਿਧਾਨ ਸਭਾ ਦੇ ਬਜਟ ਇਜਲਾਸ ’ਚ ਪੰਜਾਬ ਪੁਲੀਸ (ਸੋਧ) ਆਰਡੀਨੈਂਸ 2018 ਨੂੰ ਪੇਸ਼ ਕਰਕੇ ਐਕਟ ਵਿੱਚ ਤਬਦੀਲ ਕਰਨ ਦਾ ਫੈਸਲਾ ਕੀਤਾ ਹੈ।

# ਕਾਮਰੇਡ ਗੰਧਰਵ ਸੈਨ ਕੋਛੜ ਦੀ ਹਾਲਤ ਨਾਜ਼ੁਕ

**ਜਲੰਧਰ-** ਗ਼ਦਰ ਪਾਰਟੀ ਦੀ ਮਸ਼ਾਲ ਲੈ ਕੇ ਆਜ਼ਾਦੀ, ਜਮਹੂਰੀਅਤ ਅਤੇ ਸਾਂਝੀਵਾਲਤਾ ਵਾਲਾ ਨਵਾਂ-ਨਰੋਆ, ਮਿਹਨਤਕਸ਼ਾਂ ਦੀ ਪੁੱਗਤ ਵਾਲਾ ਰਾਜ ਅਤੇ ਸਮਾਜ ਸਿਰਜਣ ਤੁਰੀ ਕਿਰਤੀ ਪਾਰਟੀ ’ਚ 1929 ਤੋਂ ਲੈ ਕੇ ਅੱਜ ਵੀ ਪੂਰੇ ਸਿਦਕ ਅਤੇ ਸਿਰੜ ਨਾਲ ਇਨਕਲਾਬੀ, ਸਮਾਜਕ ਤਬਦੀਲੀ ਦੇ ਮਹਾਨ ਕਾਜ਼ ਅਤੇ ਮਾਰਕਸੀ ਚਿੰਤਨ ਨੂੰ ਪਰਨਾਏ 100 ਵਰ੍ਹਿਆਂ ਦੇ ਕਾਮਰੇਡ ਗੰਧਰਵ ਸੈਨ ਕੋਛੜ ਦੀ ਸਿਹਤ ਦੀ ਹਾਲਤ ਕਾਫ਼ੀ ਨਾਜ਼ੁਕ ਬਣੀ ਹੋਈ ਹੈ। ਉਹਨਾਂ ਨੂੰ ਅਧਰੰਗ ਦਾ ਅਚਨਚੇਤ ਦੌਰਾ ਪੈਣ ਕਾਰਨ ਉਹ ਬੋਲਣ ਅਤੇ ਕੁੱਝ ਖਾਣ ਪੀਣ ਤੋਂ ਅਸਮਰੱਥ ਹੋ ਗਏ ਹਨ। ਪਰਿਵਾਰਕ ਮੈਂਬਰ ਦੀ ਤਰ੍ਹਾਂ ਡਾ. ਮਨਜੀਤ ਸਿੰਘ, ਨੂਰਮਹਿਲ ਸਥਿਤ ਆਪਣੇ 'ਮਨਜੀਤ ਹਸਪਤਾਲ' ਵਿੱਚ ਉਨ੍ਹਾਂ ਦਾ ਹਰ ਸੰਭਵ ਇਲਾਜ ਕਰ ਰਹੇ ਹਨ। ਕਿਰਤੀ ਪਾਰਟੀ, ਲਾਲ ਪਾਰਟੀ, ਸੀ.ਪੀ.ਆਈ., ਸੀ.ਪੀ.ਐਮ, ਕਮਿਊਨਿਸਟ ਇਨਕਲਾਬੀ ਪਾਰਟੀ (ਨਕਸਲਬਾੜੀ) ਅਤੇ ਦੇਸ਼ ਭਗਤ ਯਾਦਗਾਰ ਹਾਲ ’ਚ ਲਾ ਮਿਸਾਲ ਭੂਮਿਕਾ ਅਦਾ ਕਰਦੇ ਆ ਰਹੇ 100 ਵਰ੍ਹਿਆਂ ਦੇ ਇਸ ਤੁਰਦੇ ਫਿਰਦੇ ਇਤਿਹਾਸ, ਗੰਧਰਵ ਸੈਨ ਕੋਛੜ ਦੀਆਂ ਪੈੜਾਂ ਸਾਂਭਣ, ਸਾਹਿਤ ਸਿਰਜਣਾ ਅਤੇ ਵਿਗਿਆਨਕ-ਜਮਾਤੀ ਚੇਤਨਾ ਦੇ ਪਸਾਰ ਲਈ ਸੰਘਰਸ਼ਸ਼ੀਲ ਸੰਸਥਾ ਦੇਸ਼ ਭਗਤ ਯਾਦਗਾਰ ਹਾਲ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ, ਮੀਤ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਗੁਰਮੀਤ ਸਿੰਘ, ਜੋਆਇੰਟ ਸਕੱਤਰ ਡਾ. ਪਰਮਿੰਦਰ ਸਿੰਘ, ਖਜ਼ਾਨਚੀ ਰਣਜੀਤ ਸਿੰਘ ਔਲਖ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਅਤੇ ਸਮੂਹ ਕਮੇਟੀ ਮੈਂਬਰਾਨ ਨੇ ਅੱਜ ਗੰਧਰਵ ਸੈਨ ਕੋਛੜ ਦੀ ਸਿਹਤਯਾਬੀ ਲਈ ਪਰਿਵਾਰ ਨਾਲ ਸ਼ੁੱਭ ਕਾਮਨਾਵਾਂ ਸਾਂਝੀਆਂ ਕਰਦਿਆਂ ਕਿਹਾ ਹੈ ਕਿ ਗੰਧਰਵ ਸੈਨ ਕੋਛੜ ਦੀ ਲੋਕ-ਮੁਕਤੀ ਸੰਗਰਾਮ ਦੇ ਮਹਾਨ ਕਾਜ਼ ਵਿੱਚ ਦਿੱਤੀ ਅਮਿੱਟ ਦੇਣ ਨੂੰ ਸਦਾ ਬੁਲੰਦ ਰੱਖਦਿਆਂ ਉਹਨਾਂ ਦੀ ਸਿਹਤਯਾਬੀ ਲਈ ਹਰ ਉਪਾਅ ਕਰਨ ਲਈ ਯਤਨਸ਼ੀਲ ਹੈ।

# ਖਾਨਖਾਨਾ ਵਿੱਚ ਮਿਲਕ ਸਟੋਰ ਦਾ ਉਦਘਾਟਨ

**ਮੁਕੰਦਪੁਰ, (ਰੇਸ਼ਮ ਕਰਨਾਣਵੀ)**- ਨਜ਼ਦੀਕੀ ਪਿੰਡ ਖਾਨਖਾਨਾ ਵਿਖੇ ਸਵੈ ਰੁਜ਼ਗਾਰ ਦੇ ਰੁਝਾਨ ਨੂੰ ਉਤਸ਼ਾਹਤ ਕਰਨ ਦੇ ਉੱਦਮ ਨੂੰ ਲੈ ਕੇ ਬਲਵਿੰਦਰ ਮਿਲਕ ਸਟੋਰ ਦਾ ਉਦਘਾਟਨ ਕੀਤਾ ਗਿਆ। ਇਸ ਸਟੋਰ ਦਾ ਰਸਮੀ ਉਦਘਾਟਨ ਸ਼੍ਰੀ ਗੁਰੂ ਰਵਿਦਾਸ ਧਰਮਯੁੱਧ ਮੋਰਚਾ ਪੰਜਾਬ ਦੇ ਜਨਰਲ ਸਕੱਤਰ ਸਤਨਾਮ ਸੰਧੂ ਖਾਨਖਾਨਾ ਨੇ ਫੀਤਾ ਕੱਟ ਕੇ ਕੀਤਾ। ਇਸ ਮੌਕੇ ਉਨ੍ਹਾਂ ਕਿਹਾ ਨੌਜਵਾਨਾਂ ਨੂੰ ਸਵੈ ਰੁਜ਼ਗਾਰ ਲਈ ਆਪਣੀ ਕੋਸ਼ਿਸ਼ ਕਰਨੀ ਚਾਹੀਦੀ ਹੈ ਅਤੇ ਸਰਕਾਰ ਵਲੋਂ ਵੀ ਉਨ੍ਹਾਂ ਦੀ ਮੱਦਦ ਕਰਨੀ ਚਾਹੀਦੀ ਹੈ ਤਾਂ ਜੋ ਨੌਜਵਾਨ ਆਪਣੇ ਆਰਥਿਕ ਤੌਰ ਤੇ ਮਜਬੂਤ ਹੋ ਸਕਣ ਅਤੇ ਆਪਣਾ ਚੰਗਾ ਜੀਵਨ ਬਸਰ ਕਰ ਸਕਣ। ਉਦਘਾਟਨ ਮੌਕੇ ਬਾਬਾ ਕੁਲਰਾਜ਼ ਮੁਹੰਮਦ, ਗੁਰਨੇਕ ਚੰਦ, ਸੂਬੇਦਾਰ ਮੋਹਣ ਲਾਲ, ਇਕਬਾਲ ਸਿੰਘ, ਪ੍ਰਕਾਸ਼ ਰਾਮ, ਅਤੇ ਰਾਜ ਕੁਮਾਰ ਹਾਜ਼ਰ ਸਨ।

## Change of Name

I Preet Kamal Dhillon, residing at 5647 N Lucy Ruiz Ave, Fresno, CA 93723 have changed my name to Preet Kamal after marrying with Kulbir Singh on March 20, 2012

## Matrimonial

ਦਹੀਆ ਪੰਜਾਬੀ ਪਰਿਵਾਰ ਨੂੰ ਆਪਣੇ ਲੜਕੇ ਲਈ ਅੱਛੀ ਲੜਕੀ ਦੀ ਲੋੜ ਹੈ। ਲੜਕੇ ਦੀ ਵਿਦਿਅਕ ਯੋਗਤਾ ਅਤੇ ਹੋਰ ਵੇਰਵਾ ਇਸ ਪ੍ਰਕਾਰ ਹੈ:- ITI (Refrigeration Air Conditioning), Diploma (Electrical Engineering), Post Diploma (Cad Cam), Degree (Electrical Engineering) and he is doing now Safety Engineering, D.O.B May 1989, Height 5'-11",

Two sisters married abroad: England, Spain.

Father Retd. Principal, Mother house wife.

**ਚਾਹਵਾਨ ਪਰਿਵਾਰ ਇਹਨਾਂ ਨੰਬਰਾਂ ਤੇ ਸੰਪਰਕ ਕਰ ਸਕਦੇ ਹਨ ਜਾਂ ਫਿਰ ਕੈਲੇਫੋਰਨੀਆ ਰਹਿੰਦੇ ਲੜਕੇ ਦੇ ਤਾਇਆ ਜੀ ਨਾਲ ਵੀ ਸੰਪਰਕ ਕਰ ਸਕਦੇ ਹਨ-** 91-98145-32948 OR 91-98143-19747

In California: (916) 764-9514

A & S
Auto Repair & Services
Specializing in Brakes & Axles
10% of any repair of $ $75.00 or More
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics



9:00 AM to 6:00 PM Mon-Sat



Ph: 916-238-4431
649 W. Elkhorn Blvd. Suite B2
Rio Linda, CA 95673
Amarjit Sandhu

# ਗੁਰੂ ਘਰ ਰਿਓਲਿੰਡਾ (ਸੈਕਰਾਮੈਂਟੋ) ਵਿਖੇ ਕਵੀ ਦਰਬਾਰ ਲਗਾਇਆ ਗਿਆ

**ਸੈਕਰਾਮੈਂਟੋ-** ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਦੀ ਕਮੇਟੀ ਦੇ ਸੱਦੇ ’ਤੇ ਪਿਛਲੇ ਸਾਲਾਂ ਵਾਂਗ ਗੁਰੂ ਘਰ ਵਿਖੇ ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਯੂਬਾ ਸਿਟੀ/ਸੈਕਰਾਮੈਂਟੋ ਵੱਲੋਂ ਕਵੀ ਦਰਬਾਰ 7 ਮਾਰਚ ਦਿਨ ਬੁੱਧਵਾਰ 2018 ਨੂੰ ਸ਼ਾਮ ਛੇ ਵਜੇ ਤੋਂ ਲੈ ਕੇ ਸਾਢੇ ਅੱਠ ਵਜੇ ਤੱਕ ਕਰਵਾਇਆ ਗਿਆ।

ਇਹ ਕਵੀ ਦਰਬਾਰ 11 ਮਾਰਚ 2018 ਨੂੰ ਕੱਢੇ ਜਾ ਰਹੇ ਮਹਾਨ ਨਗਰ ਕੀਰਤਨ ਦੇ ਸਬੰਧ ਵਿਚ ਕਰਵਾਇਆ ਗਿਆ। ਕਵੀ ਦਰਬਾਰ ਵਿਚ ਜਿਹਨਾਂ ਕਵੀਆਂ ਨੇ ਧਾਰਮਿਕ ਗੀਤਾਂ ਅਤੇ ਧਾਰਮਿਕ ਕਵਿਤਾਵਾਂ ਨਾਲ ਹਾਜ਼ਰੀ ਲਗਵਾਈ, ਉਹਨਾਂ ਕਵੀਆਂ ਦੇ ਨਾਮ ਇਸ ਪ੍ਰਕਾਰ ਹਨ- ਜੀਵਨ ਰੱਤੂ, ਅਜੈਬ ਚੀਮਾ, ਰਮੇਸ਼ ਬੰਗੜ, ਰਾਜ ਸੂਦ, ਮਨਜੀਤ ਸੇਖੋਂ, ਇੰਦਰਜੀਤ ਗਰੇਵਾਲ, ਬੱਚੀ ਖੁਸ਼ੀ ਰੱਤੂ, ਦਿਲ ਨਿੱਜਰ, ਪਰਮਿੰਦਰ ਰਾਏ ਖਾਨਖਾਨਾ, ਜਸਵੰਤ ਸ਼ੀਮਾਰ, ਜੋਤੀ ਸਿੰਘ, ਕਮਲ ਬੰਗਾ, ਬਲਜੀਤ ਸਿੰਘ, ਸੁਰਿੰਦਰ ਚੌਹਾਨ, ਬਲਜੀਤ ਕੌਰ ਸੋਹੀ, ਹਰਬੰਸ ਰੱਲ੍ਹ।

ਸਟੇਜ ਦੀ ਸੇਵਾ ਖੁਦ ਹੀ ਪ੍ਰਧਾਨ ਜਸਵੰਤ ਸ਼ੀਮਾਰ ਨੇ ਨਿਭਾਈ ਅਤੇ ਕਮੇਟੀ ਵੱਲੋਂ ਸਿਰੋਪਾਓ ਨਾਲ ਸਨਮਾਨਿਤ ਵੀ ਕੀਤਾ ਗਿਆ।

ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਰਮੇਸ਼ ਬੰਗੜ ਨੇ ਸਾਰੇ ਹੀ ਸਾਹਿਤਕਾਰਾਂ ਦਾ ਧੰਨਵਾਦ ਕੀਤਾ ਅਤੇ ਨਗਰ ਕੀਰਤਨ ’ਤੇ ਪਹੁੰਚਣ ਲਈ ਵੀ ਬੇਨਤੀ ਕੀਤੀ।

**ਰਿਪੋਰਟ- ਜਸਵੰਤ ਸ਼ੀਮਾਰ**
(916-293-6030)
















# ਬਹੁਜਨ ਸਮਾਜ ਪਾਰਟੀ ਨੇ ਜਸਪਾਲ ਬਾਂਗਰ 'ਚ 1992 ਦੇ ਸ਼ਹੀਦਾਂ ਨੂੰ ਦਿੱਤੀ ਸਰਧਾਂਜਲੀ

## ਸੂਬਾ ਪ੍ਰਧਾਨ ਰਾਜੂ ਅਤੇ ਇੰਚਾਰਜ ਤੋਮਰ ਨੇ ਸਿਰਕਤ ਕਰ 15 ਮਾਰਚ ਦੀ ਰੈਲੀ ਦਾ ਦਿੱਤਾ ਸੱਦਾ

**ਲੁਧਿਆਣਾ-** ਲੋਕਤੰਤਰ ਦੀ ਰੱਖਿਆ ਕਰਦੇ ਹੋਏ 1992 ਵਿੱਚ ਅੱਤਵਾਦੀਆਂ ਦੁਆਰਾ ਸ਼ਹੀਦ ਕੀਤੇ ਬਹੁਜਨ ਸਮਾਜ ਪਾਰਟੀ ਦੇ ਜੁਝਾਰੂ ਯੋਧਿਆਂ ਨੂੰ ਸਰਧਾਂਜਲੀ ਦੇਣ ਲਈ ਸ਼ਹੀਦੀ ਸਮਾਰਕ ਜਸਪਾਲ ਬਾਂਗਰ ਵਿਖੇ ਸਰਧਾਂਜਲੀ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਸੂਬਾ ਇੰਚਾਰਜ ਐਮ ਐਲ ਤੋਮਰ, ਨਿਰਮਲ ਸੁਮਨ ਅਤੇ ਸੂਬਾ ਪ੍ਰਧਾਨ ਰਛਪਾਲ ਸਿੰਘ ਰਾਜੂ ਨੇ ਸਿਰਕਤ ਕੀਤੀ। ਸੂਬਾਈ ਆਗੂਆਂ ਵੱਲੋਂ ਸ਼ਹੀਦਾਂ ਨੂੰ ਨਮਨ ਕਰਨ ਉਪਰੰਤ ਸ਼ਹੀਦ ਪਰਿਵਾਰਾਂ ਨੂੰ ਹਰ ਸਾਲ ਦੀ ਤਰ੍ਹਾਂ ਸਨਮਾਨਿਤ ਕੀਤਾ ਗਿਆ। ਮਿਸ਼ਨਰੀ ਕਲਾਕਾਰਾਂ ਵਿੱਕੀ ਬਹਾਦਰਕੇ, ਜੀਵਨ ਮਹਿਮੀ ਅਤੇ ਹਰਨਾਮ ਸਿੰਘ ਬਹਿਲਪੁਰੀ ਨੇ ਸ਼ਹੀਦਾਂ ਦੀ ਜੀਵਨੀ ਤੇ ਚਾਨਣਾ ਪਾਉਣ ਵਾਲੇ ਗੀਤ ਸੁਣਾ ਕੇ ਵਰਕਰਾਂ ਵਿੱਚ ਜੋਸ਼ ਭਰਿਆ। ਸਮਾਗਮ ਨੂੰ ਸੰਬੋਧਨ ਕਰਦਿਆਂ ਸ੍ਰੀ ਤੋਮਰ, ਸ: ਰਾਜੂ ਅਤੇ ਸ: ਸੁਮਨ ਨੇ ਕਿਹਾ ਕਿ ਏਹ ਸ਼ਹੀਦ ਕੇਵਲ ਬਹੁਜਨ ਸਮਾਜ ਪਾਰਟੀ ਦੇ ਹੀ ਨਹੀ ਬਲਕਿ ਸਾਰਿਆਂ ਦੇ ਸ਼ਹੀਦ ਹਨ ਕਿਉਂਕਿ 1992 'ਚ ਅੱਤਵਾਦੀ ਦੇਸ਼ ਦੇ ਲੋਕਤੰਤਰ ਦਾ ਕਤਲ ਕਰਨਾ ਚਾਹੁੰਦੇ ਸਨ ਪਰ ਇਨ੍ਹਾਂ ਜੁਝਾਰੂ ਯੋਧਿਆਂ ਸ਼ਹੀਦ ਨਛੱਤਰ ਸਿੰਘ, ਸ਼ਹੀਦ



ਨਾਜਰ ਸਿੰਘ, ਸ਼ਹੀਦ ਅਮਰ ਸਿੰਘ, ਸ਼ਹੀਦ ਸਵਰਨਜੀਤ ਸਿੰਘ ਅਤੇ ਸ਼ਹੀਦ ਹਰਜਿੰਦਰ ਸਿੰਘ ਨੇ ਅੱਤਵਾਦੀਆਂ ਨੂੰ ਚੁਨੌਤੀ ਦੇ ਕੇ ਵੋਟਾਂ ਪਾਈਆਂ। ਵੋਟਾਂ ਪਾਉਣ ਦਾ ਖਮਿਆਜਾ ਇਨ੍ਹਾਂ ਨੂੰ ਆਪਣੀਆਂ ਕੀਮਤੀ ਜਾਨਾਂ ਦੇ ਕੇ ਭੁਗਤਣਾ ਪਿਆ। ਆਗੂਆਂ ਨੇ ਕਿਹਾ ਕਿ ਏਹ ਬਸਪਾ ਦੇ ਏਹ ਸ਼ਹੀਦ ਮੂਲ ਨਿਵਾਸੀ ਬਹੁਜਨਾਂ ਲਈ ਚਾਨਣ ਮੁਨਾਰੇ ਦਾ ਕੰਮ ਕਰਦੇ ਰਹਿਣਗੇ ਅਤੇ ਇਨ੍ਹਾਂ ਤੋਂ ਸੇਧ ਲੈ ਕੇ ਆਉਣ ਵਾਲੀਆਂ ਪੀੜੀਆਂ ਸੱਤਾਸਥਾਪਤੀ ਵੱਲ ਵਧਣਗੀਆਂ। ਉਨ੍ਹਾਂ ਕਿਹਾ ਕਿ ਇਨ੍ਹਾਂ ਸ਼ਹੀਦਾਂ ਦਾ ਵੀ ਏਹੀ ਸੁਪਨਾ ਸੀ ਕਿ ਦੇਸ਼ ਵਿੱਚ ਬਹੁਜਨਾਂ ਦਾ ਰਾਜ ਆਵੇ ਅਤੇ ਸਦੀਆਂ ਤੋਂ ਹੱਕ ਅਧਿਕਾਰਾਂ ਤੋਂ ਵਾਂਝੇ ਕੀਤੇ ਲੋਕਾਂ ਨੂੰ ਉਨ੍ਹਾਂ ਦੇ ਹੱਕ ਅਤੇ ਅਧਿਕਾਰ ਮਿਲਣ ਤੇ ਉਹ ਵੀ ਸਨਮਾਨ ਦੀ ਜਿੰਦਗੀ ਜਿਉਣ। ਆਗੂਆਂ ਨੇ ਕਿਹਾ ਕਿ ਬਸਪਾ ਦੇ ਸੰਸਥਾਪਕ ਸਾਹਿਬ ਸ੍ਰੀ ਕਾਂਸੀ ਰਾਮ ਜੀ ਦਾ 15 ਮਾਰਚ ਨੂੰ ਜਨਮ ਦਿਨ ਚੰਡੀਗੜ੍ਹ ਦੇ ਰੈਲੀ ਗਰਾਊਂਡ ਵਿਖੇ ਪਾਰਟੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਦੀ ਅਗਵਾਈ 'ਚ ਮਨਾਇਆ ਜਾ ਰਿਹਾ ਹੈ।

ਇਸ ਲਈ 15 ਮਾਰਚ ਨੂੰ ਪੰਜਾਬ ਦੇ ਲੋਕ ਵਹੀਰਾ ਘੱਤ ਕੇ ਚੰਡੀਗੜ੍ਹ ਪਹੁੰਚ ਕੇ ਆਪਣੀ ਆਗੂ ਦੇ ਵਿਚਾਰ ਸੁਣਨ ਅਤੇ ਉਨ੍ਹਾਂ ਦੁਆਰਾ ਦਿੱਤੇ ਦਿਸ਼ਾ ਨਿਰਦੇਸ਼ਾਂ ਤੇ ਚੱਲ ਸੱਤਾ ਪ੍ਰਾਪਤੀ ਦੇ ਮਿਸ਼ਨ ਵੱਲ ਵਧਣ। ਇਸ ਮੌਕੇ ਦੇਹਾਤੀ ਪ੍ਰਧਾਨ ਨਿਰਮਲ ਸਿੰਘ ਸਾਇਆ, ਜੋਨ ਕੋਆਡੀਨੇਟਰ ਰਾਮ ਸਿੰਘ ਗੋਗੀ, ਪ੍ਰਗਣ ਬਿਲਗਾ, ਇੰਸਪੈਕਟਰ ਮਹਿੰਦਰ ਸਿੰਘ, ਲਾਭ ਸਿੰਘ ਭਾਮੀਆਂ, ਬਲਵੀਰ ਸਿੰਘ ਰਾਜਗੜ੍ਹ, ਮਾਸਟਰ ਰਾਮਾਨੰਦ, ਚਰਨਜੀਤ ਸਿੰਘ, ਬਿੱਕਰ ਸਿੰਘ ਨੱਤ, ਹੰਸ ਰਾਜ ਬੰਗੜ, ਚਰਨ ਸਿੰਘ ਲੁਹਾਰਾ, ਨਰਿੰਦਰ ਕੁਮਾਰ, ਸੁਖਦੇਵ ਮਹੇ, ਬੂਟਾ ਸਿੰਘ ਸੰਗੋਵਾਲ, ਨਿਰਮਲ ਸਿੰਘ ਭੱਟੀ, ਵਿੱਕੀ ਕੁਮਾਰ, ਅਨੁਜ ਕੁਮਾਰ, ਸੁਰਿੰਦਰ ਚਾਪੜਾ, ਹਰਦੇਵ ਸਿੰਘ ਧਾਲੀਆ ਅਤੇ ਹੋਰ ਹਾਜਰ ਸਨ।

# ਐਨਡੀਪੀ ਆਗੂ ਜਗਮੀਤ ਸਿੰਘ ਦਾ ਛੋਟਾ ਭਰਾ ਚੋਣ ਲੜਨ ਦਾ ਚਾਹਵਾਨ

ਬਰੈਂਪਟਨ- ਕੈਨੇਡਾ ਵਿੱਚ ਤੀਜੀ ਵੱਡੀ ਪਾਰਟੀ ਐਨਡੀਪੀ ਦੇ ਆਗੂ ਬਣ ਕੇ ਉੱਭਰੇ ਸਿੱਖ ਨੇਤਾ ਜਗਮੀਤ ਸਿੰਘ ਦੇ ਛੋਟੇ ਭਰਾ ਗੁਰਰਤਨ ਸਿੰਘ (33) ਦੇ ਬਰੈਂਪਟਨ (ਪੂਰਬੀ) ਦੀ ਸੀਟ ਤੋਂ ਚੋਣ ਲੜਨ ਦੇ ਚਰਚੇ ਸ਼ੁਰੂ ਹੋ ਗਏ ਹਨ। ਇਸ ਦੀ ਭਾਵੇਂ ਅਜੇ ਅਧਿਕਾਰਕ ਪੁਸ਼ਟੀ ਨਹੀਂ ਹੋਈ ਹੈ, ਪਰ ਗੁਰਰਤਨ ਸਿੰਘ ਨੇ ਖ਼ੁਦ ਇਸ ਬਾਰੇ ਹਾਮੀ ਭਰਦਿਆਂ ਕਿਹਾ ਹੈ ਕਿ ਉਹ ਇਸ ਹਲਕੇ ਤੋਂ ਵਿਧਾਇਕ ਬਣਨ ਲਈ ਦਾਅਵੇਦਾਰ ਹਨ। ਉਹ ਇਸ ਸੀਟ ਨੂੰ ਜਿੱਤ ਕੇ ਆਪਣੇ ਵੱਡੇ ਭਰਾ ਜਗਮੀਤ ਸਿੰਘ ਦੀ ਅਗਵਾਈ ਹੇਠ ਪਾਰਟੀ ਦੀ ਸਾਖ਼ ਵਧਾਉਣਗੇ। ਗੁਰਰਤਨ ਕਿੱਤੇ ਵਜੋਂ ਕੈਨੇਡਾ ਵਿੱਚ ਫ਼ੌਜਦਾਰੀ ਵਕੀਲ ਹਨ। ਉਨ੍ਹਾਂ ਨੇ ਗ੍ਰੈਜੂਏਸ਼ਨ ਵਿੱਚ ਲਾਅ 2014 ਵਿੱਚ ਹੀ ਪਾਸ ਕੀਤੀ ਸੀ।

ਬਰੈਂਪਟਨ (ਪੂਰਬੀ) ਜਗਮੀਤ ਸਿੰਘ ਦਾ ਆਪਣਾ ਹਲਕਾ ਹੈ, ਜਿਸ ਕਰਕੇ ਗੁਰਰਤਨ ਆਪਣੇ ਆਪ ਨੂੰ ਮਜ਼ਬੂਤ ਦਾਅਵੇਦਾਰ ਵਜੋਂ ਵੇਖ ਰਹੇ ਹਨ। ਉਨ੍ਹਾਂ ਨੇ ਭਾਵੇਂ ਇਸ ਤੋਂ ਪਹਿਲਾਂ ਚੋਣ ਲੜਕੇ ਜਿੱਤ ਪ੍ਰਾਪਤ ਨਹੀਂ ਕੀਤੀ। ਉਹ ਬਰੈਂਪਟਨ ਪੀਲ ਰਿਜਨ ਕੌਂਸਲ ਸੀਟ ’ਤੇ 2014 ਵਿੱਚ ਚੋਣ ਲੜੇ ਸਨ, ਪਰ ਸਫ਼ਲ ਨਹੀਂ ਹੋਏ ਸਨ। ਸਿਆਸਤ ਵਿੱਚ ਨਵੇਂ ਹੋਣ ਬਾਰੇ ਪੁੱਛਣ ’ਤੇ ਉਨ੍ਹਾਂ ਕਿਹਾ ਕਿ ਉਹ ਲੰਬੇ ਸਮੇਂ ਤੋਂ ਆਪਣੇ ਵੱਡੇ ਭਰਾ ਜਗਮੀਤ ਸਿੰਘ ਦੇ ਸਲਾਹਕਾਰ ਵਜੋਂ ਵਿਚਰ ਰਹੇ ਹਨ। ਉਹ ਜਿਸ ਹਲਕੇ ਤੋਂ ਚੋਣ ਲੜਨਾ ਚਾਹੁੰਦੇ ਹਨ, ਉਸ ਹਲਕੇ ਵਿੱਚ ਲੋਕਾਂ ਨਾਲ ਪੂਰੀ ਤਰ੍ਹਾਂ ਜੁੜੇ ਹੋਏ ਹਨ। ਉਨ੍ਹਾਂ ਦਾਅਵਾ ਕੀਤਾ ਕਿ ਲੋਕ ਲਿਬਰਲ ਪਾਰਟੀ ਦੀ ਕਾਰਗੁਜ਼ਾਰੀ ਤੋਂ ਨਾਖ਼ੁਸ਼ ਹਨ ਤੇ ਇਸ ਦਾ ਲਾਭ ਐਨਡੀਪੀ ਨੂੰ ਹੋਵੇਗਾ।

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਕੰਪਿਊਟਰ ਅਧਿਆਪਕ ਪ੍ਰਮੋਦ ਧੀਰ ਜੈਤੋ 13 ਮਾਰਚ ਨੂੰ ਆਲ ਇੰਡੀਆ ਰੇਡੀਉ ਸਟੇਸ਼ਨ ਜਲੰਧਰ ਤੋਂ ਕਰਨਗੇ ਸੰਬੋਧਨ

## (ਇਹ 'ਗਿਆਨਜੋਤ' ਪ੍ਰੋਗਰਾਮ ਮੰਗਲਵਾਰ ਨੂੰ ਦੁਪਿਹਰ 12.05 ਤੇ ਹੋਵੇਗਾ ਪ੍ਰਸਾਰਿਤ)

**ਜੈਤੋ–** ਆਲ ਇੰਡੀਆ ਰੇਡੀਉ ਸਟੇਸ਼ਨ ਅਕਾਸ਼ਬਾਣੀ ਜਲੰਧਰ ਦੇ "ਗਿਆਨਜੋਤ" ਪ੍ਰੋਗਰਾਮ ਦੇ ਇੰਚਾਰਜ ਅਮਨਦੇਵ ਜੋਸ਼ੀ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਰੋਤਿਆਂ 'ਤੇ ਵਿਦਿਆਰਥੀਆਂ ਦਾ ਮਨਪਸੰਦ ਵਿੱਦਿਅਕ ਪ੍ਰੋਗਰਾਮ "ਗਿਆਨਜੋਤ" ਜੋ ਕਿ ਹਰ ਮਹੀਨੇ ਦੇ ਦੂਜੇ 'ਤੇ ਚੌਥੇ ਮੰਗਲਵਾਰ ਨੂੰ ਪ੍ਰਸਾਰਿਤ ਹੁੰਦਾ ਹੈ। ਇਸ ਵਾਰ ਇਸ ਪ੍ਰੋਗਰਾਮ ਦਾ ਵਿਸ਼ਾ ਹੋਵੇਗਾ "ਕਿਵੇਂ ਕਰੀਏ ਪ੍ਰੀਖਿਆਵਾਂ ਦੀ ਤਿਆਰੀ" । ਇਸ ਵਿਸ਼ੇ ਤੇ ਸਿੱਖਿਆ ਵਿਭਾਗ ਦੇ ਬੁਲਾਰੇ ਵਜੋਂ ਪ੍ਰਮੋਦ ਧੀਰ, ਕੰਪਿਊਟਰ ਅਧਿਆਪਕ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰੋੜੀਕਪੂਰਾ (ਫਰੀਦਕੋਟ) ਸੰਬੋਧਨ ਕਰਨਗੇ। ਇਹਨਾਂ ਦੇ ਅਖਬਾਰਾਂ ਵਿੱਚ ਵੀ ਸਮਾਜ ਸੁਧਾਰਕ ਅਤੇ ਸੇਧ ਦੇਣ ਵਾਲੇ ਸੰਪਾਦਕੀ ਲੇਖ ਅਕਸਰ ਹੀ ਛਪਦੇ ਰਹਿੰਦੇ ਹਨ। ਆਉਣ ਵਾਲੀ 13 ਮਾਰਚ, 2018 ਦਿਨ ਮੰਗਲਵਾਰ ਨੂੰ ਦੁਪਿਹਰ 12.05 ਵਜੇ ਤੋਂ 12.20 ਵਜੇ ਤੱਕ ਆਲ



ਇੰਡੀਆ ਰੇਡੀਉ ਸਟੇਸ਼ਨ ਜਲੰਧਰ ਤੋਂ ਬਰੋਡਕਾਸਟ ਕੀਤੇ ਜਾਣ ਵਾਲੇ ਪ੍ਰੋਗਰਾਮ 'ਗਿਆਨਜੋਤ' ਵਿੱਚ ਅਧਿਆਪਕ ਪ੍ਰਮੋਦ ਧੀਰ ਜੈਤੋ ਲੈਕਚਰ ਦੇ ਰਾਹੀਂ ਵਿਦਿਆਰਥੀਆਂ ਨੂੰ ਸੰਬੋਧਨ ਕਰਨਗੇ। ਇਹ ਪ੍ਰੋਗਰਾਮ ਦਰਸ਼ਕ ਸੌਖਿਆਂ ਹੀ ਕਿਸੇ ਵੀ ਆਪਣੇ ਐਂਡਰਾਇਡ ਮੋਬਾਇਲ ਫੋਨ 'ਚ ਪਲੇ ਸਟੋਰ ਵਿੱਚ ਜਾ ਕੇ ਆਲ ਇੰਡੀਆ ਰੇਡੀਉ ਐਪ ਡਾਊਨਲੋਡ ਕਰਕੇ ਏਅਰ ਪੰਜਾਬੀ ਦੇ ਕਲਿੱਕ ਕਰਕੇ ਸੁਣ ਸਕਦੇ ਹਨ ਅਤੇ ਰੇਡੀਉ ਤੇ 873 ਮਿਡੀਅਮ ਫਰੀਕੁਐਂਸੀ ਸੈੱਟ ਕਰਕੇ ਵੀ ਸੁਣ ਸਕਦੇ ਹਨ ਅਤੇ ਡੀ.ਟੀ.ਐਚ ਡਿਸ਼ ਰਾਹੀਂ ਵੀ ਆਲ ਇੰਡੀਆ ਰਡੀਉ ਤੋਂ ਏਅਰ ਪੰਜਾਬੀ ਚੈਨਲ ਸਿਲੈਕਟ ਕਰਕੇ ਇਹ ਪ੍ਰੋਗਰਾਮ ਸੁਣਿਆ ਜਾ ਸਕਦਾ ਹੈ। ਆਸ ਹੈ ਕਿ ਸਕੂਲ, ਕਾਲਜ਼ ਅਤੇ ਯੂਨੀਵਰਸਿਟੀਆਂ ਦੇ ਸਮੂਹ ਵਿਦਿਆਰਥੀ, ਅਧਿਆਪਕ ਅਤੇ ਮਾਪੇ ਇਸ ਪ੍ਰੋਗਰਾਮ ਨੂੰ ਸੁਣ ਕੇ ਜਰੂਰ ਲਾਭ ਉਠਾਉਣਗੇ।

# ਤੂਰਾਂ ਵਿਖੇ ਕਰਵਾਇਆ ਕਬੱਡੀ ਟੂਰਨਾਮੈਂਟ 'ਤੇ ਛਿੰਝ ਮੇਲਾ

**ਅੱਪਰਾ (ਨਿਰਮਲ ਗੁੜਾ)–** ਨਜਦੀਕੀ ਪਿੰਡ ਤੂਰਾਂ ਵਿਖੇ ਸਖੀ ਸੁਲਤਾਨ ਲੱਖ ਦਾਤਾ ਪੀਰ ਦਰਬਾਰ ਪ੍ਰਬੰਧਕ ਕਮੇਟੀ ਵਲੋਂ ਐਨ. ਆਰ. ਆਈ., ਗ੍ਰਾਮ ਪੰਚਾਇਤ ਅਤੇ



ਨਗਰ ਨਿਵਾਸੀਆਂ ਦੇ ਸਹਿਯੋਗ ਨਾਲ਼ ਸਲਾਨਾ ਛਿੰਝ ਮੇਲਾ ਅਤੇ ਕਬੱਡੀ ਟੂਰਨਾਮੈਂਟ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ਼ ਕਰਵਾਇਆ ਗਿਆ।

ਜਿਥੇ ਮਸ਼ਹੂਰ ਪਹਿਲਵਾਨ ਅਤੇ ਕਬੱਡੀ ਖਿਡਾਰੀਆਂ ਨੇ ਭਾਗ ਲਿਆ ਅਤੇ ਇਲਾਕੇ ਭਰ ਦੇ ਖੇਡ ਪ੍ਰੇਮੀਆਂ ਨੇ ਖੇਡਾਂ ਦਾ ਨਜਾਰਾ ਲਿਆ।

ਛਿੰਝ ਮੇਲੇ ਦੌਰਾਨ ਪਟਕੇ ਦੀ ਕੁਸ਼ਤੀ ਪ੍ਰਵੇਛ ਦਿੱਲੀ ਅਖਾੜਾ ਧੁਲੇਤਾ ਅਤੇ ਬੀਣੀਆਂ ਜੰਮੂ ਵਿਚਕਾਰ ਕਰਵਾਈ ਗਈ ਜੋ ਕਿ ਅੱਧਾ ਘੰਟਾ ਜੋਰ ਅਜਮਾਈ ਕਰਨ ਤੋਂ ਬਾਅਦ ਬਰਾਬਰ ਰਹੀ। ਇਸ ਮੌਕੇ ਕਬੱਡੀ ਖਿਡਾਰੀ ਅਤੇ ਪਹਿਲਵਾਨਾਂ ਨੂੰ ਨਗਦ ਇਨਾਮ ਅਤੇ ਸਨਮਾਨ ਚਿਨ ਦੇ ਕੇ ਸਨਮਾਨਿਤ ਕੀਤਾ ਗਿਆ, ਪ੍ਰਬੰਧਕਾਂ ਨੇ ਆਈਆਂ ਸਖਸ਼ੀਅਤਾਂ ਅਤੇ ਸਹਿਯੋਗੀਆਂ ਵੀ ਯਾਦਗਾਰੀ ਚਿਨ ਦੇ ਕੇ ਸਨਮਾਨਿਤ ਕੀਤਾ।

ਛਿੰਝ ਮੇਲੇ ਦੌਰਾਨ ਮਸ਼ਹੂਰ ਐਂਕਰ ਕਰ–ਮਦੀਨ ਨੇ ਐਂਕਰੀ ਕੀਤੀ। ਇਸ ਮੌਕੇ ਪ੍ਰਧਾਨ ਜਸਵਿੰਦਰ ਸਿੰਘ, ਖਜਾਨਚੀ ਗੁਰਦੇਵ ਸਿੰਘ, ਦਵਿੰਦਰ ਸਿੰਘ, ਮੱਖਣ ਸਿੰਘ, ਗੁਰਮੇਲ ਸਿੰਘ, ਸਾਬਕਾ ਸਰਪੰਚ ਪਰਮਜੀਤ ਸਿੰਘ, ਕੇਵਲ ਸਿੰਘ, ਸੰਤੋਖ ਸਿੰਘ, ਗੁਰਨਾਮ ਸਿੰਘ, ਜੋਗਿੰਦਰ ਸਿੰਘ, ਧਰਮਪਾਲ ਅਤੇ ਇਲਾਕਾ ਵਾਸੀ ਮੌਜੂਦ ਸਨ।

# ਬੁੱਤ ਤੋੜ ਮੁਹਿੰਮ ਸੰਘ ਦੇ ਆਰਥਕ ਅਤੇ ਸਮਾਜਿਕ ਨਾਬਰਾਬਰੀ ਨੂੰ ਵਧਾਉਣ ਦੇ ਫਾਸ਼ੀਵਾਦੀ ਏਜੰਡਾ ਦਾ ਹਿੱਸਾ - ਜਮਹੂਰੀ ਅਧਿਕਾਰ ਸਭਾ

ਇਥੇ ਪ੍ਰੈੱਸ ਬਿਆਨ ਜਾਰੀ ਕਰਕੇ ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਸੂਬਾ ਪ੍ਰਧਾਨ ਪ੍ਰੋਫੈਸਰ ਏ.ਕੇ.ਮਲੇਰੀ ਅਤੇ ਸੂਬਾ ਜਨਰਲ ਸਕੱਤਰ ਪ੍ਰੋਫੈਸਰ ਜਗਮੋਹਣ ਸਿੰਘ ਨੇ ਸੰਘ ਪਰਿਵਾਰ ਦੇ ਅਨਸਰਾਂ ਵਲੋਂ ਤ੍ਰਿਪੁਰਾ, ਤਾਮਿਲਨਾਡੂ ਅਤੇ ਯੂ.ਪੀ. ਵਿਚ ਵੀ.ਆਈ.ਲੈਨਿਨ, ਰਾਮਾਸਵਾਮੀ ਪੇਰੀਆਰ ਅਤੇ ਡਾ. ਅੰਬੇਡਕਰ ਦੇ ਬੁੱਤ ਤੋੜਨ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਸੰਘ ਪਰਿਵਾਰ ਦੇ ਕਾਰਿੰਦਿਆਂ ਤ੍ਰਿਪੁਰਾ ਦੇ ਗਵਰਨਰ ਤਥਾਗਤ ਰਾਏ, ਭਾਜਪਾ ਦੇ ਜਨਰਲ ਸਕੱਤਰ ਰਾਮ ਮਾਧਵ, ਸੁਬਰਾਮਨੀਅਮ ਸਵਾਮੀ ਆਦਿ ਵਲੋਂ ਬੁੱਤ ਤੋੜਨ ਨੂੰ ਜਾਇਜ਼ ਠਹਿਰਾਉਣਾ ਇਸ ਦਾ ਸੰਕੇਤ ਹੈ ਕਿ ਆਪਣੇ ਮੁਕਤੀ ਅਤੇ ਬਰਾਬਰੀ ਲਈ ਯੋਗਦਾਨ ਕਾਰਨ ਇਤਿਹਾਸਕ ਚਿੰਨ੍ਹ ਬਣ ਚੁੱਕੀਆਂ ਉਪਰੋਕਤ ਸ਼ਖਸੀਅਤਾਂ ਸੰਘ ਪਰਿਵਾਰ ਨੂੰ ਭੈਭੀਤ ਕਰਦੀਆਂ ਹਨ ਜਿਸਦਾ ਆਪਣਾ ਏਜੰਡਾ ਆਰਥਕ ਅਤੇ ਸਮਾਜਿਕ ਅਨਿਆਂ ਤੇ ਨਾਬਰਾਬਰੀ ਨੂੰ ਵਧਾਉਣਾ ਹੈ। ਇਹ ਹਰ ਉਸ ਚਿੰਨ੍ਹ ਨੂੰ ਨਿਸ਼ਾਨਾ ਬਣਾ ਹਨ ਜੋ ਸਮਾਜਿਕ ਨਿਆਂ ਅਤੇ ਆਰਥਕ ਬਰਾਬਰੀ ਲਈ ਸੰਘਰਸ਼ ਦਾ ਪ੍ਰਤੀਕ ਹੈ ਅਤੇ ਵਿਚਾਰਾਂ ਦੀ ਆਜ਼ਾਦੀ ਅਤੇ ਵੱਖਰੇ ਵਿਚਾਰਾਂ ਅਤੇ ਸੰਵਾਦ ਨੂੰ ਜਗ੍ਹਾ ਦੇਣ ਦੀ ਗੱਲ ਕਰਦਾ ਹੈ। ਇਹੀ ਵਜ੍ਹਾ ਹੈ ਕਿ ਸੰਘ ਦੇ ਮੁਖੀ ਵਲੋਂ ਸੰਵਿਧਾਨ ਵਿੱਚੋਂ ਧਰਮਨਿਰਪੱਖਤਾ ਅਤੇ ਸਮਾਜਵਾਦ ਦੇ ਸੰਕਲਪਾਂ ਨੂੰ ਹਟਾ ਦੇਣ ਦੀ ਵਾਰ–ਵਾਰ ਵਕਾਲਤ ਕੀਤੀ ਜਾ ਰਹੀ ਹੈ। ਦਿਨੋਦਿਨ ਵੱਧ ਤੋਂ ਵੱਧ ਘਿਣਾਉਣੇ ਹੱਥਕੰਡੇ ਅਪਣਾਉਣਾ ਅਤੇ ਆਪਣੀ ਪ੍ਰਚਾਰ ਮਸ਼ੀਨਰੀ ਨੂੰ ਸਰਗਰਮ ਕਰਕੇ ਇਹਨਾਂ ਨੂੰ ਜਾਇਜ਼ ਠਹਿਰਾਉਣਾ ਸੰਘ ਪਰਿਵਾਰ ਦੀ ਸੋਚੀ–ਸਮਝੀ ਨੀਤੀ ਹੈ। ਉਹਨਾਂ ਕਿਹਾ ਕਿ ਦੇਸ਼ ਦੇ ਲੋਕ ਇਹ ਇਤਿਹਾਸਕ ਹਕੀਕਤ ਕਦੇ ਵੀ ਮਨੋ ਨਹੀਂ ਵਿਸਾਰਨਗੇ ਕਿ ਆਰ.ਐੱਸ.ਐੱਸ. ਦਾ ਆਦਰਸ਼ ਫਾਸ਼ੀਵਾਦ ਹੈ ਅਤੇ ਜੰਗੇ–ਆਜ਼ਾਦੀ ਨਾਲ ਗ਼ਦਾਰੀ ਕਰਕੇ ਬਰਤਾਨਵੀ ਸਾਮਰਾਜਵਾਦ ਨਾਲ ਮਿਲਕੇ ਕੰਮ ਕਰਨਾ ਇਸਦੇ ਅਖਾਉਤੀ ਰਾਸ਼ਟਰਵਾਦ ਦਾ ਅਸਲ ਚਿਹਰਾ ਹੈ। ਜਦੋਂ ਸ਼ਹੀਦ ਭਗਤ ਸਿੰਘ ਅਤੇ ਉਹਨਾਂ ਦੇ ਇਨਕਲਾਬੀ ਸਾਥੀ ਲੈਨਿਨ ਦੀ ਅਗਵਾਈ ਹੇਠ ਆਰਥਕ ਅਤੇ ਸਮਾਜਿਕ ਬਰਾਬਰੀ ਵਾਲੇ ਨਿਜ਼ਾਮ ਦੇ ਇਤਿਹਾਸਕ ਮਹੱਤਵ ਨੂੰ ਆਤਮਸਾਤ ਕਰਕੇ ਬੁਲੰਦ ਕਰ ਰਹੇ ਸਨ ਓਦੋਂ ਆਰ.ਐੱਸ.ਐੱਸ. ਦੇ ਆਗੂਆਂ ਵਲੋਂ ਇਟਲੀ ਅਤੇ ਜਰਮਨੀ ਦੀਆਂ ਫਾਸ਼ੀਵਾਦੀ ਲਹਿਰਾਂ ਨੂੰ ਆਦਰਸ਼ ਬਣਾਕੇ ਪ੍ਰਚਾਰਿਆ ਜਾ ਰਿਹਾ ਸੀ ਜੋ ਆਰਥਕ ਅਤੇ ਸਮਾਜਿਕ ਨਾਬਰਾਬਰੀ ਨੂੰ ਹੋਰ ਡੂੰਘੀ ਅਤੇ ਮਜ਼ਬੂਤ ਬਣਾਉਣ ਵਾਲੀਆਂ ਵਿਚਾਰਧਾਰਾਵਾਂ ਹਨ। ਐਸੇ ਖ਼ਤਰਨਾਕ ਏਜੰਡੇ ਵਾਲੀ ਫਾਸ਼ੀਵਾਦੀ ਤਾਕਤ ਕਦੇ ਵੀ ਵਿਚਾਰਾਂ ਦੀ ਆਜ਼ਾਦੀ ਅਤੇ ਸੱਭਿਆਚਾਰਕ ਵੰਨ–ਸੁਵੰਨਤਾ ਦਾ ਸਤਿਕਾਰ ਨਹੀਂ ਕਰ ਸਕਦੀ। ਅਗਾਂਹਵਧੂ ਸ਼ਖਸੀਅਤਾਂ ਦੇ ਬੁੱਤਾਂ ਦੀ ਬੇਅਦਬੀ ਹਿੰਦੂਤਵ ਦਾ ਏਜੰਡਾ ਥੋਪਣ ਦੀ ਮੁਹਿੰਮ ਦਾ ਹਿੱਸਾ ਹੈ ਜਿਸਦਾ ਦੂਜਾ ਪਾਸਾ ਨੱਥੂਰਾਮ ਗੌਡਸੇ ਅਤੇ ਵਰਣ ਵਿਵਸਥਾ ਦੇ ਬਾਨੀ ਮਨੂ ਦੇ ਬੁੱਤ ਲਗਾਉਣ ਲਈ ਇਸ ਵਲੋਂ ਦਿਖਾਇਆ ਜਾ ਰਿਹਾ ਜੋਸ਼ ਹੈ ਕਿਉਂਕਿ ਉਹ ਆਰ.ਐੱਸ.ਐੱਸ. ਦੀ ਸਮਾਜਿਕ ਧੌਂਸ ਦੀ ਵਿਚਾਰਧਾਰਾ ਦੇ ਚਿੰਨ੍ਹ ਹਨ। ਸੰਘ ਪਰਿਵਾਰ ਚੋਣਾਂ ਵਿਚ ਇਕ ਖ਼ਾਸ ਪਾਰਟੀ ਦੀ ਹਾਰ ਦੇ ਬਹਾਨੇ ਉਸ ਵਿਗਿਆਨਕ ਵਿਚਾਰਧਾਰਾ ਨੂੰ ਨਿਸ਼ਾਨਾ ਬਣਾ ਰਿਹਾ ਹੈ ਜਿਸਨੇ ਦੁਨੀਆ ਭਰ ਦੇ ਕਿਰਤੀ ਲੋਕਾਂ, ਔਰਤਾਂ, ਕੌਮੀਅਤਾਂ ਅਤੇ ਹੋਰ ਦੱਬੇਕੁਚਲੇ ਘੱਟਗਿਣਤੀ ਸਮੂਹਾਂ ਦੀ ਸੱਚੀ ਮੁਕਤੀ ਦਾ ਠੋਸ ਪ੍ਰੋਗਰਾਮ ਪੇਸ਼ ਕੀਤਾ। ਪਰ ਸੰਘ ਦੇ ਇਸ ਇਤਿਹਾਸਕ ਹਕੀਕਤ ਉੱਪਰ ਪਰਦਾ ਪਾਉਣ ਦੇ ਮਨਸੂਬੇ ਕਦੇ ਕਾਮਯਾਬ ਨਹੀਂ ਹੋਣਗੇ ਕਿ ਇਹ ਵੀ.ਆਈ.ਲੈਨਿਨ ਦੀ ਅਗਵਾਈ ਹੇਠ ਸੋਵੀਅਤ ਯੂਨੀਅਨ ਸੀ ਜਿਸਨੇ ਨਾ ਸਿਰਫ਼ ਕਿਸਾਨਾਂ ਮਜ਼ਦੂਰਾਂ ਦਾ ਰਾਜ ਸਥਾਪਤ ਕਰਕੇ ਹਰ ਤਰ੍ਹਾਂ ਦੀ ਨਾਬਰਾਬਰੀ, ਲੁੱਟਖਸੁੱਟ ਅਤੇ ਦਾਬੇ ਤੋਂ ਮੁਕਤੀ ਦਾ ਰਾਹ ਦਿਖਾਇਆ ਸਗੋਂ ਭਾਰਤ ਸਮੇਤ ਦੁਨੀਆ ਭਰ ਦੇ ਬਸਤੀਵਾਦ ਵਿਰੋਧੀ ਅਤੇ ਕੌਮੀ ਮੁਕਤੀ ਸੰਘਰਸ਼ਾਂ ਦੀ ਡੱਟਕੇ ਹਮਾਇਤ ਅਤੇ ਮਦਦ ਕੀਤੀ।

ਉਹਨਾਂ ਕਿਹਾ ਕਿ ਦੇਸ਼ ਦੀਆਂ ਸਮੂਹ ਜਮਹੂਰੀਅਤਪਸੰਦ ਅਤੇ ਅਗਾਂਹਵਧੂ ਤਾਕਤਾਂ ਨੂੰ ਸੰਘ ਦੇ ਫਾਸ਼ੀਵਾਦੀ ਮਨਸੂਬਿਆਂ ਦਾ ਪਰਦਾਫਾਸ਼ ਕਰਨ ਅਤੇ ਇਸ ਬਾਰੇ ਆਮ ਲੋਕਾਂ ਨੂੰ ਜਾਗਰੂਕ ਕਰਨ ਲਈ ਵਿਆਪਕ ਮੁਹਿੰਮ ਵਿੱਢਣੀ ਚਾਹੀਦੀ ਹੈ। ਕਿਉਂਕਿ ਜਾਗਰੂਕ ਲੋਕ ਤਾਕਤ ਹੀ ਹਿੰਦੂਤਵ ਫਾਸ਼ੀਵਾਦ ਦੇ ਖ਼ਤਰੇ ਨੂੰ ਠੱਲ ਪਾ ਸਕਦੀ ਹੈ ਜੋ ਦਿਨੋਦਿਨ ਵਧੇਰੇ ਤੋਂ ਵਧੇਰੇ ਖ਼ਤਰਨਾਕ ਰੂਪ ਵਿਚ ਸਾਹਮਣੇ ਆ ਰਿਹਾ ਹੈ।

**– ਬੂਟਾ ਸਿੰਘ, ਪ੍ਰੈੱਸ ਸਕੱਤਰ**

# ਕੌਮਾਂਤਰੀ ਮਹਿਲਾ ਦਿਵਸ ਮੌਕੇ ਵਿਸ਼ਾਲ ਸਮਾਗਮ ਆਯੋਜਿਤ









**ਲੁਧਿਆਣਾ –** ਮਾਈ ਭਾਗੋ ਐਜੂਕੇਸ਼ਨਲ ਐਂਡ ਵੈਲਫੇਅਰ ਸੁਸਾਇਟੀ ਦੁਆਰਾ ਵੱਖ–ਵੱਖ ਸੰਸਥਾਵਾਂ ਅਤੇ ਸਮੂਹ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਕੌਮਾਂਤਰੀ ਮਹਿਲਾ ਦਿਵਸ ਮੌਕੇ 'ਸੋ ਕਿਉਂ ਮੰਦਾ ਆਖੀਐ, ਜਿਤੁ ਜੰਮਹਿ ਰਾਜਾਨ।।' ਵਿਸ਼ੇਸ਼ ਸਮਾਗਮ ਗੁਰਦਵਾਰਾ ਮਾਈ ਚੰਦ ਕੌਰ, ਪਿੰਡ ਇਯਾਲੀ ਖੁਰਦ, ਦਸਮੇਸ਼ ਨਗਰ ਲੁਧਿਆਣਾ ਵਿਖੇ ਕਰਵਾਇਆ ਗਿਆ। ਸਿਵਲ ਕੋਰਟ ਲੁਧਿਆਣਾ ਦੇ ਜੱਜ ਡਾ: ਗੁਰਪ੍ਰੀਤ ਕੌਰ ਸੀ.ਜੇ.ਐੱਮ ਇਸ ਸਮਾਗਮ ਦੌਰਾਨ ਮੁੱਖ ਮਹਿਮਾਨ ਵਜੋਂ ਪੁੱਜੇ। ਸੁਸਾਇਟੀ ਪ੍ਰਧਾਨ ਬੀਬੀ ਹਰਪਾਲ ਕੌਰ ਬੋਪਾਰਾਏ ਦੀ ਪ੍ਰਧਾਨਗੀ ਹੇਠ ਕਰਵਾਏ ਗਏ ਇਸ ਸਮਾਗਮ ਦੌਰਾਨ ਇਲਾਕੇ ਭਰ ਦੀਆਂ ਇਕੱਤਰ ਮਹਿਲਾਵਾਂ ਨੂੰ ਸੰਬੋਧਨ ਕਰਦਿਆਂ ਜੱਜ ਡਾ: ਗੁਰਪ੍ਰੀਤ ਕੌਰ ਨੇ ਕਿਹਾ ਕਿ ਅੱਜ ਦੀ ਨਾਰੀ ਅੱਬਲਾ ਨਹੀਂ। ਅਜੋਕੀ ਔਰਤ ਘਰ ਪਰਿਵਾਰ ਚਲਾਉਣ ਦੇ ਨਾਲ ਨਾਲ ਪੁਲਿਸ ਅਤੇ ਸਿਵਲ ਪ੍ਰਸ਼ਾਸ਼ਨਿਕ ਅਹੁਦਿਆਂ ਦੇ ਨਾਲ ਨਾਲ ਰਾਜਨੀਤੀ ਦੇ ਖੇਤਰ ਵਿੱਚ ਵੀ ਮਰਦਾਂ ਤੋਂ ਅੱਗੇ ਹੋ ਕੇ ਕੰਮ ਕਰ ਰਹੀ ਹੈ। ਉਨ੍ਹਾਂ ਮਹਿਲਾਵਾਂ ਨੂੰ ਉਨ੍ਹਾਂ ਦੇ ਸਮਾਜ਼ ਅੰਦਰ ਅਧਿਕਾਰਾਂ ਤੋਂ ਜਾਣੂੰ ਕਰਵਾਉਂਦਿਆਂ ਸਮਾਜ਼ ਵਿਰੋਧੀ ਅਨਸਰਾਂ ਨੂੰ ਨੱਥ ਪਾਉਣ ਲਈ ਅੱਗੇ ਆਉਣ ਦਾ ਸੱਦਾ ਦਿੱਤਾ। ਸਮਾਗਮ ਦੌਰਾਨ ਵਿਸ਼ੇਸ਼ ਮਹਿਮਾਨ ਵਜੋਂ ਪੁੱਜੇ ਸਹਾਇਕ ਧੰਦਿਆਂ ਦੁਆਰਾ ਔਰਤਾਂ ਲਈ ਪ੍ਰੇਰਨਾਂ ਸਰੋਤ ਬੀਬੀ ਗੁਰਦੇਵ ਕੌਰ ਦਿਉਲ ਸਟੇਟ ਐਵਾਰਡੀ ਨੇ ਆਪਣੇ ਸੰਬੋਧਨ ਵਿੱਚ ਮਹਿਲਾਵਾਂ ਨੂੰ ਮਰਦਾਂ ਦੇ ਮੁਕਾਬਲੇ ਘਰ ਪਰਿਵਾਰ ਦੀਆਂ ਜਿੰਮੇਵਾਰੀਆਂ ਦੇ ਨਾਲ ਨਾਲ ਸਹਾਇਕ ਧੰਦੇ ਅਪਣਾ ਕੇ ਘਰਾਂ ਦੀ ਆਰਥਿਕਤਾ ਨੂੰ ਹੁਲਾਰਾ ਦੇਣ ਲਈ ਯਤਨਸ਼ੀਲ ਹੋਣ ਦੀ ਲੋੜ ਤੇ ਜ਼ੋਰ ਦਿੱਤਾ। ਇਸ ਦੌਰਾਨ ਸੁਸਾਇਟੀ ਪ੍ਰਧਾਨ ਹਰਪਾਲ ਕੌਰ ਬੋਪਾਰਾਏ ਦੀ ਅਗਵਾਈ ਹੇਠ ਸਮਾਗਮ ਵਿੱਚ ਸ਼ਾਮਿਲ ਸਖਸ਼ੀਅਤਾਂ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ। ਸਮਾਗਮ ਦੌਰਾਨ ਪੰਜਵੀਂ ਪੀੜ੍ਹੀ ਵਿੱਚ ਦਾਖਲ ਹੋ ਚੁੱਕੀਆਂ ਪਿੰਡ ਇਯਾਲੀ ਖੁਰਦ ਦੀਆਂ ਦੋ ਵਡੇਰੀ ਉਮਰ ਦੀਆਂ ਮਹਿਲਾਵਾਂ ਬੀਬੀ ਨਸੀਬ ਕੌਰ ਅਤੇ ਬੀਬੀ ਦਲੀਪ ਕੌਰ ਦਾ ਵੀ ਸਨਮਾਨ ਕੀਤਾ ਗਿਆ।

ਇਸ ਮੌਕੇ ਹਰਦੇਵ ਸਿੰਘ ਬੋਪਾਰਾਏ ਪ੍ਰਧਾਨ ਸ਼੍ਰੀ ਗੁਰੂ ਰਵਿਦਾਸ ਸਪੋਰਟਸ ਕਲੱਬ ਇਯਾਲੀ ਖੁਰਦ, ਸਨਅਤਕਾਰ ਹਰਕਿੰਦਰ ਸਿੰਘ ਇਯਾਲੀ, ਗੁਰਮੀਤ ਸਿੰਘ ਭੰਗੂ, ਗੁਲਵੰਤ ਸਿੰਘ, ਲੀਲਾ ਬੋਪਾਰਾਏ, ਭਗਵਾਨ ਸਿੰਘ ਪੰਚ, ਗੁਰਪ੍ਰੀਤ ਸਿੰਘ ਸਿੰਮਕ ਪੰਚ, ਗੁਰਮੀਤ ਸਿੰਘ ਬੋਪਾਰਾਏ, ਜ਼ੋਰਾ ਸਿੰਘ, ਨਗਿੰਦਰ ਸਿੰਘ, ਨਿਰਮਲ ਸਿੰਘ ਭੰਗੂ, ਧਰਮਿੰਦਰ ਸਿੰਘ ਭੰਗੂ, ਮਨਦੀਪ ਕੌਰ, ਕਮਲਜੀਤ ਕੌਰ, ਇੰਦਰਜੀਤ ਕੌਰ, ਅਵਤਾਰ ਸਿੰਘ ਨੰਦਪੁਰੀ, ਸੁਰਿੰਦਰਪਾਲ ਕੌਰ, ਪਰਮਜੀਤ ਸਿੰਘ, ਅਵਤਾਰ ਸਿੰਘ ਈਸੇਵਾਲ, ਦਲਜੀਤ ਸਿੰਘ, ਨਾਜ਼ਰ ਸਿੰਘ ਵੀ ਹਾਜ਼ਰ ਸਨ।

# ਸੱਜਦਾ

ਸੱਜਦਾ ਕਰਦਾ ਹਾਂ
ਉਸ ਅੰਬੋਂ ਦੀ ਜਾਈ ਨੂੰ
ਜੇਠ ਹਾੜ 'ਚ ਤਪਦੀ ਭੱਠੀ
ਲਾਉਂਦੀ ਹੱਥ ਕੜਾਹੀ ਨੂੰ
ਲੈ ਸਿਰ ਤੇ ਘਸਮੈਲੀ ਚੁੰਨੀ
ਵੰਗ ਬਾਹਾਂ ਵਿੱਚ ਪਾਈ ਨੂੰ
ਸੱਧਰਾਂ ਦੇ ਨਾਲ ਦਾਣੇ ਭੁੰਨਦੀ
ਖਵਾਉਂਦੀ ਹਰ ਇਕ ਰਾਹੀ ਨੂੰ।

ਸੱਜਦਾ ਕਰਦਾ ਹਾਂ
ਉਸ ਅੰਬੋਂ ਦੀ ਜਾਈ ਨੂੰ
ਬੋਲਾਂ ਵਿੱਚੋਂ ਖੰਡ ਕੇਰਦੀ
ਬਾਤ ਵਸਲ ਦੀ ਪਾਈ ਨੂੰ
ਵਿਛਾ ਲੈਂਦੀ ਹੈ ਜਦ ਉਹ ਭੁੰਜੇ
ਟਾਕੀਆਂ ਲੱਗੀ ਤਲਾਈ ਨੂੰ
ਵੇਖ ਅੱਲ੍ਹਾ ਵੀ ਮਿਹਰਾਂ ਬਖਸ਼ੇ
ਮਿਹਨਤ ਰੂਪੀ ਕਮਾਈ ਨੂੰ।

**–ਸਤਨਾਮ ਸਿੰਘ ਕੈਂਥ**

# ਚੌਧਰੀ ਵੱਲੋਂ ਭੇਂਟ ਕੀਤੇ ਮੁੱਖ ਦਫਤਰ ਦਾ ਉਦਘਾਟਨ ਕਰ ਬਿੱਟੀ ਨੇ ਕੀਤਾ ਲੋਕ ਅਰਪਣ



**ਲੁਧਿਆਣਾ–** ਵਿਧਾਨ ਸਭਾ ਹਲਕਾ ਸਾਹਨੇਵਾਲ ਦੀ ਇੰਚਾਰਜ ਬੀਬੀ ਸਤਵਿੰਦਰ ਕੌਰ ਬਿੱਟੀ ਨੇ ਕਾਂਗਰਸ ਪਾਰਟੀ ਦੇ ਟਕਸਾਲੀ ਆਗੂ ਸੁਭਾਸ਼ ਚੌਧਰੀ ਵੱਲੋਂ ਮੁਫਤ ਭੇਂਟ ਕੀਤੇ ਮੁੱਖ ਦਫਤਰਦਾ ਉਦਘਾਟਨ ਕਰਕੇ ਅੱਜ ਲੋਕ ਅਰਪਣ ਕੀਤਾ। ਇਸ ਉਦਘਾਟਨੀ ਸਮਾਰੋਹ ਵਿੱਚ ਹਲਕਾ ਉੱਤਰੀ ਦੇ ਵਿਧਾਇਕ ਤੇ ਸਾਬਕਾ ਮੰਤਰੀ ਸ੍ਰੀ ਰਾਕੇਸ਼ ਪਾਂਡੇ ਅਤੇ ਹਲਕਾ ਆਤਮ ਨਗਰ ਤੋਂ ਵਿਧਾਇਕੀ ਦੀਚੋਣ ਲੜ੍ਹ ਚੁੱਕੇ ਕਮਲਜੀਤ ਸਿੰਘ ਕੜ੍ਹਵਲ ਨੇ ਉਚੇਚੇ ਤੌਰ ਤੇ ਸਿਰਕਤ ਕੀਤੀ। ਮੁੱਖ ਦਫਤਰ ਦੇ ਉਦਘਾਟਨ ਤੋਂ ਪਹਿਲਾਂ ਸੁਖਮਨੀ ਸਾਹਿਬ ਦਾ ਪਾਠ ਕਰਕੇ ਅੰਤਿਮ ਅਰਦਾਸ ਕੀਤੀ ਗਈ ਅਤੇ ਪਹੁੰਚੇ ਆਗੂਆਂ ਨੇ ਵਾਰਡ ਤੋਂ ਅਜਾਦ ਉਮੀਦਵਾਰ ਵਜੋਂ ਚੋਣ ਲੜ੍ਹ ਚੁੱਕੇ ਹਰਦੀਪ ਸਿੰਘ ਮੁੰਡੀਆਂ ਅਤੇ ਉਨ੍ਹਾਂ ਦੀ ਸਮੁੱਚੀ ਟੀਮ ਨੂੰ ਥਾਪੜਾ ਦਿੱਤਾ। ਟੀਮ ਹਰਦੀਪ ਮੁੰਡੀਆਂ ਵੱਲੋਂ ਬੀਬੀ ਬਿੱਟੀ, ਵਿਧਾਇਕ ਪਾਂਡੇ, ਕੜ੍ਹਵਲ ਅਤੇ ਵਿਸ਼ੇਸ਼ ਮਹਿਮਾਨਾਂ ਦੇ ਤੌਰ ਤੇ ਸਿਰਕਤ ਕਰਨ ਵਾਲੇ ਸੀਨੀਅਰ ਕਾਗਰਸੀਆਂ ਆਗੂਆਂ ਨੂੰ ਸਿਰੋਪਾਓ ਪਾ ਕੇ ਸਨਮਾਨਿਤ ਕੀਤਾ ਗਿਆ। ਸਮਾਗਮ ਨੂੰ ਸੰਬੋਧਨ ਕਰਦਿਆਂ ਬੀਬੀ ਬਿੱਟੀ ਨੇ ਕਿਹਾ ਕਿ ਕੁਝ ਲੋਕ ਰਾਵਣ ਦੇ ਭੇਸ ਵਿੱਚ ਆ ਕੇ ਕਾਂਗਰਸ ਨੂੰ ਖਤਮ ਕਰਨ ਦੀਆਂ ਚਾਲਾਂ ਚੱਲ ਰਹੇ ਹਨ ਪਰ ਉਨ੍ਹਾਂ ਦੇ ਨਾਪਾਕ ਇਰਾਦਿਆਂ ਨੂੰ ਅਸੀ ਅਸਫਲ ਕਰ ਚੁੱਕੇ ਹਾਂ ਅਤੇ ਭਵਿੱਖ ਵਿੱਚ ਵੀ ਇਨ੍ਹਾਂ ਨੂੰ ਕਿਸੇ ਵੀ ਕੀਮਤ ਤੇ ਸਫਲ ਨਹੀ ਹੋਣ ਦੇਵਾਂਗੇ। ਉਨ੍ਹਾਂ ਹਲਕੇ ਦੇ ਲੋਕਾਂ ਨੂੰ ਕਾਂਗਰਸ ਨੂੰ ਮਜਬੂਤ ਕਰਨ ਦਾ ਸੱਦ ਦਿੰਦਿਆਂ ਕਿਹਾ ਕਿ ਇਸ ਦਫਤਰ ਵਿੱਚ ਕੋਈ ਵੀ ਵਿਆਕਤੀ ਕੰਮ ਲਈ ਆਵੇਗਾ ਤਾਂ ਉਸ ਦਾ ਕੰਮ ਬਿਨ੍ਹਾਂ ਦੇਰੀ ਦੇ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਉਹ ਹਲਫੇ ਵਿੱਚ ਇੱਕ ਦਿਨ ਖੁਦ ਅਤੇ ਬਾਕੀ ਦਿਨ ਓ ਐਸ ਡੀ ਰਾਜਿੰਦਰ ਸਿੰਘ ਧਾਂਧਲੀ ਲੋਕਾਂ ਦੀਆਂ ਸਮੱਸਿਆਵਾਂ ਸੁਣ ਕੇ ਸਮਾਂਵਧ ਹੱਲ ਕਰਵਾਉਣਗੇ। ਉਨ੍ਹਾਂ ਮੁਫਤ ਦਫਤਰ ਦੇਣ ਤੇ ਚੌਧਰੀ ਪਰਿਵਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਵਰਕਰਾਂ ਵਿੱਚ ਕਾਂਗਰਸ ਪਾਰਟੀ ਪ੍ਰਤੀ ਅਜਿਹਾ ਪਿਆਰ ਦੇਖ ਕੇ ਮੇਰੇ ਲੋਕ ਸੇਵਾ ਦੇ ਇਰਾਦੇ ਨੂੰ ਹੋਰ ਮਜਬੂਤੀ ਤੇ ਬਲ ਮਿਲਦਾ ਹੈ।

# ਸਿੱਖਾਂ ਦੀ ਕਿਰਪਾਨ - ਬਣਾ ਗਈ ਆਪਣੀ ਪਛਾਣ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਬਹੁਕੌਮੀ ਮੁਲਕਾਂ ਦੇ ਵਿਚ ਵਿਭਿੰਨ ਸਭਿਆਚਾਰ ਅਤੇ ਧਾਰਮਿਕ ਆਜ਼ਾਦੀ ਕਾਇਮ ਰੱਖਣ ਲਈ ਜਿੱਥੇ ਨਵੇਂ ਕਾਨੂੰਨ ਘੜਨਾ ਇਕ ਜੱਦੋ–ਜਹਿਦ ਹੋ ਸਕਦੀ ਹੈ, ਉਥੇ ਮੌਜੂਦਾ ਕਾਨੂੰਨ ਅਨੁਸਾਰ ਆਪਣਾ ਹੱਕ ਪਾ ਲੈਣਾ ਵੀ ਇਕ ਪ੍ਰਾਪਤੀ ਹੈ। ਇਕ ਹੀ ਅਜਿਹਾ ਹੀ ਹੱਕ ਮੌਜੂਦ ਸੀ ਇਥੇ ਦੇ ਹਵਾਬਾਜ਼ੀ ਸੁਰੱਖਿਆ ਸੇਵਾ ਨਿਯਮਾਂ ਦੇ ਵਿਚ ਜਿਸ ਦੇ ਅਨੁਸਾਰ ਲੋਕ 6 ਸੈਂਟੀਮੀਟਰ ਤੱਕ ਚਾਕੂ ਜਾਂ ਬਲੇਡ ਆਦਿ ਨਿਊਜ਼ੀਲੈਂਡ ਤੋਂ ਉਡਾਣ ਭਰਨ ਵਾਲੀਆਂ ਫਲਾਈਟਾਂ ਦੇ ਵਿਚ ਲਿਜਾ ਸਕਦੇ ਸਨ। ਪਰ ਸਿੱਖਾਂ ਨੂੰ ਇਥੇ ਉਸ ਵੇਲੇ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਜਾਂਦਾ ਸੀ ਜਦੋਂ ਪਹਿਨੀ ਹੋਈ ਛੋਟੀ ਸਿਰੀ ਸਾਹਿਬ ਵੀ 6 ਸੈਂਟੀਮੀਟਰ ਤੋਂ ਵੱਡੇ ਬਲੇਡ ਵਾਲੀ ਨਿਕਲਦੀ ਸੀ ਜਾਂ ਫਿਰ ਏਵੀਏਸ਼ਨ ਸਟਾਫ ਨੂੰ ਕਿਰਪਾਨ ਦੀ ਮਹੱਤਤਾ ਆਦਿ ਬਾਰੇ ਸਮਝਣ ਵਿਚ ਮੁਸ਼ਕਿਲ ਪੇਸ਼ ਆਉਂਦੀ ਸੀ।



ਨਵੰਬਰ 2017 ਦੇ ਵਿਚ ਇਥੇ ਖਾਲਸਾ ਫਾਊਂਡੇਸ਼ਨ ਦੇ ਟ੍ਰਸਟੀ ਸ. ਹਰਮਨ ਸਿੰਘ ਅਤੇ ਐਗਜੈਗਟਿਵ ਮੈਂਬਰ ਸ. ਹਰਪ੍ਰੀਤ ਸਿੰਘ ਨੇ ਇਸ ਕਾਨੂੰਨੀ ਹੱਕ ਦਾ ਇਸਤੇਮਾਲ ਕੀਤਾ ਸੀ। ਇਸ ਤੋਂ ਬਾਅਦ ਸ. ਹਰਪ੍ਰੀਤ ਸਿੰਘ ਨੇ ਬਾਕੀ ਸਿੱਖਾਂ ਦੇ ਲਈ ਹੋਰ ਸੌਖਾ ਕਰਨ ਦੇ ਉਦੇਸ਼ ਨਾਲ ਏਵੀਏਸ਼ਨ ਵਿਭਾਗ ਨਾਲ ਲਗਾਤਾਰ ਸੰਪਰਕ ਬਣਾਈ ਰੱਖਿਆ ਤੇ ਖੁਦ ਜਾ ਕੇ ਮੀਟਿੰਗਾਂ ਕੀਤੀਆਂ। ਇਸ ਨੌਜਵਾਨ ਨੇ ਚਿੱਠੀ–ਪੱਤਰ ਰਾਹੀਂ ਕਿਰਪਾਨ ਦੀ ਅਹਿਮੀਅਤ ਨੂੰ ਸਰਕਾਰੀ ਵੈਬਸਾਈਟ ਉਤੇ ਨਿਖਾਰ ਕੇ ਲਿਖਣ ਲਈ ਲਗਾਤਾਰ ਯਤਨ ਕੀਤਾ। ਹੁਣ ਚਾਰ ਮਹੀਨਿਆਂ ਦੀ ਮਿਹਨਤ ਰੰਗ ਲਿਆਈ ਹੈ। ਏਵੀਏਸ਼ਨ ਵਿਭਾਗ ਨੇ ਸਾਰੀ ਗੱਲ ਸਮਝਦਿਆਂ ਸਿੱਖ ਯਾਤਰੀਆਂ ਅਤੇ ਆਪਣੇ ਸਟਾਫ ਨੂੰ ਮੌਜੂਦਾ ਨਿਯਮ ਬਾਰੇ ਹੋਰ ਸਪਸ਼ਟ ਕਰਨ ਦੇ ਉਦੇਸ਼ ਨਾਲ ਸਰਕਾਰੀ ਵੈਬਸਾਈਟ ਉਤੇ ਨਿਖਾਰ ਕੇ ਲਿਖ ਦਿੱਤਾ ਹੈ ਕਿ ਕਿਰਪਾਨ ਸਿੱਖ ਗੁਰੂ ਸਾਹਿਬਾਨ ਵੱਲੋਂ ਬਖਸ਼ਿਸ਼ ਕੀਤੀ ਹੋਈ ਹੈ ਅਤੇ ਇਹ ਉਚ ਅਧਿਆਤਮਕ ਅਹਿਮੀਅਤ ਰੱਖਦੀ ਹੈ। ਸਪਸ਼ਟ ਤੌਰ ਉਤੇ ਹੁਣ ਇਹ ਵੀ ਲਿਖ ਦਿੱਤਾ ਗਿਆ ਹੈ ਕਿ ਸਿੱਖ 6 ਸੈਂਟੀਮੀਟਰ ਤੱਕ ਦੇ ਬਲੇਡ ਵਾਲੀ ਕਿਰਪਾਨ ਪਹਿਨ ਕੇ ਨਿਊਜ਼ੀਲੈਂਡ ਭਰ ਦੇ ਵਿਚ ਘਰੇਲੂ ਹਵਾਈ ਸਫਰ ਕਰ ਸਕਦੇ ਹਨ ਅਤੇ ਇਥੋਂ ਚੱਲਣ ਵਾਲੀਆਂ ਅੰਤਰਰਾਸ਼ਟਰੀ ਉਡਾਣਾਂ ਦੇ ਵਿਚ ਵੀ ਸਫਰ ਕਰ ਸਕਦੇ ਹਨ।

ਇਸਦੇ ਨਾਲ ਹੀ ਇਹ ਵੀ ਲਿਖਿਆ ਗਿਆ ਹੈ ਕਿ ਅੰਤਰ–ਰਾਸ਼ਟਰੀ ਉਡਾਣ ਦੇ ਲਈ ਜੇਕਰ ਯਾਤਰੀ ਨੂੰ ਕਿਸੇ ਹੋਰ ਦੇਸ਼ ਦੇ ਵਿਚ ਜ਼ਹਾਜ਼ ਬਦਲੀ ਕਰਨ ਦੀ ਲੋੜ ਪਵੇ ਤਾਂ ਉਸ ਦੇਸ਼ ਦੇ ਹਵਾਬਾਜ਼ੀ ਨਿਯਮਾਂ ਜਾਂ ਏਅਰਲਾਈਨ ਦੀ ਪੜ੍ਹਤਾਲ ਕਰਨੀ ਹੋਏਗੀ ਤਾਂ ਕਿ ਕਿਸੀ ਮੁਸ਼ਕਿਲ ਵਿਚ ਨਾ ਆਉਣ। ਜੇਕਰ ਕਿਰਪਾਨ 6 ਸੈਂਟੀਮੀਟਰ ਤੋਂ ਲੰਬੀ ਹੋਵੇਗੀ ਤਾਂ ਸੁਰੱਖਿਆ ਸਟਾਫ ਤੁਹਾਨੂੰ ਰੋਕ ਸਕਦਾ ਹੈ ਅਤੇ ਕਿਰਪਾਨ ਨੂੰ ਕਾਰਗੋ ਵਿਚ ਭੇਜਣ ਲਈ ਕਹਿ ਸਕਦਾ ਹੈ। ਵਰਨਣਯੋਗ ਹੈ ਕਿ ਕੈਨੇਡਾ ਦੇ ਵਿਚ ਵੀ ਅਜਿਹੀ ਸੁਵਿਧਾ ਉਪਲਬਧ ਹੈ ਪਰ ਅਜੇ ਤੱਕ ਉਥੇ ਵੀ ਸਬੰਧਿਤ ਵੈਬਸਾਈਟ 'ਟਰਾਂਸਪੋਰਟ ਕੈਨੇਡਾ' ਉਤੇ ਸਿੱਖ ਕਿਰਪਾਨ ਸ਼ਬਦ ਦਾ ਜ਼ਿਕਰ ਨਹੀਂ ਹੈ।

ਸੋ ਸ਼ਾਬਾਸ਼ ਹੈ ਸ. ਹਰਪ੍ਰੀਤ ਸਿੰਘ ਨੂੰ ਜਿਨ੍ਹਾਂ ਨੇ ਉਦਮ ਕਰਕੇ ਮੌਜੂਦ ਨਿਯਮਾਂ ਦੇ ਵਿਚ ਇਕ ਇਤਿਹਾਸਕ ਸਪਸ਼ਟੀਕਰਨ ਸ਼ਾਮਿਲ ਕਰਵਾ ਕੇ ਅੰਮ੍ਰਿਤਧਾਰੀ ਸਿੱਖ ਭਾਈਚਾਰੇ ਲਈ ਹਵਾਈ ਸਫਰ ਹੋਰ ਸੌਖਾ ਕਰ ਦਿੱਤਾ। ਜੇਕਰ ਕਿਸੀ ਨੂੰ ਛੋਟੀ ਕਿਰਪਾਨ ਦੀ ਜਰੂਰਤ ਹੋਵੇ ਤਾਂ ਵੀਰ ਸ. ਹਰਪ੍ਰੀਤ ਸਿੰਘ ਦੇ ਨਾਲ ਫੋਨ ਨੰਬਰ 022 3932 394 ਉਤੇ ਸੰਪਰਕ ਕਰ ਸਕਦਾ ਹੈ।

# ਸ਼ਹੀਦ ਸਭ ਕੌਮਾਂ ਅਤੇ ਦੇਸ਼ ਦੇ ਸਾਂਝੇ ਹੁੰਦੇ ਹਨ-ਰਾਜਨਾਥ ਸਿੰਘ

**ਅੰਮ੍ਰਿਤਸਰ–** ਜਲ੍ਹਿਆਂਵਾਲਾ ਬਾਗ਼ ਦੇ ਖ਼ੂਨੀ ਸਾਕੇ ਦੇ ਦੋਸ਼ੀ ਤੇ ਪੰਜਾਬ ਦੇ ਤਤਕਾਲੀ ਲੈਫ਼ਟੀਨੈਂਟ ਗਵਰਨਰ ਮਾਈਕਲ ਓਡਵ–ਾਇਰ ਨੂੰ ਮੌਤ ਦੇ ਘਾਟ ਉਤਾਰ ਕੇ ਉਕਤ ਸਾਕੇ ਦਾ ਬਦਲਾ ਲੈਣ ਵਾਲੇ ਯੋਧੇ ਸ਼ਹੀਦ ਊਧਮ ਸਿੰਘ ਦਾ 11 ਫੁੱਟ ਉੱਚਾ ਬੁੱਤ ਉਸ ਦੀ ਸ਼ਹਾਦਤ ਦੇ 68 ਵਰ੍ਹੇ ਬਾਅਦ ਜਲ੍ਹਿਆਂਵਾਲਾ ਬਾਗ਼ ਵਿਖੇ ਸਥਾਪਿਤ ਕੀਤਾ ਗਿਆ। ਹੱਥ 'ਚ ਜਲ੍ਹਿਆਂਵਾਲਾ ਬਾਗ਼ ਸਾਕੇ ਦੀ ਖ਼ੂਨੀ ਮਿੱਟੀ ਲੈ ਕੇ ਇਸ ਦਾ ਬਦਲਾ ਲੈਣ ਦਾ ਸੰਕਲਪ ਲੈਂਦੇ ਹੋਏ ਸ਼ਹੀਦ ਊਧਮ ਸਿੰਘ ਦੇ ਉਕਤ ਬੁੱਤ ਦਾ ਉਦਘਾਟਨ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਕੀਤਾ । ਇਸ ਮੌਕੇ ਕੇਂਦਰੀ ਰਾਜ ਮੰਤਰੀ ਵਿਜੇ ਸਾਂਪਲਾ, ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ, ਪ੍ਰੇਮ ਸਿੰਘ ਚੰਦੂਮਾਜਰਾ, ਸ਼ਵੇਤ ਮਲਿਕ, ਮੰਤਰੀ ਸਾਧੂ ਸਿੰਘ ਧਰਮਸੋਤ, ਰਾਣਾ ਗੁਰਜੀਤ ਸਿੰਘ ਸੋਢੀ, ਹੰਸ ਰਾਜ ਜੋਸਨ, ਕਰਨ ਦੇਵ ਕੰਬੋਜ, ਅਨਿਲ ਜੋਸ਼ੀ, ਤਰੁਨ ਚੁੱਘ, ਮਮਤਾ ਦੱਤਾ, ਪ੍ਰੋ. ਲਕਸ਼ਮੀ ਕਾਂਤਾ ਚਾਵਲਾ, ਜਰਨੈਲ ਸਿੰਘ ਢੋਟ, ਨਵਦੀਪ ਸਿੰਘ ਗੋਲਡੀ, ਅਮਰਬੀਰ ਸਿੰਘ ਢੋਟ ਪ੍ਰਧਾਨ ਸਿੱਖ ਸਟੂਡੈਂਟਸ ਮਹਿਤਾ, ਰਾਜੇਸ਼ ਹਨੀ, ਗੁਰਪ੍ਰਤਾਪ ਸਿੰਘ ਟਿੱਕਾ ਆਦਿ ਹਾਜ਼ਰ ਸਨ । ਸ਼ਹੀਦ ਦਾ ਬੁੱਤ ਲਗਵਾਉਣ 'ਚ ਪ੍ਰਮੁੱਖ ਭੂਮਿਕਾ ਨਿਭਾਉਣ ਵਾਲੀ ਸੰਸਥਾ ਇੰਟਰਨੈਸ਼ਨਲ ਸਰਵ ਕੰਬੋਜ ਸਮਾਜ ਵਲੋਂ ਇਸ ਮੌਕੇ ਰੱਖੇ ਸਮਾਰੋਹ 'ਚ ਸੰਬੋਧਨ ਕਰਦਿਆਂ ਰਾਜਨਾਥ ਸਿੰਘ ਨੇ ਕਿਹਾ ਕਿ ਜਲ੍ਹਿਆਂਵਾਲਾ ਬਾਗ਼ ਸਾਕੇ ਦਾ 100 ਸਾਲਾ ਕੇਂਦਰ ਸਰਕਾਰ ਵਲੋਂ ਪੂਰੇ ਦੇਸ਼ 'ਚ ਮਨਾਇਆ ਜਾਵੇਗਾ ਅਤੇ ਸ਼ਤਾਬਦੀ ਵਰ੍ਹੇ ਦੇ ਦੌਰਾਨ ਸ਼ਹੀਦੀ ਸਮਾਰਕ ਦੇ ਸੁੰਦਰੀਕਰਨ ਵੱਲ ਹੋਰ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਸ਼ਹੀਦ ਸਭ ਕੌਮਾਂ ਤੇ ਦੇਸ਼ਾਂ ਦੇ ਸਾਂਝੇ ਹੁੰਦੇ ਹਨ। ਉਨ੍ਹਾਂ ਸ਼ਹੀਦ ਦੇ ਜੀਵਨ ਅਤੇ ਸ਼ਹਾਦਤ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਸ਼ਹੀਦ ਊਧਮ ਸਿੰਘ, ਭਗਤ ਸਿੰਘ, ਚੰਦਰ ਸ਼ੇਖਰ ਆਜ਼ਾਦ, ਅਸ਼ਫਾਕ ਉੱਲਾ, ਸੁਖਦੇਵ, ਰਾਜਗੁਰੂ, ਰਾਮ ਪ੍ਰਸਾਦ ਬਿਸਮਿਲ ਆਦਿ ਨੂੰ ਸਾਂਝੇ ਤੌਰ 'ਤੇ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਉਕਤ ਸ਼ਹੀਦਾਂ ਦੇ ਦਿਲਾਂ 'ਚ ਦੇਸ਼ ਦੀ ਆਜ਼ਾਦੀ ਦੀ ਭਾਵਨਾ ਪ੍ਰਚੰਡ ਕਰਨ 'ਚ ਜਲ੍ਹਿਆਂਵਾਲਾ ਬਾਗ਼ ਸਾਕੇ ਦਾ ਵਿਸ਼ੇਸ਼ ਯੋਗਦਾਨ ਰਿਹਾ । ਉਨ੍ਹਾਂ ਕਿਹਾ ਅੰਮ੍ਰਿਤਸਰ ਪੂਰੇ ਵਿਸ਼ਵ 'ਚ ਸਭ ਤੋਂ ਵਧੇਰੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅਤੇ ਜਲ੍ਹਿਆਂਵਾਲਾ ਬਾਗ਼ ਦੇ ਸਾਕੇ ਕਾਰਨ ਜਾਣਿਆ ਜਾਂਦਾ ਹੈ । ਉਨ੍ਹਾਂ ਦੇਸ਼ ਦੇ ਦੂਸਰੇ ਸੂਬਿਆਂ 'ਚ ਕ੍ਰਾਂਤੀਕਾਰੀਆਂ ਅਤੇ ਹੋਰ ਵਿਸ਼ੇਸ਼ ਵਿਅਕਤੀਆਂ ਦੇ ਢਾਹੇ ਜਾ ਰਹੇ ਬੁੱਤਾਂ ਦੀ ਕਾਰਵਾਈ ਦੀ ਸਖ਼ਤ ਸ਼ਬਦਾਂ 'ਚ ਨਿੰਦਾ ਕਰਦਿਆਂ ਕਿਹਾ ਕਿ ਇਹ ਇਕ ਗ਼ੈਰ ਸੰਵਿਧਾਨਕ ਕਾਰਵਾਈ ਹੈ ਜਿਸ ਦੀ ਕੇਂਦਰ ਸਰਕਾਰ ਵਲੋਂ ਤਿੱਖੇ ਸ਼ਬਦਾਂ 'ਚ ਨਿੰਦਾ ਕੀਤੀ ਜਾ ਰਹੀ ਹੈ।



# ਪ੍ਰਧਾਨ ਮੰਤਰੀ ਵੱਲੋਂ ਭਾਰਤ ਨੂੰ ਟੀਬੀ ਮੁਕਤ ਕਰਨ ਬਾਰੇ ਮੁਹਿੰਮ ਸ਼ੁਰੂ

**ਨਵੀਂ ਦਿੱਲੀ–** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇੱਥੇ ਭਾਰਤ ਨੂੰ 2025 ਤੱਕ ਟੀਬੀ ਮੁਕਤ ਕਰਨ ਸਬੰਧੀ ਮੁਹਿੰਮ ਦਾ ਆਗਾਜ਼ ਕਰਦਿਆਂ ਕਿਹਾ ਕਿ ਆਲਮੀ ਪੱਧਰ 'ਤੇ ਟੀਬੀ ਦੇ ਖਾਤਮੇ ਲਈ ਕੀਤੀਆਂ ਗਈਆਂ ਕੋਸ਼ਿਸ਼ਾਂ ਨੂੰ ਅਜੇ ਪੂਰੀ ਕਾਮਯਾਬੀ ਨਹੀਂ ਮਿਲੀ ਹੈ। ਉਨ੍ਹਾਂ ਇਸ ਟੀਚੇ ਤੱਕ ਪਹੁੰਚਣ ਲਈ ਨਜ਼ਰੀਆ ਬਦਲਣ 'ਤੇ ਜ਼ੋਰ ਦਿੱਤਾ।

ਉਹ ਅੱਜ ਇੱਥੇ ਦਿੱਲੀ 'ਚ ਟੀਬੀ ਬਾਰੇ ਸੰਮੇਲਨ ਦੇ ਉਦਘਾਟਨੀ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਅੱਜ ਤੋਂ 25 ਸਾਲ ਪਹਿਲਾਂ ਵਿਸ਼ਵ ਸਿਹਤ ਸੰਸਥਾ ਨੇ ਟੀਬੀ ਨੂੰ ਐਮਰਜੈਂਸੀ ਐਲਾਨ ਦਿੱਤਾ ਸੀ ਤੇ ਉਸ ਸਮੇਂ ਤੋਂ ਹੀ ਦੁਨੀਆ ਦੇ ਕਈ ਮੁਲਕਾਂ ਵੱਲੋਂ ਇਸ ਬਿਮਾਰੀ ਦੀ ਰੋਕਥਾਮ ਲਈ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਸ੍ਰੀ ਮੋਦੀ ਨੇ ਕਿਹਾ, 'ਜ਼ਮੀਨੀ ਹਕੀਕਤ ਇਹ ਹੈ ਕਿ ਅਸੀਂ ਅਜੇ ਵੀ ਟੀਬੀ ਦਾ ਖਾਤਮਾ ਨਹੀਂ ਕਰ ਸਕੇ ਹਾਂ।

ਜੇਕਰ 10–20 ਸਾਲ ਮਗਰੋਂ ਵੀ ਸਾਨੂੰ ਸਹੀ ਨਤੀਜੇ ਨਹੀਂ ਮਿਲੇ ਹਨ ਤਾਂ ਸਾਨੂੰ ਆਪਣਾ ਨਜ਼ਰੀਆ ਬਦਲਣ ਤੇ ਆਪਣੇ ਕੰਮ ਦੀ ਘੋਖ ਕਰਨ ਦੀ ਜ਼ਰੂਰਤ ਹੈ, ਜਿਸ ਨਾਲ ਕੁਝ ਨਵੇਂ ਰਾਹ ਦਿਖਾਈ ਦੇ ਸਕਣ।' ਉਨ੍ਹਾਂ ਕਿਹਾ, 'ਦੁਨੀਆਂ ਭਰ ਵਿੱਚ ਟੀਬੀ ਦੇ ਖਾਤਮੇ ਲਈ 2030 ਤੱਕ ਦਾ ਸਮਾਂ ਤੈਅ ਕੀਤਾ ਗਿਆ ਹੈ। ਮੈਂ ਇੱਥੇ ਐਲਾਨ ਕਰਨਾ ਚਾਹੁੰਦਾ ਹਾਂ ਕਿ ਅਸੀਂ ਟੀਬੀ ਦੇ ਖਾਤਮੇ ਲਈ ਇਸ ਤੋਂ ਪੰਜ ਸਾਲ ਪਹਿਲਾਂ 2025 ਤੱਕ ਦਾ ਸਮਾਂ ਮਿੱਥਿਆ ਹੈ।'

# ਪੰਜਾਬ ਸਮੇਤ ਹੋਰਨਾਂ ਸੂਬਿਆਂ ਦੇ ਕਿਸਾਨਾਂ ਵਲੋਂ ਜੰਤਰ ਮੰਤਰ 'ਤੇ ਪ੍ਰਦਰਸ਼ਨ

**ਨਵੀਂ ਦਿੱਲੀ–** ਕਿਸਾਨ ਜਥੇਬੰਦੀ ਭਾਰਤੀ ਕਿਸਾਨ ਯੂਨੀਅਨ ਨੇ ਦਿੱਲੀ ਦੇ ਜੰਤਰ ਮੰਤਰ ਵਿਖੇ ਕਿਸਾਨਾਂ ਦਾ ਵੱਡਾ ਇਕੱਠ ਕਰਕੇ ਕੇਂਦਰ ਸਰਕਾਰ ਨੂੰ ਸਵਾਮੀਨਾਥਨ ਰਿਪੋਰਟ ਦੀ ਸਿਫ਼ਾਰਸ਼ਾਂ ਲਾਗੂ ਕਰਨ ਅਤੇ ਕਿਸਾਨਾਂ ਦੇ ਕਰਜ਼ਿਆਂ 'ਤੇ ਲੀਕ ਫ਼ੇਰਨ ਦੀ ਜ਼ੋਰਦਾਰ ਮੰਗ ਕੀਤੀ । ਪੰਜਾਬ, ਹਰਿਆਣਾ ਤੇ ਹਿਮਾਚਲ ਸਮੇਤ ਦੇਸ਼ ਦੇ ਵੱਖ–ਵੱਖ ਸੂਬਿਆਂ ਤੋਂ ਵੱਡੀ ਗਿਣਤੀ 'ਚ ਆਏ ਕਿਸਾਨਾਂ ਨੂੰ ਸੰਬੋਧਨ ਕਰਦੇ ਹੋਏ ਕਿਸਾਨ ਆਗੂਆਂ ਨੇ ਕਿਹਾ ਕਿ ਸਰਕਾਰ ਦੀਆਂ ਕਿਸਾਨ ਵਿਰੋਧੀ ਨੀਤੀਆਂ ਕਾਰਨ ਖੇਤੀ ਘਾਟੇ ਦਾ ਧੰਦਾ ਬਣ ਗਈ ਹੈ ਅਤੇ ਕਰਜ਼ੇ ਨਾ ਮੋੜ ਸਕਣ ਕਾਰਨ ਕਿਸਾਨ ਖੁਦਕੁਸ਼ੀਆਂ ਕਰਨ ਲਈ ਮਜਬੂਰ ਹੋ ਰਿਹਾ ਹੈ ਪਰ ਸਰਕਾਰ ਵਲੋਂ ਇਸ ਗੰਭੀਰ ਮਸਲੇ ਤੋਂ ਪੂਰੀ ਤਰ੍ਹਾਂ ਪਾਸਾ ਵੱਟ ਕੇ ਕਿਸਾਨਾਂ ਨਾਲ ਸਿਰਫ਼ ਫ਼ੋਕੀ ਹਮਦਰਦੀ ਦਿਖਾਉਣ ਦਾ ਡਰਾਮਾ ਕੀਤਾ ਜਾ ਰਿਹਾ ਹੈ । ਇਸ ਮੌਕੇ ਕਿਸਾਨ ਆਗੂ ਅਜਮੇਰ ਸਿੰਘ ਲੱਖੋਵਾਲ ਨੇ ਕਿਹਾ ਕਿ ਭਾਜਪਾ ਦੇ ਕੌਮੀ ਆਗੂਆਂ ਨੇ ਲੋਕ ਸਭਾ ਚੋਣਾਂ ਤੋਂ ਪਹਿਲਾਂ ਵਾਅਦਾ ਕੀਤਾ ਸੀ ਕਿ ਕੇਂਦਰ 'ਚ ਭਾਜਪਾ ਸਰਕਾਰ ਬਣਨ ਉਪਰੰਤ ਕਿਸਾਨਾਂ ਦੀਆਂ ਸਾਰੀਆਂ ਮੰਗਾਂ ਪੂਰੀਆਂ ਕਰਾਂਗੇ ਅਤੇ ਸਾਰਥਕ ਖੇਤੀ ਨੀਤੀ ਬਣਾ ਕੇ ਕਿਸਾਨਾਂ ਨੂੰ ਮਾਲਾ–ਮਾਲ ਕਰ ਦੇਵਾਂਗੇ ਪਰ ਸਰਕਾਰ ਸਵਾਮੀਨਾਥਨ ਰਿਪੋਰਟ ਲਾਗੂ ਕਰਨ ਤੋਂ ਹੀ ਮੁਕਰ ਗਈ ਅਤੇ ਕਿਸਾਨਾਂ ਦੇ ਕਰਜ਼ਿਆਂ ਨੂੰ ਖਤਮ ਕਰਨ ਤੋਂ ਵੀ ਮੂੰਹ ਫੇਰ ਲਿਆ । ਉਨ੍ਹਾਂ ਕਿਹਾ ਕਿ ਕਈ ਬੈਂਕਾਂ ਦਾ ਪੈਸਾ ਲੁੱਟ ਕੇ ਬਾਹਰ ਭੱਜ ਰਹੇ ਹਨ ਪਰ ਜਦੋਂ ਕਿਸਾਨਾਂ ਦਾ ਕਰਜ਼ਾ ਖਤਮ ਕਰਨ ਦਾ ਮੁੱਦਾ ਆਉਂਦਾ ਹੈ ਤਾਂ ਸਰਕਾਰ ਕਹਿੰਦੀ ਹੈ ਕਿ ਬੈਂਕ ਸਿਸਟਮ ਫੇਲ੍ਹ ਹੋ ਜਾਵੇਗਾ । ਚੌਧਰੀ ਯੁੱਧਵੀਰ, ਰਾਕੇਸ਼ ਟਿਕੈਤ ਤੇ ਵਿਰੇਂਦਰ ਡਾਗਰ ਨੇ ਮੰਗ ਕੀਤੀ ਕਿ ਕਿਸਾਨ ਦੀਆਂ ਸਾਰੀਆਂ ਫਸਲਾਂ ਦੇ ਸਮਰਥਨ ਮੁੱਲ ਲਾਗਤ ਖਰਚਿਆਂ ਤੋਂ 1.5 ਗੁਣਾ ਵਾਧੂ ਐਲਾਨੇ ਜਾਣ ਅਤੇ ਹਰ ਫਸਲ ਦੀ ਖਰੀਦ ਦੀ ਗਾਰੰਟੀ ਹੋਵੇ । ਚੌ. ਰਤਨ ਮਾਨ ਪ੍ਰਧਾਨ ਹਰਿਆਣਾ ਯੂਨਿਟ ਅਤੇ ਸ੍ਰੀ ਗੰਗਾਧਰ ਨੇ ਗੰਨਾ ਉਤਪਾਦਕਾਂ ਦੀ ਬਕਾਇਆ ਰਾਸ਼ੀ ਤੁਰੰਤ ਉਨ੍ਹਾਂ ਦੇ ਖਾਤਿਆਂ ਵਿਚ ਭੇਜਣ ਦੀ ਮੰਗ ਕੀਤੀ ।

ਕਿਸਾਨ ਆਗੂ ਭੁਪਿੰਦਰ ਸਿੰਘ ਮਹੇਸਰੀ ਤੇ ਹਰਿੰਦਰਪਾਲ ਸਿੰਘ ਲੱਖੋਵਾਲ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਬਜਟ ਵਿਚ ਕਿਸਾਨਾਂ ਨਾਲ ਫੋਕੀ ਹਮਦਰਦੀ ਪ੍ਰਗਟਾਈ ਹੈ ਅਤੇ ਸਰਕਾਰ ਦਾ ਲਾਗਤ ਖਰਚਿਆਂ ਤੋਂ 1.5 ਗੁਣਾ ਵਾਧੂ ਫਸਲਾਂ ਦਾ ਘੱਟੋ–ਘੱਟ ਸਮਰਥਨ ਮੁੱਲ ਦੇਣ ਦਾ ਵਾਅਦਾ ਵੀ ਝੂਠ ਦਾ ਪਲੰਦਾ ਬਣ ਗਿਆ ਹੈ ।

## (ਭੋਗ ਤੇ ਵਿਸ਼ੇਸ਼)

# ਮਿਹਨਤੀ ਅਤੇ ਤਜਰਬੇਕਾਰ ਅਧਿਆਪਕ ਸਨ ਲੈਕਚਰਾਰ ਭਗਵਾਨ ਸਿੰਘ ਮਾਝਾ



ਮੇਜਰ ਸਿੰਘ ਨਾਭਾ
91-94635-53962

ਲੈਕਚਰਾਰ ਭਗਵਾਨ ਸਿੰਘ ਦਾ ਜਨਮ 10 ਅਗਸਤ 1954 ਨੂੰ ਪਿੰਡ ਮਾਝਾ (ਸੰਗਰੂਰ) ਵਿਖੇ ਸ੍ਰ: ਸਰਬਣ ਸਿੰਘ ਦੇ ਘਰ ਮਾਤਾ ਪੂਰਨੀ ਦੇਵੀ ਦੀ ਕੁੱਖੋਂ ਹੋਇਆ। ਮਿਡਲ ਤੱਕ ਦੀ ਪੜ੍ਹਾਈ ਬਖੋਪੀਰ ਦੇ ਸਕੂਲ ਤੋਂ ਕਰਨ ਬਾਦ ਮੈਟ੍ਰਿਕ ਤੱਕ ਦੀ ਪੜ੍ਹਾਈ ਭਵਾਨੀਗੜ੍ਹ ਸਕੂਲ ਤੋਂ ਪ੍ਰਾਪਤ ਕਰ ਲਈ। ਛੋਟੀ ਉਮਰੇ ਹੀ ਭਗਵਾਨ ਸਿੰਘ ਮਾਝਾ ਨੇ ਮੈਟ੍ਰਿਕ ਪਾਸ ਕਰਨ ਤੋਂ ਬਾਦ ਅਧਿਆਪਕ ਬਣਨ ਦਾ ਸੁਪਨਾ ਲਿਆ ਅਤੇ ਅਗਲੇ ਸਾਲ ਪ੍ਰਭਾਕਰ ਪਾਸ ਕਰਕੇ ਇਕ ਸਾਲ ਦੀ ਓ.ਟੀ. ਟ੍ਰੇਨਿੰਗ ਕਰ ਲਈ । ਅਧਿਆਪਕ ਲੱਗਣ ਲਈ ਯੋਗਤਾ ਪੂਰੀ ਹੋਣ ਤੇ ਜਲਦੀ ਹੀ ਆਪ ਨੂੰ ਹਿੰਦੀ ਅਧਿਆਪਕ ਦੀ ਨੌਕਰੀ ਮਿਲ ਗਈ। ਸੇਵਾ ਦੀ ਸ਼ੁਰੂਆਤ ਆਪ ਨੇ 16 ਨਵੰਬਰ 1973 ਨੂੰ ਸਰਕਾਰੀ ਹਾਈ ਸਕੂਲ ਕ੍ਹ ਲ ਬ੍ਹ ਰ ਛ ਾਂ (ਪਟਿਆਲਾ) ਤੋਂ ਕੀਤੀ। ਪਰਿਵਾਰ ਦੇ ਮਿਹਨਤੀ ਹੋਣ ਕਰਕੇ ਆਪ ਦੇ ਵੀ ਮਿਹਨਤੀ ਸੁਭਾਅ ਨੇ ਮਨ ਵਿੱਚ ਹੋਰ ਪੜ੍ਹਨ ਦੀ ਤਾਂਘ ਨੇ ਆਪ ਨੂੰ ਉਚੇਰੀ ਪੜ੍ਹਾਈ ਕਰਨ ਲਈ ਐਸੀ ਚੇਟਕ ਲਾਈ ਕਿ ਪ੍ਰਾਈਵੇਟ ਤੌਰ ਤੇ ਹੀ ਗਰੇਜੂਏਸ਼ਨ ਕਰਕੇ ਬੀ.ਐਡ. ਕਰ ਲਈ। ਇਸੇ ਤਰ੍ਹਾਂ ਹੀ ਆਪ ਨੇ ਤਿੰਨ ਵਿਸ਼ਿਆਂ ਪੰਜਾਬੀ,ਹਿੰਦੀ ਅਤੇ ਸੰਸਕ੍ਰਿਤ ਵਿੱਚ ਪੋਸਟ ਗਰੇਜੂਏਸ਼ਨ ਕਰ ਲਈ। ਸਮਾਂ ਆਉਣ ਤੇ ਮਹਿਕਮੇ ਵਲੋਂ ਤਰੱਕੀ ਮਿਲਣ ਤੇ ਆਪ ਸੀ.ਐਂਡ ਵੀ.ਕਾਡਰ ਤੋਂ ਮਾਸਟਰ ਕਾਡਰ 'ਚ ਆ ਗਏ ਅਤੇ ਬਤੌਰ ਸ.ਸ.ਮਾਸਟਰ ਸਰਕਾਰੀ ਮਿਡਲ ਸਕੂਲ ਗਾਜੀਪੁਰ (ਪਟਿਆਲਾ) ਵਿਖੇ 1985 'ਚ ਸੇਵਾ ਸ਼ੁਰੂ ਕੀਤੀ। ਆਪ ਨੇ 1992 'ਚ ਸਰਕਾਰੀ ਮਿਡਲ ਸਕੂਲ ਆਲੋਅਰਖ (ਸੰਗਰੂਰ) ਵਿਖੇ ਬਦਲੀ ਕਰਵਾ ਲਈ। ਇਸ ਤੋਂ ਬਾਦ 1995 'ਚ ਉਨ੍ਹਾਂ ਨੇ ਸਰਕਾਰੀ ਹਾਈ ਸਕੂਲ ਮਾਝੀ ਵਿਖੇ ਬਦਲੀ ਕਰਵਾ ਲਈ ਅਤੇ ਤਕਰੀਬਨ 17 ਸਾਲ ਇਥੇ ਹੀ ਸੇਵਾ ਨਿਭਾਈ, ਜਿਸ ਚੋਂ ਤਕਰੀਬਨ ਅੱਠ ਸਾਲ ਸਕੂਲ ਮੁੱਖੀ (ਡੀ.ਡੀ.ਓ.) ਦੇ ਤੌਰ ਤੇ ਵਧੀਆ ਤਰੀਕੇ ਨਾਲ ਸੇਵਾ ਨਿਭਾਈ।ਦਫਤਰੀ ਕੰਮ ਦਾ ਆਪ ਨੂੰ ਪੂਰਾ ਗਿਆਨ ਸੀ ਜਿਆਦਾਤਰ ਕਲੈਰੀਕਲ ਕੰਮ ਆਪ ਹੀ ਕਰਦੇ ਸਨ।ਇਥੋਂ ਹੀ ਆਪ ਬਤੌਰ ਲੈਕਚਰਾਰ (ਸੰਸਕ੍ਰਿਤ) ਤਰੱਕੀ ਲੈ ਕੇ ਸਰਕਾਰੀ ਸੀਨੀ: ਸੈਕੰ: ਸਕੂਲ ਤਲਵਾੜਾ (ਹੁਸਿਆਰਪੁਰ) ਵਿਖੇ ਮਈ 2012 ਨੂੰ ਹਾਜ਼ਰੀ ਦਿੱਤੀ ਅਤੇ ਥੋੜੀ ਦੇਰ ਬਾਅਦ ਹੀ ਆਪ ਦੀ ਅਡਜਸਟਮੈਂਟ ਸ.ਸ.ਸ.ਸ.(ਲੜਕੇ) ਲਹਿਰਾਗਾਗਾ ਵਿਖੇ ਹੋ ਗਈ ਜਿਥੋਂ ਆਪ 31 ਅਗਸਤ 2012 ਨੂੰ ਸੇਵਾ ਮੁਕਤ ਹੋਏ।



ਭਗਵਾਨ ਸਿੰਘ ਮਾਝਾ ਨੇ ਆਪਣੀ ਸਾਰੀ ਸੇਵਾ ਲਗਨ ਅਤੇ ਇਮਾਨਦਾਰੀ ਨਾਲ ਨਿਭਾਈ।ਆਪ ਸੇਵਾ ਮੁਕਤੀ ਤੋਂ ਬਾਅਦ ਆਪਣੇ ਪਰਿਵਾਰ ਨਾਲ ਵਧੀਆ ਜ਼ਿੰਦਗੀ ਬਤੀਤ ਕਰ ਰਹੇ ਸੀ ਪਰ ਥੋੜੇ ਸਮੇਂ ਤੋਂ ਐਸੇ ਬਿਮਾਰੀ ਨੇ ਉਲਝਾਏ ਕਿ ਉਨ੍ਹਾਂ ਦੀ ਸਿਹਤ ਜ਼ਿਆਦਾ ਖਰਾਬ ਹੋਣ ਕਾਰਨ ਉਹ 5 ਮਾਰਚ 2018 ਨੂੰ ਆਪਣੇ ਪਰਿਵਾਰ ਨੂੰ ਵਿਛੋੜਾ ਦੇ ਕੇ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਏ। ਉਨ੍ਹਾਂ ਦੇ ਗ੍ਰਹਿ ਵਿਖੇ 15 ਮਾਰਚ 2018 ਨੂੰ ਦੁਪਿਹਰ ਬਾਅਦ ਉਨ੍ਹਾਂ ਦੀ ਨਮਿਤ ਸਹਿਜ ਪਾਠ ਦੇ ਭੋਗ ਪਾਉਣ ਉਪਰੰਤ ਅੰਤਿਮ ਅਰਦਾਸ ਕੀਤੀ ਜਾਵੇਗੀ।

ਸਿੱਖਿਆ ਦੇ ਖੇਤਰ ਵਿੱਚ ਉਨ੍ਹਾਂ ਦੇ ਪਾਏ ਯੋਗਦਾਨ ਨੂੰ ਭੁਲਾਇਆ ਨਹੀਂ ਜਾ ਸਕਦਾ।




ਇਹਨਾਂ ਪਰਿਵਾਰਾਂ ਵੱਲੋਂ ਹਰ ਸਾਲ ਗੁਰੂ ਕਾ ਲੰਗਰ ਲਗਾਇਆ ਜਾਂਦਾ ਹੈ।

ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ (ਕੈਲੇਫੋਰਨੀਆ) ਵੱਲੋਂ ਸਮੂਹ ਸਾਧ-ਸੰਗਤ ਦੇ ਸਹਿਯੋਗ ਨਾਲ ਮਨਾਏ ਗਏ ਧੰਨ ਧੰਨ ਸਤਿਗੁਰੂ ਰਵਿਦਾਸ ਜੀ ਦੇ 641ਵੇਂ ਪਾਵਨ ਗੁਰਪੁਰਬ ਦਿਹਾੜੇ ਅਤੇ 18ਵਾਂ ਵਿਸ਼ਾਲ ਨਗਰ ਕੀਰਤਨ ਦੀਆਂ ਲੱਖ-ਲੱਖ ਵਧਾਈਆਂ

# GURU DA LANGAR














Harjit Singh, Nirmal Singh, Santokh Singh, Kamaljit Singh, Jobanpreet Singh,
Master Harbhajan Rai, Master Gurmit Ram, Kuljit Singh (All from Sacramento)
Satnam Singh Nangal Kalan, Joga Singh, Nirmal Singh, Surinder Singh, Gurpreet Singh, Jaswinder Singh, Mohinder Singh Bika,
Punjab Singh, Jagtar Singh Dardi, Harnek Singh, Harjap Singh, Harjit Singh and ladies from Sacramento & Yuba City




**ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ (ਕੈਲੇਫੋਰਨੀਆ) ਵੱਲੋਂ ਸਮੂਹ ਸਾਧ-ਸੰਗਤ ਦੇ ਸਹਿਯੋਗ ਨਾਲ ਮਨਾਏ ਗਏ ਧੰਨ ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 641ਵੇਂ ਪਾਵਨ ਗੁਰਪੁਰਬ ਦਿਹਾੜੇ ਅਤੇ 18ਵਾਂ ਵਿਸ਼ਾਲ ਨਗਰ ਕੀਰਤਨ ਦੀਆਂ ਲੱਖ-ਲੱਖ ਵਧਾਈਆਂ**



## ਸ੍ਰੀ ਮਨਜੀਤ ਭਾਰਦਵਾਜ ਆਪਣੀ ਸੁਪਤਨੀ ਅਤੇ ਬੱਚਿਆਂ ਦੇ ਨਾਲ

# ਭਾਰਦਵਾਜ ਪਰਿਵਾਰ



**ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ (ਕੈਲੇਫੋਰਨੀਆ) ਵੱਲੋਂ ਸਮੂਹ ਸਾਧ-ਸੰਗਤ ਦੇ ਸਹਿਯੋਗ ਨਾਲ ਮਨਾਏ ਗਏ ਧੰਨ ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 641ਵੇਂ ਪਾਵਨ ਗੁਰਪੁਰਬ ਦਿਹਾੜੇ ਅਤੇ 18ਵਾਂ ਵਿਸ਼ਾਲ ਨਗਰ ਕੀਰਤਨ ਦੀਆਂ ਲੱਖ-ਲੱਖ ਵਧਾਈਆਂ**





## ਨਗਰ ਕੀਰਤਨ ਮੌਕੇ ਸ੍ਰੀ ਸੁੱਖ ਰਾਮ ਚੰਦੜ ਆਪਣੇ ਪਰਿਵਾਰ ਅਤੇ ਸਕੇ-ਸਬੰਧੀਆਂ ਨਾਲ



ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ (ਕੈਲੇਫੋਰਨੀਆ) ਵੱਲੋਂ ਸਮੂਹ ਸਾਧ-ਸੰਗਤ ਦੇ ਸਹਿਯੋਗ ਨਾਲ ਮਨਾਏ ਗਏ ਧੰਨ ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 641ਵੇਂ ਪਾਵਨ ਪ੍ਰਕਾਸ਼ ਦਿਹਾੜਾ ਅਤੇ 18ਵਾਂ ਵਿਸ਼ਾਲ ਨਗਰ ਕੀਰਤਨ ਦੀਆਂ ਲੱਖ-ਲੱਖ ਵਧਾਈਆਂ




# Global REALTY

## HARJIT SWATCH

ਵਾਜਬ ਕੀਮਤ 'ਤੇ ਘਰ ਖਰੀਦਣ ਅਤੇ ਵੇਚਣ ਲਈ ਸਾਡੇ ਨਾਲ ਇਕ ਵਾਰ ਸੰਪਰਕ ਕਰੋ

cell : 916-417-2900, fax : 916-367-6728

email : hswatch@comcast.net

D.R.E License #01215782




**Make your dreams come true with Global Realty**




ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ (ਕੈਲੇਫੋਰਨੀਆ) ਵੱਲੋਂ ਸਮੂਹ ਸਾਧ-ਸੰਗਤ ਦੇ ਸਹਿਯੋਗ ਨਾਲ ਮਨਾਏ ਗਏ ਧੰਨ ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 641ਵੇਂ ਪਾਵਨ ਗੁਰਪੁਰਬ ਦਿਹਾੜੇ ਅਤੇ 18ਵਾਂ ਵਿਸ਼ਾਲ ਨਗਰ ਕੀਰਤਨ ਦੀਆਂ ਲੱਖ-ਲੱਖ ਵਧਾਈਆਂ



ਕਰਨੈਲ ਵਿਰਕ ਅਤੇ ਉਹਨਾਂ ਦੀ ਸੁਪਤਨੀ



ਕਰਨੈਲ ਵਿਰਕ ਆਪਣੇ ਪਰਿਵਾਰ ਨਾਲ

# ਸਮੂਹ ਵਿਰਕ ਪਰਿਵਾਰ



# ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ (ਕੈਲੇਫੋਰਨੀਆ) ਵੱਲੋਂ ਸਮੂਹ ਸਾਧ-ਸੰਗਤ ਦੇ ਸਹਿਯੋਗ ਨਾਲ ਮਨਾਏ ਗਏ ਧੰਨ ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 641ਵੇਂ ਪਾਵਨ ਗੁਰਪੁਰਬ ਦਿਹਾੜੇ ਅਤੇ 18ਵਾਂ ਵਿਸ਼ਾਲ ਨਗਰ ਕੀਰਤਨ ਦੀਆਂ ਲੱਖ-ਲੱਖ ਵਧਾਈਆਂ




ਗੁਰਪੁਰਬ ਅਤੇ ਨਗਰ ਕੀਰਤਨ ਮੌਕੇ ਸ੍ਰੀ ਜਸਵੰਤ ਸ਼ੀਮਾਰ ਆਪਣੇ ਪਰਿਵਾਰ ਨਾਲ



SFR San Felipe Realty

**Jaswant S. Sheemar (Jassi)**
REALTOR®
DRE #01846330 Residential/Commercial

SAN FELIPE
REALTY & MORTGAGE, INC.
10956 Hayeshill Way
Mather, CA 95655

*"The greatest compliment I can receive is your referral."*

Cell 916-293-6030
Office 916-635-8882
Fax 916-635-8883
jaswantsheemar@yahoo.com



# Jaswant Sheemar

## President: Punjabi Sahit Sabha California (USA)

## Secretary: Begampura Cultural & Education Aid Society (CA)

# Jaswant Sheemar & Family

# ਨਵਾਂ ਸਾਲ ਅਤੇ ਹੋਲਾ-ਮਹੱਲਾ



ਸਰਵਜੀਤ ਸਿੰਘ ਸੈਕਰਾਮੈਂਟੋ
916-230-2102

ਜਦੋਂ ਵੀ ਨਵਾਂ ਸਾਲ ਆਰੰਭ ਹੁੰਦਾ ਹੈ ਤਾਂ ਅਸੀਂ ਸ੍ਰਿਸ਼ਟਾਚਾਰ ਵਜੋਂ ਆਪਣੇ ਸਕੇ-ਸਬੰਧੀਆਂ, ਸੱਜਣਾ ਮਿੱਤਰਾਂ ਅਤੇ ਜਾਣ-ਪਛਾਣ ਵਾਲਿਆਂ ਨੂੰ ਨਵੇਂ ਸਾਲ ਦੀਆਂ ਵਧਾਈਆਂ ਦਿੰਦੇ ਹਾਂ। ਜਨਵਰੀ 1 ਤੋਂਆਰੰਭ ਹੋਣ ਵਾਲੇ ਸਾਲ ਨੂੰ ਸਮੁੱਚੇ ਤੌਰ ਤੇ ਨਵੇ ਸਾਲ ਦੇ ਆਰੰਭ ਵਜੋ ਮਨਾਇਆ ਜਾਂਦਾ ਹੈ। ਇਸ ਨੂੰ ਸੀ: ਈ: (Common Era) ਕਿਹਾ ਜਾਂਦਾ ਹੈ ਪਰ ਇਸ ਦਾ ਅਸਲ ਨਾਮ ਗਰੈਗੋਰੀਅਨ ਕੈਲੰਡਰ ਹੈ। ਦੁਨੀਆਂ ਦਾ ਸਾਰਾ ਕਾਰ-ਵਿਹਾਰ ਇਸੇ ਕੈਲੰਡਰ ਮੁਤਾਬਕ ਹੀ ਚਲਦਾ ਹੈ। ਵੱਖ-ਵੱਖ ਕੌਮਾਂ ਦੇ ਆਪਣੇ-ਆਪਣੇ ਕੈਲੰਡਰ ਵੀ ਪ੍ਰਚੱਲਤ ਹਨ। ਜਿਨ੍ਹਾਂ ਮੁਤਾਬਕ ਉਹ ਆਪਣੇ ਧਾਰਮਿਕ, ਸਮਾਜਿਕ ਅਤੇ ਇਤਿਹਾਸਿਕ ਦਿਹਾੜੇ ਮਨਾਉਂਦੇ ਹਨ। ਜਿਵੇ ਹਿਜਰੀ ਕੈਲੰਡਰ। ਇਹ ਇਸਲਾਮ ਧਰਮ ਦਾ ਕੈਲੰਡਰ ਹੈ। ਸਿੱਖ ਕੌਮ ਦਾ ਆਪਣਾ ਕੋਈ ਕੈਲੰਡਰ ਨਾ ਹੋਣ ਕਰਕੇ, ਹਿੰਦੋਸਤਾਨ 'ਚ ਪ੍ਰਚੱਲਤ ਕੈਲੰਡਰਾਂ ਮੁਤਾਬਕ ਹੀ ਆਪਣੇ ਧਾਰਮਿਕ ਅਤੇ ਇਤਿਹਾਸਿਕ ਦਿਹਾੜੇ ਮਨਾਏ ਜਾਣੇ ਸੁਭਾਵਿਕ ਹੀ ਸਨ। ਪਿਛਲੇ ਲੰਮੇ ਸਮੇਂ ਤੋਂ ਹਿੰਦੋਸਤਾਨ 'ਚ ਦੋ ਕੈਲੰਡਰ ਪ੍ਰਚੱਲਤ ਹਨ। ਸੂਰਜੀ ਬਿਕ੍ਰਮੀ ਅਤੇ ਚੰਦਰ ਸੂਰਜੀ ਬਿਕ੍ਰਮੀ। ਗੁਰੂ ਕਾਲ ਵੇਲੇ ਇਨ੍ਹਾਂ ਦੋਵਾਂ ਕੈਲੰਡਰਾਂ ਦੀ ਵਰਤੋ ਹੁੰਦੀ ਸੀ। ਜਨਮ ਸਾਖੀਆਂ, ਗੁਰੂ ਕੀਆਂ ਸਾਖੀਆਂ, ਗੁਰ ਬਿਲਾਸ, ਰਹਿਤਨਾਮਿਆਂਸਮੇਤ ਸਾਰੇ ਪੁਰਾਤਨ ਵਸੀਲਿਆਂ 'ਚ ਇਨ੍ਹਾਂ ਦੋਵਾਂ ਕੈਲੰਡਰਾਂ ਦੀਆਂ ਤਾਰੀਖ਼ਾਂ ਮਿਲਦੀਆਂ ਹਨ। ਉਦਾਹਰਣ ਵਜੋ, ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਪੋਹ ਸੁਦੀ 7, ਇਹ ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ ਦੀ ਤਾਰੀਖ ਹੈ ਅਤੇ ਖਾਲਸਾ ਪ੍ਰਗਟ ਦਿਵਸ 1 ਵੈਸਾਖ, ਇਹ ਸੂਰਜੀ ਬਿਕ੍ਰਮੀ ਕੈਲੰਡਰ ਦੀ ਤਾਰੀਖ। "ਨਾਨਕਸ਼ਾਹੀ ਕੈਲੰਡਰ" ਦੇ ਲਾਗੂ ਹੋਣ ਨਾਲ ਜਿਥੇ ਬਿਕ੍ਰਮੀ ਕੈਲੰਡਰ ਦੀਆਂ ਸਮੱਸਿਆਵਾਂ ਤੋਂ ਛੁਟਕਾਰਾ ਮਿਲਿਆ ਹੈ ਉਥੇ ਹੀ ਆਪਣਾ ਕੈਲੰਡਰ ਹੋਣ ਦਾ ਮਾਣ ਵੀ ਮਹਿਸੂਸ ਹੋਇਆ ਹੈ। ਜਿਸ ਦੇ ਨਵੇਂ ਸਾਲ ਦਾ ਆਰੰਭ 1 ਚੇਤ (14 ਮਾਰਚ) ਤੋਂ ਹੁੰਦਾ ਹੈ। ਇਸੇ ਦਿਨ ਹੀ ਗੁਰੂ ਹਰਿ ਰਾਏ ਜੀ ਦਾ ਗੁਰਗੱਦੀ ਦਿਵਸ ਹੈ। ਜਿਸ ਨੂੰ ਵਾਤਾਵਰਨ ਦਿਵਸ ਦੇ ਤੌਰ ਮਨਾਇਆ ਜਾਂਦਾ ਹੈ। ਨਾਨਕਸ਼ਾਹੀ ਕੈਲੰਡਰ ਮੁਤਾਬਕ ਇਸੇ ਦਿਨ ਹੀ ਹੈ ਚੜਦੀ ਕਲਾ ਦਾ ਪ੍ਰਤੀਕ ਹੋਲਾ-ਮਹੱਲਾ।

ਭਾਰਤੀ ਸਮਾਜ ਵਿਚ ਮਨਾਏ ਜਾਂਦੇ ਬਹੁਤ ਸਾਰੇ ਦਿਨ-ਤਿਉਹਾਰਾਂ 'ਚ ਹੋਲੀ, ਚੰਦ ਦੇ ਕੈਲੰਡਰ ਮੁਤਾਬਕ ਸਾਲ ਦੇ ਆਖਰੀ ਦਿਨ, ਭਾਵ ਫੱਗਣ ਦੀ ਪੂੰਨਿਆ ਨੂੰ ਮਨਾਈ ਜਾਣ ਦਾ ਵਿਧਾਨ ਹੈ। ਹਿੰਦੂ ਮਿਥਿਹਾਸ ਨਾਲ ਸਬੰਧਿਤ ਕਈ ਕਥਾ ਕਹਾਣੀਆਂ, ਇਸ ਦਿਨ ਨਾਲ ਵੀ ਜੁੜੀਆਂ ਹੋਈਆਂ ਹਨ। ਇਹ ਵੀ ਮੰਨਿਆ ਜਾਂਦਾ ਹੈ ਕਿ ਵਰਣ ਵੰਡ ਮੁਤਾਬਕ ਕਦੇ ਇਹ ਦਿਨ ਸ਼ੂਦਰਾਂ ਲਈ ਰਾਖਵਾਂ ਹੁੰਦਾ ਸੀ। ਹੋਲੀ ਦਾ ਸਿੱਖ ਧਰਮ ਨਾਲ ਕੋਈ ਸਬੰਧ ਨਹੀਂ ਹੈ। ਹੋਰ ਇਨਕਲਾਬੀ ਫੈਸਲਿਆਂ ਦੀ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਤਿਉਹਾਰ 'ਚ ਵੀ ਇਨਕਲਾਬੀ ਤਬਦੀਲੀ ਲਿਆਂਦੀ ਅਤੇ ਹੋਲੀ ਦਾ ਬਦਲ, 'ਹੋਲਾ ਮਹੱਲਾ' ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਸੰਗਤਾਂ ਨੂੰ ਕਰਮਕਾਂਡਾਂ ਵਿਚੋਂ ਕੱਢ ਕੇ ਗੁਲਾਮੀ ਦੀਆਂ ਜ਼ੰਜੀਰਾਂ ਨੂੰ ਕੱਟਣ ਲਈ, ਦੱਬੇ ਕੁਚਲੇ ਲੋਕਾਂ ਵਿੱਚ ਸਵੈ ਵਿਸ਼ਵਾਸ ਅਤੇ ਸਵੈਮਾਣ ਦਾ ਅਹਿਸਾਸ ਕਰਵਾਉਣ ਲਈ, ਜੰਗਾਂ ਯੁੱਧਾਂ ਵੱਲ ਉਤਸ਼ਾਹਿਤ ਕਰਨ ਲਈ ਇਸ ਤਿਉਹਾਰ ਦਾ ਨਾਮ ਵੀ ਚੜ੍ਹਦੀ ਕਲਾ ਦਾ ਪ੍ਰਤੀਕ ਹੋਲਾ-ਮਹੱਲਾ ਰੱਖਿਆ।

**ਹੋਲਾ ਮਹੱਲਾ:-** ਸੰਗ੍ਯਾ— ਹਮਲਾ ਅਤੇ ਜਾਯ ਹਮਲਾ। ਹੱਲਾ ਅਤੇ ਹੱਲੇ ਦੀ ਥਾਂ। ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਖਾਲਸੇ ਨੂੰ ਸ਼ਸਤ੍ਰ ਅਤੇ ਯੁੱਧਵਿਦ੍ਯਾ ਵਿੱਚ ਨਿਪੁਣ ਕਰਨ ਲਈ ਇਹ ਰੀਤਿ ਚਲਾਈ ਸੀ ਕਿ ਦੋ ਦਲ ਬਣਾਕੇ ਪ੍ਰਧਾਨ ਸਿੰਘਾਂ ਦੇ ਹੇਠ ਇੱਕ ਖਾਸ ਥਾਂ ਤੇ ਕਬਜ਼ਾ ਕਰਨ ਲਈ ਹਮਲਾ ਕਰਨਾ। ਕਲਗੀਧਰ ਆਪ ਇਸ ਮਸਨੂਈ ਜੰਗ ਦਾ ਕਰਤਬ (Man oeuvre) ਦੇਖਦੇ ਅਤੇ ਦੋਹਾਂ ਦਲਾਂ ਨੂੰ ਸ਼ੁਭ ਸਿਖ੍ਯਾ ਦਿੰਦੇ ਸੇ। ਅਰ ਜੋ ਦਲ ਕਾਮਯਾਬ ਹੁੰਦਾ ਉਸ ਨੂੰ ਦੀਵਾਨ ਵਿੱਚ ਸਿਰੋਪਾ ਬਖਸ਼ਦੇ ਸਨ। (ਮਹਾਨ ਕੋਸ਼) ਹੋਲੀ ਦੀ ਥਾਂ ਇਕ ਨਵਾਂ ਤਿਉਹਾਰ, ਹੋਲਾ ਮੁਹੱਲਾ ਮਨਾਉਣ ਦਾ ਮਨੋਰਥ ਸਿੱਖਾਂ ਨੂੰ ਅਨਿਆਂ ਵਿਰੁੱਧ ਸੰਘਰਸ਼, ਜ਼ੁਲਮ ਉੱਤੇ ਸੱਚ ਦੀ ਜਿੱਤ ਦਾ ਸੰਕਲਪ ਦ੍ਰਿੜ ਕਰਵਾਉਣਾ ਸੀ। ਹੋਲਾ ਮਹੱਲਾ ਆਜ਼ਾਦੀ, ਬਹਾਦਰੀ ਅਤੇ ਚੜ੍ਹਦੀ ਕਲਾ ਦਾ ਪ੍ਰਤੀਕ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਖਾਲਸਾ ਬਣਾ, ਇਕ ਸ਼ਕਤੀਸ਼ਾਲੀ ਕੌਮ ਦੀ ਸਿਰਜਣਾ ਕੀਤੀ। ਗੁਰੂ ਜੀ ਨੇ ਸਮੇਂ ਦੀ ਮੰਗ ਅਨੁਸਾਰ ਮਨੁੱਖਤਾ ਦਾ ਮਨੋਬਲ ਉੱਚਿਆਂ ਚੁੱਕਣ ਦੇ ਨਾਲ-ਨਾਲ ਸਰੀਰਕ ਤੌਰ 'ਤੇ ਬਲਵਾਨ ਕਰਨ ਅਤੇ ਸ਼ਸਤਰਾਂ ਦੇ ਸਹੀ ਉਪਯੋਗ ਉੱਪਰ ਬਲ ਦਿੱਤਾ। ਮਹੱਲਾ ਇਕ ਪ੍ਰਕਾਰ ਦੀ ਮਸਨੂਈ ਲੜਾਈ ਹੈ। ਗੁਰੂ ਜੀ ਸਿੰਘਾਂ ਦੇ ਦੋ ਗਰੁਪ ਬਣਾ ਕੇ ਮਸਨੂਈ ਯੁੱਧ ਕਰਵਾਉਂਦੇ ਅਤੇ ਲੋੜ ਮੁਤਾਬਕ ਦਿਸ਼ਾ ਨਿਰਦੇਸ਼ ਪ੍ਰਦਾਨ ਕਰਦੇ ਸਨ। ਹੋਲੀ ਦਾ ਇਹ ਬਦਲ ਹੋਲੇ-ਮਹੱਲੇ ਦੇ ਰੂਪ ਵਿਚ ਇਨਕਲਾਬੀ ਕਦਮ ਸੀ ਅਤੇ ਇਸ ਨੂੰ ਮਨਾਉਣ ਦਾ ਢੰਗ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਆਪ ਨਿਸ਼ਚਿਤ ਕੀਤਾ। ਗੁਰੂ ਸਾਹਿਬ ਦੇ ਉਦੇਸ਼ ਨੂੰ ਕਵੀ ਸੁਮੇਰ ਸਿੰਘ ਨੇ ਆਪਣੇ ਸ਼ਬਦਾਂ ਵਿੱਚ ਇਸ ਤਰ੍ਹਾਂ ਲਿਖਿਆ ਹੈ;

ਔਰਨ ਕੀ ਹੋਲੀ ਮਮ ਹੋਲਾ,
ਕਹਯੋ ਕ੍ਰਿਪਾ ਨਿਧ ਬਚਨ ਅਮੋਲਾ।

ਹੋਲੀ ਚੰਦ ਦੇ ਕੈਲੰਡਰ ਮੁਤਾਬਕ ਮਨਾਈ ਜਾਂਦੀ ਹੈ। ਚੰਦ ਦੇ ਸਾਲ ਦੇ 12 ਮਹੀਨੇ (ਚੇਤ ਤੋਂ ਫੱਗਣ) ਹੁੰਦੇ ਹਨ। ਇਹ ਤਿਉਹਾਰ ਸਾਲ ਦੇ ਆਖਰੀ ਮਹੀਨੇ ਦੇ ਆਖਰੀ ਦਿਨ ਮਨਾਇਆ ਜਾਂਦਾ ਹੈ। ਗੁਰੂ ਸਾਹਿਬ ਨੇ ਇਸ ਤੋਂ ਅਗਲੇ ਦਿਨ ਭਾਵ ਚੇਤ ਮਹੀਨੇ ਦੇ ਪਹਿਲੇ ਦਿਨ ਹੋਲਾ ਮਹੱਲਾ ਆਰੰਭ ਕੀਤਾ ਸੀ। ਫੱਗਣ ਦੀ ਪੂੰਨਿਆ, ਇਹ ਦਿਨ ਚੰਦ ਦੇ ਸਾਲ ਦਾ ਆਖਰੀ ਦਿਨ ਹੁੰਦਾ ਹੈ। ਇਸ ਦਿਨ ਚੰਦ ਅਧਾਰਿਤ ਕੈਲੰਡਰ ਦਾ ਸਾਲ ਖਤਮ ਹੁੰਦਾ ਹੈ। ਗੁਰੂ ਜੀ ਨੇ ਇਸ ਤੋਂ ਅਗਲੇ ਦਿਨ ਭਾਵ ਨਵੇ ਸਾਲ ਦੇ ਆਰੰਭ ਵਾਲੇ ਦਿਨ, ਚੇਤ ਵਦੀ ਏਕਮ ਨੂੰ ਚੜਦੀ ਕਲਾ ਦਾ ਪ੍ਰਤੀਕ 'ਹੋਲਾ ਮਹੱਲਾ' ਮਨਾਉਣਾ ਆਰੰਭ ਕੀਤਾ ਸੀ। ਗੁਰੂ ਕਾਲ 'ਚ ਚੰਦਰ-ਸੂਰਜੀ ਬਿਕ੍ਰਮੀ (ਨਸਿੱਲਅਰ) ਅਤੇ ਸੂਰਜੀ ਬਿਕ੍ਰਮੀ (ਸੋਲਅਰ) ਪ੍ਰਚੱਲਤ ਸਨ। ਦੋਵਾਂ ਕੈਲੰਡਰਾਂ ਦੇ 12 ਮਹੀਨੇ ਹੀ, ਚੇਤ ਤੋਂ ਫੱਗਣ ਹੀ ਹਨ ਪਰ ਸਾਲ ਦੀ ਲੰਬਾਈ ਵਿੱਚ ਫਰਕ ਹੈ।

ਸੂਰਜੀ ਬਿਕ੍ਰਮੀ, ਇਹ ਸਾਲ 1 ਚੇਤ ਤੋਂ ਆਰੰਭ ਹੁੰਦਾ ਹੈ। ਇਸ ਸਾਲ ਦੀ ਲੰਬਾਈ 1964 ਈ. ਤੋਂ ਪਹਿਲਾ ਸੂਰਜੀ ਸਿਧਾਂਤ ਮੁਤਾਬਕ 365.2587 ਦਿਨ ਹੁੰਦੀ ਸੀ ਪਰ 1964 ਈ. ਤੋਂ ਪਿਛੋਂ ਦ੍ਰਿਕ ਗਿਣਤ ਸਿਧਾਂਤ ਮੁਤਾਬਕ ਇਸ ਸਾਲ ਦੀ ਲੰਬਾਈ 365.2563 ਦਿਨ ਮੰਨੀ ਗਈ ਹੈ। ਫੱਗਣ, ਇਸ ਸਾਲ ਦਾ ਆਖਰੀ ਮਹੀਨਾ ਹੁੰਦਾ ਹੈ। ਚੰਦਰ-ਸੂਰਜੀ ਬਿਕ੍ਰਮੀ (ਨਸਿੱਲਅਰ) ਚੇਤ ਵਦੀ 1 ਤੋਂ ਆਰੰਭ ਹੋ ਕੇ ਫੱਗਣ ਸੁਦੀ 15 ਭਾਵ ਫੱਗਣ ਦੀ ਪੂੰਨਿਆ ਨੂੰ ਖਤਮ ਹੋ ਜਾਂਦਾ ਹੈ। ਇਸ ਸਾਲ ਦੀ ਲੰਬਾਈ 354.37 ਦਿਨ ਹੁੰਦੀ ਹੈ। ਚੰਦ ਦਾ ਸਾਲ ਸੂਰਜੀ ਸਾਲ ਤੋਂ ਲੱਗਭੱਗ 11 ਦਿਨ ਛੋਟਾ ਹੁੰਦਾ ਹੈ। ਦੋ ਸਾਲਾ 'ਚ ਇਹ ਫਰਕ 22 ਦਿਨ ਦਾ ਹੋ ਜਾਂਦਾ ਹੈ ਤਾਂ ਚੰਦ ਦੇ ਸਾਲ ਨੂੰ ਖਿੱਚ ਧੂਹ ਕੇ ਸੂਰਜੀ ਸਾਲ ਦੇ ਨੇੜੇ ਤੇੜੇ ਕਰਨ ਲਈ ਤੀਜੇ ਸਾਲ ਇਸ 'ਚ ਇਕ ਮਹੀਨਾ ਹੋਰ ਜੋੜ ਦਿੱਤਾ ਜਾਂਦਾ ਹੈ ਉਸ ਸਾਲ ਚੰਦ ਦੇ ਸਾਲ ਦੇ 13 ਮਹੀਨੇ ਹੋ ਜਾਂਦੇ ਹਨ ਅਤੇ ਸਾਲ ਦੇ ਦਿਨ 383/384 ਹੋ ਜਾਂਦੇ ਹਨ। 2018 'ਚ ਵੀ ਚੰਦ ਦੇ ਸਾਲ ਦੇ 13 ਮਹੀਨੇ ਹੀ ਹੋਣਗੇ, ਜੇਠ ਦੇ ਦੋ ਮਹੀਨੇ ਹੋਣਗੇ। ਇਸ ਲਈ ਹੋਲਾ ਮਹੱਲਾ ਹਰ ਸਾਲ ਬਦਲਵੀਂ ਤਾਰੀਖ ਨੂੰ ਆਉਂਦਾ ਹੈ। ਮਿਸਾਲ ਵਜੋਂ 2015 ਈ: ਵਿੱਚ ਇਹ ਦਿਹਾੜਾ 22 ਫੱਗਣ (6 ਮਾਰਚ), 2016 ਈ. 'ਚ 11 ਚੇਤ (24 ਮਾਰਚ), 2017 ਈ: ਵਿੱਚ 30 ਫੱਗਣ (13 ਮਾਰਚ) ਨੂੰ ਅਤੇ 2018 ਈ. ਵਿਚ ਇਹ ਦਿਹਾੜਾ 19 ਫੱਗਣ ਨੂੰ (2 ਮਾਰਚ) ਆਇਆ ਸੀ। ਸ਼੍ਰੋਮਣੀ ਕਮੇਟੀ ਵੱਲੋਂ 5 ਮਾਰਚ 2018 ਈ: ਨੂੰ, ਨਾਨਕਸ਼ਾਹੀ ਕੈਲੰਡਰ ਦੇ ਨਾਮ ਹੇਠ ( ਸੰਮਤ 550) ਜਾਰੀ ਕੀਤੇ ਗਏ ਬਿਕ੍ਰਮੀ ਕੈਲੰਡਰ ਵਿੱਚ ਹੋਲਾ-ਮਹੱਲਾ ਦਰਜ ਹੀ ਨਹੀਂ ਹੈ। ਅਗਲੇ ਸਾਲ (ਸੰਮਤ 551) ਸ਼੍ਰੋਮਣੀ ਕਮੇਟੀ ਨੇ ਹੋਲਾ-ਮਹੱਲਾ, ਹੋਲੀ ਵਾਲੇ ਦਿਨ ਹੀ ਮਨਾਉਣਾ ਹੈ।

ਇਥੇ ਹੀ ਵੱਸ ਨਹੀ, ਚੰਦ ਦੇ ਕੈਲੰਡਰ ਵਿੱਚ ਇਕ ਹੋਰ ਵੀ ਸਮੱਸਿਆ ਹੈ। ਚੰਦ ਦੇ ਮਹੀਨੇ ਵਿੱਚ ਦੋ ਪੱਖ ਹੁੰਦੇ ਹਨ ਇਕ ਹਨੇਰਾ ਪੱਖ ਭਾਵ ਵਦੀ ਪੱਖ ਅਤੇ ਦੂਜਾ ਚਾਨਣਾ ਪੱਖ ਭਾਵ ਸੁਦੀ ਪੱਖ। ਵਦੀ ਪੱਖ ਦਾ ਆਰੰਭ ਪੂੰਨਿਆ ਤੋਂ ਅਗਲੇ ਦਿਨ ਹੁੰਦਾ ਹੈ ਅਤੇ ਸੁਦੀ ਪੱਖ ਦਾ ਆਰੰਭ ਮੱਸਿਆ ਤੋਂ ਅਗਲੇ ਦਿਨ। ਚੰਦ ਦੇ ਮਹੀਨੇ ਨੂੰ ਪੂੰਨਿਆ ਤੋਂ ਪੂੰਨਿਆ, ਜਿਸ ਨੂੰ ਪੂਰਨਮੰਤਾ ਕਹਿੰਦੇ ਹਨ ਅਤੇ ਮੱਸਿਆ ਤੋਂ ਮੱਸਿਆ, ਜਿਸ ਨੂੰ ਅਮੰਤਾ ਕਹਿੰਦੇ ਹਨ, ਦੋਵੇਂ ਤਰ੍ਹਾਂ ਹੀ ਗਿਣੇ ਜਾਂਦੇ ਹਨ। ਉਤਰੀ ਭਾਰਤ ਵਿੱਚ ਮਹੀਨਾ ਪੂੰਨਿਆ ਤੋਂ ਪੂੰਨਿਆ ਭਾਵ ਪੂਰਨਮੰਤਾ ਹੁੰਦਾ ਹੈ ਅਤੇ ਦੱਖਣ ਭਾਰਤ ਵਿੱਚ ਅਮੰਤਾ ਭਾਵ ਮੱਸਿਆ ਤੋਂ ਮੱਸਿਆ ਗਿਣਿਆ ਜਾਂਦਾ ਹੈ। ਪਰ ਹੈਰਾਨੀ ਦੀ ਗੱਲ ਇਹ ਹੈ ਕਿ ਉਤਰੀ ਭਾਰਤ ਵਿੱਚ ਮਹੀਨਾ ਤਾਂ ਪੂੰਨਿਆ ਤੋਂ ਅਗਲੇ ਦਿਨ ਭਾਵ ਵਦੀ ਏਕਮ ਤੋਂ ਆਰੰਭ ਹੁੰਦਾ ਹੈ ਪਰ ਸਾਲ ਦਾ ਆਰੰਭ ਮੱਸਿਆ ਤੋਂ ਅਗਲੇ ਦਿਨ, ਭਾਵ ਚੇਤ ਸੁਦੀ ਇਕ ਤੋਂ ਹੁੰਦਾ ਹੈ। ਚੇਤ ਮਹੀਨੇ ਦੇ ਦੋਵੇਂ ਪੱਖ, ਦੋ ਵੱਖ-ਵੱਖ ਸਾਲਾਂ ਵਿਚ ਗਿਣੇ ਜਾਂਦੇ ਹਨ। ਚੇਤ ਦਾ ਪਹਿਲਾ ਅੱਧ, ਖਤਮ ਹੋ ਰਹੇ ਸਾਲ ਵਿੱਚ ਅਤੇ ਦੂਜਾ ਅੱਧ, ਆਰੰਭ ਹੋ ਨਵੇਂ ਰਹੇ ਸਾਲ ਵਿੱਚ ਗਿਣਿਆ ਜਾਂਦਾ ਹੈ। ਸੁਦੀ ਪੱਖ ਦੋਵੇਂ ਪਾਸੇ ਭਾਵ ਉਤਰੀ ਅਤੇ ਦੱਖਣੀ ਭਾਰਤ, ਇਕ ਹੁੰਦਾ ਹੈ ਪਰ ਵਦੀ ਪੱਖ ਵਿੱਚ ਇਕ ਮਹੀਨੇ ਦਾ ਫਰਕ ਪੈ ਜਾਂਦਾ ਹੈ। ਇਹ ਹੀ ਕਾਰਨ ਹੈ ਕਿ ਕਈ ਵਿਦਵਾਨਾਂ ਨੂੰ ਚੇਤ ਸੁਦੀ ਏਕਮ ਸੰਮਤ 1757 ਬਿਕ੍ਰਮੀ ਨੂੰ ਈਸਵੀ ਸੰਨ ਵਿੱਚ ਲਿਖਣ ਵੇਲੇ ਗਲਤੀ ਲੱਗੀ ਹੈ। ਕਈ ਵਿਦਵਾਨਾਂ ਨੇ 1757 ਬਿਕ੍ਰਮੀ ਨੂੰ 1700 ਈ: ਲਿਖਿਆ ਹੈ ਜਦੋਂ ਕਿ ਚੇਤ ਸੁਦੀ ਏਕਮ ਸੰਮਤ 1757 ਬਿਕ੍ਰਮੀ, ਮੁਤਾਬਕ ਇਹ 17 ਚੇਤ, 14 ਮਾਰਚ 1701 ਈ: (ਜੂਲੀਅਨ) ਬਣਦੀ ਹੈ। ਪਾਠਕ ਨੋਟ ਕਰਨ ਕਿ, ਬਿਪਰ ਵੱਲੋਂ ਬੁਣੇ ਗਏ ਇਸ ਮੱਕੜ ਜਾਲ਼ ਨੂੰ ਬ੍ਰਾਹਮਣ ਵਾਦ ਕਿਹਾ ਜਾਂਦਾ ਹੈ ਨਾ ਕਿ ਚੰਦ ਨੂੰ।

ਸਰਦ ਰੁਤ ਦੇ ਖਾਤਮੇ ਪਿਛੋਂ ਜਦੋਂ ਦਰਖ਼ਤਾਂ ਦੇ ਨਵੇ ਰੰਗ-ਵਰੰਗੇ ਪੱਤੇ ਫੁੱਟਦੇ ਹਨ, ਧੁੰਦ ਦੀਆਂ ਝੰਬੀਆਂ ਫਸਲਾਂ ਤੇ ਨੁਹਾਰ ਆਉਂਦੀ ਹੈ, ਖੇਤਾਂ ਵਿੱਚ ਸਰ੍ਹੋਂ-ਤੋਰੀਏ ਦੇ ਬਸੰਤੀ ਫੁਲ ਖਿੜਦੇ ਹਨ ਤਾਂ ਬਸੰਤ ਰੁੱਤ ਦਾ ਅਗਾਜ ਮੰਨਿਆ ਜਾਂਦਾ ਹੈ। ਯਾਦ ਰਹੇ ਰੁੱਤਾਂ ਦਾ ਸਬੰਧ ਸੂਰਜ ਨਾਲ ਹੈ ਨਾ ਕਿ ਚੰਦ ਨਾਲ। ਰੁੱਤ ਦਾ ਆਰੰਭ ਕਦੇ ਵੀ ਪਿਛਲੇ ਸਾਲ ਨਾਲੋਂ 11 ਦਿਨ ਪਹਿਲਾ ਜਾਂ 18k19 ਦਿਨ ਪੱਛੜ ਕੇ ਨਹੀ ਹੁੰਦਾ। ਰੁੱਤ ਦਾ ਆਰੰਭ ਹਰ ਸਾਲ ਉਸੇ ਸਮੇਂ ਹੀ ਹੁੰਦਾ ਹੈ। ਧੁਰ ਕੀ ਬਾਣੀ ਮੁਤਾਬਕ ਵੀ ਬਸੰਤ ਰੁੱਤ ਦਾ ਆਰੰਭ 1 ਚੇਤ ਤੋਂ ਹੀ ਹੁੰਦਾ ਹੈ।"ਰੁਤਿ ਸਰਸ ਬਸੰਤ ਮਾਹ ਚੇਤੁ ਵੈਸਾਖ ਸੁਖ ਮਾਸੁ ਜੀਉ" (ਪੰਨਾ 927) ਇਹ ਵੱਖਰੀ ਗੱਲ ਹੈ ਕਿ ਆਪਣੇ ਆਪ ਨੂੰ ਸ਼੍ਰੋਮਣੀ ਸਮਝਣ ਵਾਲੀ ਕਮੇਟੀ ਵੱਲੋਂ ਦਰਬਾਰ ਸਾਹਿਬ ਵਿਖੇ ਬਸੰਤ ਰਾਗ ਦਾ ਆਰੰਭ, ਹਿੰਦੂ ਮਿਥਿਹਾਸ ਦੀ ਦੇਵੀ ਸਰਸਵਤੀ ਦੇ ਜਨਮ ਦਿਨ ਤੋਂ ਭਾਵ ਮਾਘ ਸੁਦੀ 5 ਤੋਂ ਕਰਦੀ ਹੈ।

ਜਿਵੇ ਕਿ ਉੱਪਰ ਪੜ੍ਹ ਚੁੱਕੇ ਹੋ ਕਿ ਹੋਲੀ ਸਾਲ ਦੇ ਆਖਰੀ ਦਿਨ ਮਨਾਈ ਜਾਂਦੀ ਸੀ ਅਤੇ ਗੁਰੂ ਸਾਹਿਬ ਨੇ ਹੋਲਾ ਮਹੱਲਾ ਨਵੇ ਸਾਲ ਦੇ ਪਹਿਲੇ ਦਿਨ ਤੋਂ ਆਰੰਭ ਕੀਤਾ ਸੀ। ਇਸ ਲਈ ਹੁਣ ਜਦੋਂ ਅਸੀਂ ਚੰਦ ਦਾ ਕੈਲੰਡਰ ਪੱਕੇ ਤੌਰ ਹੀ ਛੱਡ ਚੁਕੇ ਹਾਂ ਅਤੇ ਸੂਰਜੀ ਕੈਲੰਡਰ ਨੂੰ ਅਪਨਾ ਲਿਆ ਹੈ ਤਾਂ ਹੋਲਾ ਨਵੇ ਸਾਲ ਦੇ ਪਹਿਲੇ ਦਿਨ ਭਾਵ 1 ਚੇਤ ਨੂੰ ਮਨਾਉਣਾ ਚਾਹੀਦਾ ਹੈ। ਨਾਨਕਸ਼ਾਹੀ ਕੈਲੰਡਰ, ਜੋ ਕਿ ਸੂਰਜੀ ਕੈਲੰਡਰ ਹੈ। ਜਿਸ ਦਾ ਆਰੰਭ 1 ਚੇਤ ਤੋਂ ਹੁੰਦਾ ਹੈ, ਮੁਤਾਬਕ 'ਹੋਲਾ ਮਹੱਲਾ' ਹਰ ਸਾਲ 1 ਚੇਤ/14 ਮਾਰਚ ਨੂੰ ਆਵੇਗਾ।

ਹੁਣ ਸਾਨੂੰ ਇਹ ਵੇਖਣ ਲਈ ਕਿ ਚੇਤ ਵਦੀ ਏਕਮ ਕਿਸ ਤਾਰੀਖ ਨੂੰ ਆਵੇਗੀ, ਹਿੰਦੂ ਵਿਦਵਾਨਾਂ ਵੱਲੋਂ ਤਿਆਰ ਕੀਤੀ ਗਈ ਜੰਤਰੀ ਦੀ ਉਡੀਕ ਨਹੀ ਕਰਨੀ ਪਵੇਗੀ। ਇਸ ਤੋਂ ਵੀ ਅਹਿਮ ਗੱਲ ਇਹ ਹੈ ਕਿ, ਹੁਣ ਜਦੋਂ ਕੈਲੰਡਰ ਵਿਗਾੜੂ ਕਮੇਟੀ ਦੇ ਮੈਂਬਰਾਂ ਦੀ ਅਸਲੀਅਤ ਸਾਹਮਣੇ ਆ ਚੁੱਕੀ ਹੈ ਤਾਂ ਕੀ, ਅਜੇ ਵੀ ਕੌਮ ਨੂੰ ਇਨ੍ਹਾਂ ਭੇਖੀਆਂ ਮਗਰ ਲੱਗਣਾ ਚਾਹੀਦਾ ਹੈ? ਖਾਲਸਾ ਜੀ ਜਾਗੋ, ਆਓ ਇਸ ਮੱਕੜ ਜਾਲ਼ ਤੋਂ ਮੁਕਤ ਹੋਈਏ!

ਸਮੂਹ ਸੰਗਤ ਨੂੰ ਨਵੇ ਸਾਲ, 1 ਚੇਤ ਸੰਮਤ 550 ਨਾਨਕਸ਼ਾਹੀ (14 ਮਾਰਚ 2018 ਈ:) ਦੀਆ ਲੱਖ-ਲੱਖ ਵਧਾਈਆਂ।

# ਮਹਿੰਗੀ ਮੋਟਰ ਤੋਂ, ਮੇਰਾ ਸਸਤਾ ਸਾਈਕਲ ਚੰਗਾ



ਚਮਨਦੀਪ ਸ਼ਰਮਾ
91-95010 33005

ਅਸੀਂ ਭਲੀ ਭਾਂਤ ਜਾਣਦੇ ਹਾਂ ਕਿ ਮਨੁੱਖ ਇੱਕ ਸਮਾਜਿਕ ਪ੍ਰਾਣੀ ਹੈ। ਆਪਣੀ ਸੰਸਾਰਿਕ ਯਾਤਰਾ ਕਰਦੇ ਹੋਏ ਉਸਨੂੰ ਬਹੁਤ ਸਾਰੀਆਂ ਜਿੰਮੇਵਾਰੀਆਂ ਨਿਭਾਉਣੀਆਂ ਪੈਂਦੀਆ ਹਨ।ਆਪਣੇ ਕਾਰਜ ਨੂੰ ਸਚੁੱਜੇ ਢੰਗ ਨਾਲ ਕਰਨ ਦੇ ਲਈ ਮਨੁੱਖ ਦਾ ਸਰੀਰਕ ਤੌਰ ਤੇ ਤਕੜਾ ਹੋਣਾ ਅਤਿਅੰਤ ਲਾਜ਼ਮੀ ਹੈ। ਸਿਆਣੇ ਵੀ ਕਹਿੰਦੇ ਹਨ ਕਿ "ਬਾਕੀ ਦੇ ਕੰਮ ਬਾਦ ਵਿੱਚ ਪਹਿਲਾ ਸਿਹਤ ਜਰੂਰੀ ਏ" ਪਰ ਬੜੇ ਹੀ ਮਲਾਲ ਦੀ ਗੱਲ ਹੈ ਕਿ ਇਨਸਾਨ ਆਪਣੀ ਸਿਹਤ ਪ੍ਰਤਿ ਜਿਆਦਾ ਜਾਗਰੂਕ ਨਹੀਂ ਹੈ ਜਿਸ ਸਦਕਾ ਉਸਨੂੰ ਆਪਣੀਆਂ ਜਿੰਮੇਵਾਰੀਆਂ ਨਿਭਾਉਣ ਵਿੱਚ ਕਠਿਨਾਈ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅਪਣੇ ਬਦਲੇ ਹੋਏ ਲਾਈਫ ਸਟਾਈਲ ਅਤੇ ਖਾਣ ਪੀਣ ਦੀਆਂ ਗੰਦੀਆਂ ਆਦਤਾਂ ਨਾਲ ਉਸਨੇ ਆਪਣੀਆਂ ਮੁਸੀਬਤਾਂ ਵਿੱਚ ਹੋਰ ਇਜਾਫਾ ਕਰ ਲਿਆ ਹੈ। ਮਨੁੱਖੀ ਸਿਹਤ ਨੂੰ ਚੁਸਤ ਦਰੁਸਤ ਕਰਨ ਵਿੱਚ ਸਾਈਕਲ ਦੀ ਸਵਾਰੀ ਕਰਨਾ ਇੱਕ ਅਹਿਮ ਭੂਮਿਕਾ ਅਦਾ ਕਰ ਸਕਦਾ ਹੈ ਜਿਸਨੂੰ ਉਸਨੇ ਘਰ ਦੇ ਕਿਸੇ ਕੋਨੇ ਵਿੱਚ ਚਿੱਟਾ ਹਾਥੀ ਬਣਾ ਰੱਖਿਆ ਹੋਇਆ ਹੈ। ਸਾਈਕਲ ਨੂੰ ਚਲਾਉਂਣ ਦੇ ਤਾਂ ਲਾਭ ਹੀ ਲਾਭ ਹਨ, ਇਸਦੀ ਹਾਨੀ ਤਾਂ ਕਿਧਰੇ ਨਜ਼ਰ ਹੀ ਨਹੀਂ ਆਉਂਦੀ ਹੈ।

ਵਰਤਮਾਨ ਮਨੁੱਖ ਸਾਈਕਲ ਦੀ ਸਵਾਰੀ ਨੂੰ ਅੱਖੋ ਪਰੋਖੇ ਕਰਕੇ ਆਪਣੇ ਪੈਰ ਤੇ ਖੁਦ ਕੁਹਾੜੀ ਮਾਰ ਰਿਹਾ ਹੈ। ਉਹ ਭੁੱਲ ਚੁੱਕਾ ਹੈ ਕਿ ਸਿਹਤ ਹੀ ਅਸਲ ਧਨ ਹੈ। ਸਾਈਕਲ ਦੇ ਪ੍ਰਤਿ ਉਸਦੀ ਬੇਰੁਖੀ ਦਾ ਕਾਰਨ ਉਸਦਾ ਸਟੇਟਸ ਸਿੰਬਲ ਹੈ।ਮਹਿੰਗੀਆਂ ਗੱਡੀਆਂ ਨੂੰ ਚਲਾਉਣ ਕਰਕੇ ਹੁਣ ਉਹ ਸਾਈਕਲ ਚਲਾਉਂਣ ਵਿੱਚ ਸ਼ਰਮ ਮਹਿਸੂਸ ਕਰਦਾ ਹੈ। ਉਸਨੂੰ ਕੌਣ ਦੱਸੇ ਕਿ ਜਿਸਨੇ ਕੀ ਸ਼ਰਮ, ਉਸਨੇ ਫੂਟੇ ਕਰਮ। ਇਸ ਵਿਚਾਰ ਤੇ ਅਮਲ ਕਰਨ ਦੀ ਥਾਂ ਤੇ ਉਹ ਸੋਚਦਾ ਰਹਿੰਦਾ ਹੈ ਕਿ ਲੋਕ ਕੀ ਕਹਿਣਗੇ? ਹਾਲਾਂਕਿ ਉਸਦੀ ਅੰਤਰ ਆਤਮਾ ਦੀ ਅਵਾਜ਼ ਤਾਂ ਉਸਨੂੰ ਸਹੀ ਮਾਰਗ ਦਿਖਾਉਂਦੀ ਹੈ ਪਰੰਤੂ ਉਹ ਆਪਣੇ ਦਿਲ ਦੀ ਹੀ ਸੁਣਦਾ ਹੈ। ਉਸਨੂੰ ਆਪਣੀ ਸੋਚ ਬਦਲਣੀ ਹੀ ਪਵੇਗੀ ਕਿਉਂਕਿ ਸਾਡੇ ਦੇਸ਼ ਦੇ ਲੋਕਾਂ ਕੋਲ ਗੱਲਾਂ ਕਰਨ ਦੇ ਲਈ ਬਹੁਤ ਸਮਾਂ ਹੁੰਦਾ ਹੈ।ਉਹ ਤਾਂ ਕੁੱਝ ਨਾ ਕੁੱਝ ਕਹਿੰਦੇ ਹੀ ਰਹਿਣਗੇ। ਇਹ ਵਰਤਾਰਾ ਤਾਂ ਨਿਰੰਤਰ ਜਾਰੀ ਰਹਿਣ ਵਾਲਾ ਹੈ। ਇੱਥੇ ਗੌਰ ਕਰਨ ਵਾਲੀ ਗੱਲ ਤਾਂ ਇਹ ਹੈ ਕਿ ਸਾਈਕਲ ਦਾ ਇਤਿਹਾਸ ਸੰਨ 1418 ਨਾਲ ਸਬੰਧਿਤ ਹੈ। ਜੇਕਰ ਇਹ ਮਨੁੱਖ ਦੇ ਲਈ ਫਾਇਦੇਮੰਦ ਨਾ ਹੁੰਦਾ ਤਾਂ ਸ਼ਾਇਦ ਹੁਣ ਇਸਦਾ ਵਜੂਦ ਬਿਲਕੁਲ ਖਤਮ ਹੋ ਜਾਣਾ ਸੀ।

ਤਾਜ਼ੀ ਹਵਾ ਵਿੱਚ ਸਾਈਕਲ ਨੂੰ ਚਲਾਕੇ ਜਿੱਥੇ ਇਨਸਾਨ ਇੱਕ ਆਨੰਦਮਈ ਅਵਸਥਾ ਦਾ ਅਹਿਸਾਸ ਕਰਦਾ ਹੈ ਉੱਥੇ ਹੀ ਉਹ ਆਪਣੇ ਦਿਲ, ਫੇਫੜਿਆਂ ਨੂੰ ਵੀ ਮਜ਼ਬੂਤੀ ਪ੍ਰਦਾਨ ਕਰ ਰਿਹਾ ਹੁੰਦਾ ਹੈ। ਨਵੇਂ ਬਰੇਨ ਸੈੱਲਾਂ ਦਾ ਨਿਰਮਾਣ ਹੋਣ ਨਾਲ ਦਿਮਾਗ ਸ਼ਕਤੀ ਵਿੱਚ ਵਾਧਾ ਤੇ ਵਿਕਾਸ ਹੁੰਦਾ ਹੈ।ਸੂਗਰ ਦੇ ਮਰੀਜਾਂ ਦੇ ਲਈ ਇਹ ਕਿਸੇ ਵਰਦਾਨ ਤੋਂ ਘੱਟ ਨਹੀਂ ਹੈ।ਕੈਲਰੀਜ਼ ਦੇ ਬਰਨ ਹੋਣ ਨਾਲ ਖੂਨ ਅੰਦਰ ਗੁਲੂਕੋਜ਼ ਦੀ ਮਾਤਰਾ ਠੀਕ ਬਣੀ ਰਹਿੰਦੀ ਹੈ। ਦਿਲ ਦੀ ਧੜਕਣ ਦੇ ਤੇਜ਼ ਹੋਣ ਕਾਰਨ ਬਲੱਡ ਪ੍ਰੈਸ਼ਰ ਨਾਰਮਲ ਰਹਿੰਦਾ ਹੈ ਜ਼ੋ ਕਿ ਅੱਜ ਦੇ ਸਮੇਂ ਵਿੱਚ ਵੱਡੀ ਸਮੱਸਿਆ ਬਣੀ ਹੋਈ ਹੈ। ਸਰੀਰ ਵਿੱਚੋਂ ਫਾਲਤੂ ਚਰਬੀ ਨੂੰ ਖਤਮ ਕਰਨ ਦੇ ਨਾਲ ਇਮਊਨ ਸਿਸਟਮ ਨੂੰ ਤਾਕਤਵਰ ਕਰਦਾ ਹੈ।ਵਿਅਕਤੀ ਨੂੰ ਤਣਾਅ ਵਿੱਚੋਂ ਬਾਹਰ ਕੱਢਦਾ ਹੈ।ਮਾਸ਼ਪੇਸੀਆਂ ਨੂੰ ਮਜ਼ਬੂਤੀ, ਗੋਡਿਆਂ ਦੇ ਦਰਦ ਦਾ ਖਾਤਮਾ, ਪੈਰਾਂ ਦੀ ਵਰਜਿਸ ਅਤੇ ਵਿਅਕਤੀ ਨੂੰ ਜਵਾਨ ਬਣਾਏ ਰੱਖਣ ਵਿੱਚ ਸਹਾਈ ਹੈ।ਇਹ ਦਿਮਾਗ ਅੰਦਰ ਉਦਾਸੀ ਪੈਦਾ ਕਰਨ ਵਾਲੇ ਰਸਾਇਣਾਂ ਨੂੰ ਰੋਕਦਾ ਹੈ।

ਸਾਈਕਲ ਦੇ ਨਾਲ ਯਾਰੀ ਲਾ ਕੇ ਮਨੁੱਖ ਆਪਣੇ ਅੰਦਰ ਆਤਮਵਿਸ਼ਵਾਸ ਪੈਦਾ ਕਰ ਸਕਦਾ ਹੈ।ਇਸਦੀ ਵਰਤੋਂ ਕਰਕੇ ਮਨੁੱਖ ਵਾਤਾਵਰਨ ਦੇ ਪ੍ਰਤਿ ਆਪਣੀ ਬਣਦੀ ਜਿੰਮੇਵਾਰੀ ਨੂੰ ਪੂਰੀ ਕਰਨ ਵਿੱਚ ਮੱਦਦ ਕਰ ਸਕਦਾ ਹੈ ਕਿਉਂਕਿ ਇਸਨੂੰ ਚਲਾਉਂਣ ਤੇ ਕਿਸੇ ਵੀ ਕਿਸਮ ਦਾ ਪ੍ਰਦੂਸਨ ਨਹੀਂ ਹੁੰਦਾ ਹੈ। ਆਪਣੇ ਛੋਟੇ ਛੋਟੇ ਕੰਮਾਂ ਨੂੰ ਇਸ ਦੁਆਰਾ ਕਰਕੇ ਪੈਸੇ ਦੀ ਬੱਚਤ ਵੀ ਕੀਤੀ ਜਾ ਸਕਦੀ ਹੈ।ਬੂੰਦ ਬੂੰਦ ਦੇ ਨਾਲ ਘੜਾ ਭਰ ਜਾਂਦਾ ਹੈ।ਮਹਿੰਗੇ ਜਿਮ ਵਿੱਚ ਹੋਣ ਵਾਲੇ ਖਰਚਿਆਂ ਨੂੰ ਵੀ ਕੰਟਰੋਲ ਕਰ ਸਕਦਾ ਹੈ। ਮਹਿੰਗੀਆਂ ਮੋਟਰਾਂ ਸਾਨੂੰ ਮੰਜ਼ਿਲ ਦੇ ਉੱਪਰ ਤੇਜ਼ੀ ਦੇ ਨਾਲ ਤਾਂ ਜਰੂਰ ਪਹੁੰਚਾ ਸਕਦੀਆਂ ਹਨ ਪਰ ਉਹ ਸਿਹਤ ਦੇ ਮਾਮਲੇ ਵਿੱਚ ਸਾਈਕਲ ਦਾ ਮੁਕਾਬਲਾ ਨਹੀਂ ਕਰ ਸਕਦੀਆਂ। ਸਾਈਕਲ ਦਾ ਖਰਚਾ ਤਾਂ ਨਾ ਮਾਤਰ ਹੀ ਹੈ। ਬੱਚਿਆਂ ਦੇ ਕੱਦ ਵਧਾਉਂਣ ਦੇ ਲਈ ਲਾਹੇਵੰਦ ਹੈ।

ਬੱਚਿਆਂ ਨੂੰ ਸਕੂਲ ,ਕਾਲਜ ,ਟਿਊਸਨ, ਖੇਡਦੇ ਸਮੇਂ ਇਸਨੂੰ ਖੂਬ ਚਲਾਉਣਾ ਚਾਹੀਦਾ ਹੈ। ਵਿਦਿਅਕ ਸੰਸਥਾਵਾਂ ਵਿੱਚ ਵਿਦਿਆਰਥੀਆਂ ਨੂੰ ਸਾਈਕਲ ਲਿਆਉਂਣ ਦੀ ਹੀ ਆਗਿਆ ਦਿੱਤੀ ਜਾਣੀ ਚਾਹੀਦੀ ਹੈ । ਸਾਈਕਲਿੰਗ ਦੇ ਮੁਕਾਬਲੇ ਕਰਵਾਏ ਜਾਣੇ ਚਾਹੀਦੇ ਹਨ ਤਾਂ ਜ਼ੋ ਸਾਈਕਲ ਸਭਿਆਚਾਰ ਨੂੰ ਪ੍ਰਫੁਲਿਤ ਕੀਤਾ ਜਾ ਸਕੇ। ਸਾਈਕਲ ਤਾਂ ਮਨੁੱਖੀ ਜੀਵਨ ਦੇ ਲਈ ਇੱਕ ਸੰਜੀਵਨੀ ਬੂਟੀ ਹੈ ਪਰ ਦੇਖਣਾ ਬਾਕੀ ਹੈ ਕੀ ਮਨੁੱਖ ਇਸਦੀ ਮਹੱਤਤਾ ਨੂੰ ਸਮਝਦੇ ਹੋਏ ਆਪਣੀ ਜਿੰਦਗੀ ਨੂੰ ਬਿਮਾਰੀਆਂ ਤੋਂ ਮੁਕਤ ਕਰਨ ਦੇ ਲਈ ਇਸਨੂੰ ਅਪਣਾਉਂਦਾ ਹੈ ਕਿ ਨਹੀਂ ?

# ਔਰਤ ਕਾਮਯਾਬ ਹੋਣ ਲਈ ਆਪਣੇ ਰਸਤੇ ਤੋ ਕਿਉਂ ਭਟਕ ਰਹੀ ਹੈ?

ਔਰਤਾਂ ਤੇ ਜ਼ੁਲਮ ਹੋਣੇ ਕੋਈ ਨਵੀਂ ਗੱਲ ਨਹੀਂ ਹੈ ਜੀ। ਪਰ ਕਿਤੇ ਨਾ ਕਿਤੇ ਹੋ ਰਹੇ ਜ਼ੁਲਮਾਂ ਦੀ ਜਿੰਮੇਵਾਰ ਔਰਤ ਆਪ ਵੀ ਹੈ। ਕਿਉਂਕਿ ਅੱਜ ਦੀ ਔਰਤ ਰਾਤੋ ਰਾਤ ਸਟਾਰ ਬਣਨਾ ਲੋਚਦੀ ਹੋਈ ਆਪਣੀ ਇਨਸਾਨੀਅਤ ਗਵਾ ਰਹੀ ਹੈ। ਮੈਂ ਇੱਕ ਔਰਤ ਹੋਣ ਦੇ ਨਾਤੇ ਮੇਰੀਆਂ ਸਾਰੀਆਂ ਭੈਣਾਂ, ਬੱਚੀਆਂ, ਮਾਤਾਵਾਂ ਨੂੰ ਦੱਸਣਾ ਚਾਹੁੰਦੀ ਹਾਂ ਕਿ ਔਰਤ ਉਹ ਸ਼ਕਤੀ ਹੈ ਜਿਸ ਨਾਲ ਸੰਸਾਰ ਅੱਗੇ ਚਲਦਾ ਹੈ ਜਿਵੇਂ ਗੁਰਬਾਣੀ ਦੇ ਮਹਾਂ ਵਾਕ ਅਨੁਸਾਰ ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ। ਸਖੀਓ ਮਾਤਾ ਸਾਹਿਬ ਕੌਰ ਜੀ ਵੀ ਇਕ ਇਸਤਰੀ ਸਨ ਅਤੇ ਮਾਈ ਭਾਗੋ ਜੀ ਵੀ ਇੱਕ ਇਸਤਰੀ ਹੀ ਸਨ ਜਿੰਨਾ ਨੇ ਜੰਗ ਦੇ ਮੈਦਾਨ ਵਿੱਚ ਵੈਰੀਆ ਦੀਆ ਭਾਜੜਾਂ ਪਾਈਆ ਸਨ। ਪਰ ਇਸ ਦੇ ਉਲਟ ਅੱਜ ਅਸੀਂ ਕੀ ਕਰ ਰਹੇ ਹਾਂ।ਹੁਣ ਹੀ ਇੱਕ ਵੀਡਿਓ ਵਾਇਰਲ ਹੋਈ ਵੇਖ ਕੇ ਮਨ ਨੂੰ ਬਹੁਤ ਹੀ ਦੁੱਖ ਹੋਇਆ ਕਿ ਇੱਕ ਨੌਜਵਾਨ ਬੀਬੀ ਆਪਣੀ ਅੱਖ ਨਾਲ ਗਲਤ ਇਸ਼ਾਰੇ ਕਰਦੀ ਹੋਈ ਡਾਂਸ ਕਰਦੀ ਹੈ ਤੇ ਉਹ ਵੀਡਿਓ ਲੋਕਾਂ ਨੇ ਇੰਨਾ ਕੁ ਦੇਖਿਆ ਕੇ ਬੀਬੀ ਨੂੰ ਰਾਤੋ ਰਾਤ ਸਟਾਰ ਬਣਾ ਦਿੱਤਾ ਪਰ ਮੇਰੀਏ ਭੈਣੇ ਸਟਾਰਾਂ ਵਾਲੀ ਫੀਲਿੰਗ ਛੱਡ ਕੇ ਜਰਾ ਆਪਣੇ ਅਗਾਂਹ ਵਾਲੀ ਜ਼ਿੰਦਗੀ ਬਾਰੇ ਸੋਚ ਜਿਸਦੀ ਜ਼ਮੀਰ ਮਰ ਗਈ ਹੋਵੇ ਉਹ ਜਿਉਦਾ ਵੀ ਮਰਿਆ ਬਰਾਬਰ ਹੋ ਜਾਂਦਾ। ਭੈਣੇ ਐਸੀ ਪਬਲਿਸਿਟੀ ਤੋ ਕੀ ਕਰਾਉਣਾ ਜੋ ਸਾਰੀ ਔਰਤ ਜਾਤ ਦੇ ਮੂੰਹ ਤੇ ਥੱਪੜ ਵਾਲੀ ਗੱਲ ਹੋ ਜਾਵੇ। ਗੁਰਬਾਣੀ ਮੁਤਾਬਕ ਚੱਲੀਏ ਤਾਂ ਗੁਰੂ ਸਾਹਿਬਾਨ ਨੇ ਦੱਸਿਆ ਹੈ ਕਿ ਇਹ ਨੇਤਰੋ ਮੇਰਿਓ ਹਰ ਬਿਨ ਅਵਰਿ ਨਾ ਦੇਖੋ ਕੋਇ ਭੈਣੋ ਤਰਸ ਕਰੋ ਦੇਸ ਦੀ ਜਵਾਨੀ ਤੇ ਕਿਉਂ ਜਵਾਨੀ ਨੂੰ ਕੁਰਾਹੇ ਪਾ ਰਹੀਆਂ ਹੋ। ਖੈਰ ਮੇਰੀਆਂ ਸਾਰੀਆਂ ਭੈਣਾਂ ਤੇ ਇੱਕੋ ਜਿਹੀਆਂ ਨਹੀਂ ਹਨ। ਪਰ ਫਿਰ ਵੀ ਅਜਿਹੇ ਕੰਮ ਨਾ ਕਰੋ ਜਿਸ ਨਾਲ ਆਪਣੇ ਨਾਲ ਕੋਈ ਅਨਹੋਣੀ ਵਾਪਰ ਜਾਏ ਤੇ ਫਿਰ ਬਿਨਾ ਪਛਤਾਵੇ ਆਪਣੇ ਕੋਲ ਬਚੇ ਹੀ ਕੁਝ ਨਾ। ਅਤੇ ਦਾ ਸਭ ਤੋ ਵੱਡਾ ਗਹਿਣਾ ਅਤੇ ਦੀ ਇੱਜ਼ਤ, ਸਾਦਗੀ, ਸ਼ਰਮ, ਲੱਜਾ, ਸਹਿਣਸ਼ੀਲਤਾ, ਇਮਾਨਦਾਰੀ, ਇਨਸਾਨੀਅਤ, ਮਿਹਨਤ ਅਤੇ ਮਮਤਾ ਹੈ ਜੀ। ਇਸ ਲਈ ਜਿੰਨੀ ਮਰਜ਼ੀ ਵੀ ਦੁੱਖ, ਤਕਲੀਫ਼ ਤੇ ਗਰੀਬੀ ਆ ਜਾਵੇ ਇੰਨਾ ਦਾ ਪੱਲਾ ਨਾ ਛੱਡੋ ਕਿਉਂਕਿ ਇੱਕ ਵਾਰ ਕਰੈਕਟਰ ਖਰਾਬ ਹੋ ਗਿਆ ਤਾਂ ਮੁੜ ਵਾਪਸ ਇੱਜ਼ਤ ਨਹੀਂ ਮਿਲਦੀ। ਮੇਰੀ ਮੇਰੇ ਦੇਸ ਦੇ ਯੂਥ ਨੂੰ ਵੀ ਬੇਨਤੀ ਹੈ ਕਿ ਐਸੀਆਂ ਚੀਜ਼ਾਂ ਤੋ ਬਚ ਕੇ ਰਹੋ ਜੋ ਤੁਹਾਡੀ ਲਾਈਫ਼ ਹੀ ਖਰਾਬ ਕਰ ਦਿੰਦੀਆਂ ਹਨ ਤੇ ਤਰੱਕੀ ਦੇ ਰਾਹ ਵਿੱਚ ਰੋੜਾ ਬਣਦੀਆਂ ਹਨ। ਵੀਰੋ ਐਸੀਆਂ ਫਿਲਮਾਂ, ਗਾਣਿਆਂ ਨੂੰ ਕਦੇ ਵੀ ਪ੍ਰਮੋਟ ਨਾ ਕਰੋ। ਆਪਣੀ ਸੋਚ ਦਾ ਸਹੀ ਇਸਤੇਮਾਲ ਕਰਨ ਮੇਰੇ ਦੇਸ ਦੇ ਬੱਚੇ, ਬੱਚੀਆਂ ਤਾਂ ਹੀ ਇੱਕ ਚੰਗੇ ਸਮਾਜ ਦੀ ਸਿਰਜਣਾ ਹੋਵੇਗੀ ਤੇ ਔਰਤਾਂ ਨਾਲ ਹੋ ਰਹੀਆਂ ਮਾੜੀਆਂ ਘਟਨਾਵਾਂ ਖਤਮ ਹੋਣਗੀਆਂ।

-ਪਰਮਜੀਤ ਕੌਰ ਸੋਢੀ (91-94786 58384)

# ਬਾਬੂ ਮੰਗੂ ਰਾਮ ਮੂਗੋਵਾਲੀਆ ਅਤੇ ਡਾਕਟਰ ਭੀਮ ਰਾਓ ਅੰਬੇਡਕਰ ਤੋਂ ਬਾਅਦ ਬਾਬੂ ਕਾਂਸ਼ੀ ਰਾਮ ਨੇ ਦੇਸ਼ ਦੇ ਦਲਿਤਾਂ ਨੂੰ ਸਹੀ ਅਰਥਾਂ ਵਿੱਚ ਏਕੇ ਦੇ ਸੂਤਰ ਵਿੱਚ ਬੰਨਣ ਦਾ ਸੁਪਨਾ ਸੱਚ ਕਰ ਦਿਖਾਇਆ



ਕੁਲਦੀਪ ਚੰਦ
91-9417563054

ਸਾਡੇ ਦੇਸ਼ ਭਾਰਤ ਵਿੱਚ ਸਦੀਆਂ ਤੱਕ ਜਾਤ ਅਧਾਰਤ ਭੇਦਭਾਵ ਕਾਇਮ ਰਿਹਾ ਹੈ ਅਤੇ ਬਹੁਤੇ ਲੋਕ ਅਪਣੇ ਲੋਕਾਂ ਦੇ ਗੁਲਾਮ ਰਹੇ ਹਨ। ਇਸ ਜਾਤ ਅਧਾਰਤ ਵਿਤਕਰੇ ਖਿਲਾਫ ਸਮੇਂ ਸਮੇਂ ਤੇ ਕਈ ਸਮਾਜਿਕ, ਰਾਜਨੀਤਿਕ ਅਤੇ ਧਾਰਮਿਕ ਰਹਿਵਰਾਂ ਨੇ



ਅਵਾਜ਼ ਉਠਾਈ ਹੈ ਇਨ੍ਹਾਂ ਵਿੱਚ ਦਲਿਤ ਆਗੂ ਅਤੇ ਬਹੁਜਨ ਸਮਾਜ ਪਾਰਟੀ ਦੇ ਸੰਸਥਾਪਕ ਬਾਬੂ ਕਾਂਸ਼ੀ ਰਾਮ ਜਿਨ੍ਹਾਂ ਨੂੰ ਸਾਹਿਬ ਅਤੇ ਮਾਨਿਆਵਾਰ ਕਾਂਸ਼ੀ ਰਾਮ ਵੀ ਕਿਹਾ ਜਾਂਦਾ ਦਾ ਨਾਮ ਵੀ ਸ਼ਾਮਲ ਹੈ। ਬਾਬੂ ਕਾਂਸ਼ੀ ਰਾਮ ਦਾ ਜਨਮ 15 ਮਾਰਚ 1934 ਨੂੰ ਉਨ੍ਹਾਂ ਦੇ ਨਾਨਕੇ ਘਰ ਨੰਗਲ-ਚੰਡੀਗੜ੍ਹ ਮੁੱਖ ਮਾਰਗ ਤੇ ਬੂੰਗਾ ਸਾਹਿਬ ਕੋਲ ਪੈਂਦੇ ਪਿੰਡ ਪ੍ਰਿਥੀਪੁਰ ਵਿੱਚ ਹੋਇਆ। ਬਾਬੂ ਕਾਂਸ਼ੀ ਰਾਮ ਅਪਣੇ ਮਾਤਾ ਸਵਰਗੀ ਬਿਸ਼ਨ ਕੌਰ ਅਤੇ ਪਿਤਾ ਹਰੀ ਸਿੰਘ ਦੇ 7 ਬੱਚਿਆਂ ਵਿਚੋਂ ਸਭਤੋਂ ਵੱਡੇ ਸਨ। ਬਾਬੂ ਕਾਂਸ਼ੀ ਰਾਮ ਦਾ ਪਰਿਵਾਰ ਰੂਪਨਗਰ ਜਿਲ੍ਹੇ ਦੇ ਪਿੰਡ ਖੁਆਸਪੁਰਾ ਵਿੱਚ ਰਹਿੰਦਾ ਸੀ ਅਤੇ ਪਰਿਵਾਰ ਦੇ ਬਾਕੀ ਮੈਂਬਰਾਂ ਦੇ ਨਾਮ ਸਿੱਖ ਧਰਮ ਨਾਲ ਸਬੰਧਿਤ ਸਨ ਪ੍ਰੰਤੂ ਬਾਬੂ ਜੀ ਦਾ ਜਨਮ ਨਾਨਕੇ ਪਿੰਡ ਹੋਣ ਕਾਰਨ ਉਨ੍ਹਾਂ ਦਾ ਨਾਮ ਕਾਂਸ਼ੀ ਰਾਮ ਰੱਖਿਆ ਗਿਆ। ਆਪ ਦੇ ਨਾਨਾ ਦਾ ਨਾਮ ਸਾਹਿਬ ਦਿਤਾ ਸੀ ਅਤੇ ਨਾਨੀ ਦਾ ਨਾਮ ਪ੍ਰਸਿੰਨੀ ਦੇਵੀ ਸੀ। ਬਾਬੂ ਜੀ ਦੇ ਨਾਨਕੇ ਪਰਿਵਾਰ ਵਿੱਚ ਕੋਈ ਮਾਮਾ ਨਾਂ ਹੋਣ ਕਾਰਨ ਬਾਬੂ ਜੀ ਦਾ ਅਪਣੀ ਨਾਨੀ ਨਾਲ ਬਹੁਤ ਗੂੜ੍ਹਾ ਪਿਆਰ ਸੀ ਜਿਸ ਕਰਕੇ ਬਾਬੂ ਜੀ ਅਕਸਰ ਨਾਨਕੇ ਪਿੰਡ ਜਾਂਦੇ ਰਹਿੰਦੇ ਸਨ। ਨਾਨਕੇ ਪਿੰਡ ਨਾਲ ਪਿਆਰ ਕਾਰਨ ਹੀ ਬਾਬੂ ਜੀ ਨੇ ਆਪਣਾ ਮਕਾਨ ਵੀ ਨਾਨਕੇ ਪਿੰਡ ਵਿੱਚ ਹੀ ਬਣਾਇਆ ਸੀ। ਬਾਬੂ ਕਾਂਸ਼ੀ ਰਾਮ ਰਵਿਦਾਸੀਆ ਜਾਤ ਨਾਲ ਸਬੰਧ ਰੱਖਦੇ ਸਨ ਜੋਕਿ ਕਈ ਹੋਰ ਜਾਤਾਂ ਵਾਂਗ ਹੀ ਸਦੀਆਂ ਤੋਂ ਅਛੂਤ ਰਹੀ ਹੈ। ਬਾਬੂ ਕਾਂਸ਼ੀ ਰਾਮ ਨੇ ਮੁਢਲੀ ਪੜਾਈ ਪਿੰਡ ਮਲਿਕਪੁਰ ਦੇ ਸਰਕਾਰੀ ਸਕੂਲ ਅਤੇ ਇਸਲਾਮਿਕ ਸਕੂਲ ਰੋਪੜ੍ਹ ਤੋਂ ਲੈਣ ਉਪਰੰਤ ਸਰਕਾਰੀ ਕਾਲਜ ਰੋਪੜ੍ਹ ਤੋਂ 1956 ਵਿੱਚ ਵਿਗਿਆਨ ਵਿੱਚ ਗ੍ਰੈਜੂਏਸਨ ਕੀਤੀ। ਇਸ ਦੌਰਾਨ ਬੇਸ਼ੱਕ ਆਪਦੀ ਮੰਗਣੀ ਇੱਕ ਕਾਂਗਰਸੀ ਵਿਧਾਇਕ ਦੀ ਲੜਕੀ ਨਾਲ ਹੋ ਚੁੱਕੀ ਸੀ ਪਰ ਆਪ ਨੇ ਵਿਆਹ ਕਰਵਾਉਣ ਤੋਂ ਮਨ੍ਹਾਂ ਹੀ ਕਰ ਦਿੱਤਾ ਅਤੇ ਪੂਰੀ ਉਮਰ ਵਿਆਹ ਨਹੀਂ ਕਰਵਾਇਆ। 1957 ਵਿੱਚ ਆਪ ਨੇ ਸਰਵੇ ਆਫ ਇੰਡੀਆ ਦੀ ਪ੍ਰੀਖਿੱਆ ਪਾਸ ਕੀਤੀ ਅਤੇ ਸਿਖਲਾਈ ਲਈ ਦੇਹਰਾਦੂਨ ਚੱਲੇ ਗਏ। ਸਿਖਲਾਈ ਦੌਰਾਨ ਸਮੂਹ ਸਿਖਿੱਆਰਥੀਆਂ ਨੂੰ ਬਾਂਡ ਭਰਨ ਲਈ ਕਿਹਾ ਗਿਆ ਜਿਸ ਅਨੁਸਾਰ ਇੱਕ ਨਿਸ਼ਚਿੱਤ ਸਮੇਂ ਲਈ ਸਰਵੇ ਆਫ ਇੰਡੀਆ ਵਿੱਚ ਨੌਕਰੀ ਕਰਨਾ ਜਰੂਰੀ ਸੀ। ਆਪਨੇ ਇਹ ਬਾਂਡ ਭਰਨ ਤੋਂ ਮਨ੍ਹਾਂ ਕਰ ਦਿੱਤਾ ਅਤੇ ਸਿਖਲਾਈ ਛੱਡਕੇ ਵਾਪਸ ਆ ਗਏ। ਇਸਤੋਂ ਬਾਦ ਆਪ ਨੇ ਰੱਖਿਆ ਉਤਪਾਦਨ ਵਿਭਾਗ ਪੂਨਾ ਵਿੱਚ ਸਹਾਇਕ ਵਿਗਿਆਨਕ ਦੇ ਤੋਰ ਤੇ ਨੌਕਰੀ ਸ਼ੁਰੂ ਕੀਤੀ। 1965 ਵਿੱਚ ਉਨ੍ਹਾਂ ਨੇ ਅਪਣੇ ਅਦਾਰੇ ਵਿੱਚ ਇੱਕ ਹੋਰ ਸਟਾਫ ਮੈਂਬਰ ਦੀਨਾ ਭਾਨਾ ਜੋਕਿ ਅਛੂਤ ਸੀ ਦੇ ਨਾਲ ਡਾਕਟਰ ਅੰਬੇਡਕਰ ਅਤੇ ਮਹਾਤਮਾ ਬੁੱਧ ਦੇ ਜਨਮ ਦਿਵਸ ਸਬੰਧੀ ਛੁੱਟੀਆਂ ਰੱਦ ਕਰਨ ਦੇ ਵਿਰੋਧ ਵਿੱਚ ਰੋਸ ਪ੍ਰਦਰਸ਼ਨ ਕੀਤਾ ਅਤੇ ਸੰਘਰਸ ਕਰਕੇ ਤੇ ਲੰਬੀ ਲੜਾਈ ਲੜਕੇ ਬੰਦ ਕੀਤੀਆਂ ਗਈਆਂ ਛੁੱਟੀਆਂ ਮੁੜ੍ਹ ਸ਼ੁਰੂ ਕਰਵਾਈਆਂ। ਬਾਬੂ ਜੀ ਨੇ ਇਸਤੋਂ ਬਾਦ 1971 ਵਿੱਚ ਨੌਕਰੀ ਤੋਂ ਤਿਆਗ ਪੱਤਰ ਦੇ ਦਿਤਾ। ਆਦਿ ਧਰਮ ਲਹਿਰ ਦੇ ਆਗੂ ਅਤੇ ਸੰਸਥਾਪਕ ਬਾਬੂ ਮੰਗੂ ਰਾਮ ਮੂਗੋਵਾਲੀਆ ਅਤੇ ਡਾਕਟਰ ਭੀਮ ਰਾਓ ਅੰਬੇਡਕਰ ਤੋਂ ਬਾਅਦ ਉਹਨਾਂ ਨੇ ਦੇਸ਼ ਦੇ ਦਲਿਤਾਂ ਨੂੰ ਸਹੀ ਅਰਥਾਂ ਵਿੱਚ ਏਕੇ ਦੇ ਸੂਤਰ ਵਿੱਚ ਬੰਨਣ ਦਾ ਸੁਪਨਾ ਸੱਚ ਕਰ ਦਿਖਾਇਆ। ਇਸਤੋਂ ਬਾਦ ਆਪਨੇ ਸਾਰਾ ਜੀਵਨ ਸਮਾਜ ਦੇ ਲਿਤਾੜ੍ਹੇ ਵਰਗਾਂ ਦੀ ਭਲਾਈ ਲਈ ਲਗਾ ਦਿਤਾ। ਬਾਬੂ ਕਾਂਸ਼ੀ ਰਾਮ ਨੇ ਮੋਜੂਦਾ ਦਲਿਤ ਲੀਡਰਸ਼ਿਪ ਨੂੰ ਨਕਾਰਦਿਆਂ ਕਿਹਾ ਕਿ ਪੂਨਾ ਪੈਕਟ ਜੋਕਿ ਡਾਕਟਰ ਭੀਮ ਰਾਓ ਅੰਬੇਡਕਰ ਅਤੇ ਕਾਂਗਰਸੀ ਆਗੂ ਮੋਹਨ ਦਾਸ ਕਰਮ ਚੰਦ ਗਾਂਧੀ ਵਿਚਕਾਰ ਇੱਕ ਸਮਝੋਤਾ ਸੀ ਨੇ ਸਿਰਫ ਚਮਚੇ ਹੀ ਪੈਦਾ ਕੀਤੇ ਹਨ। ਉਹ ਅਕਸਰ ਪੂਨਾ ਪੈਕਟ ਦੀ ਵਿਰੋਧਤਾ ਕਰਦਿਆਂ ਕਹਿੰਦੇ ਸਨ ਕਿ ਇਸ ਸਮਝੋਤੇ ਕਾਰਨ ਪੀ ਐਮ ਰਾਮਸੇ ਮੈਕਡੋਨਲਡ ਦੇ ਕਮਿਊਨਲ ਐਵਾਰਡ ਦੁਆਰਾ ਦੱਸੇ ਗਏ ਵੱਖਰੇ ਵੋਟ ਦੇ ਅਧਿਕਾਰ ਤੋਂ ਸਦੀਆਂ ਤੋਂ ਲਿਤਾੜੇ ਵਰਗਾਂ ਨੂੰ ਬਾਂਝੇ ਰਹਿਣਾ ਪਿਆ ਹੈ। ਆਪ ਨੇ ਇਸ ਸਬੰਧੀ ਅਪਣੀ ਕਿਤਾਬ ਚਮਚਾ ਯੁੱਗ ਵਿੱਚ ਵਿਸਥਾਰ ਵਿੱਚ ਵਰਣਨ ਕੀਤਾ ਹੈ। ਆਪ ਨੇ ਦਲਿਤ ਸਮਾਜ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਅਪਣੇ ਕੁੱਝ ਸਾਥੀਆਂ ਨਾਲ ਸਾਇਕਲ ਯਾਤਰਾ ਕੀਤੀ ਅਤੇ ਜਾਗਰੂਕਤਾ ਅਭਿਆਨ ਚਲਾਇਆ ਅਤੇ ਬਹੁਜਨ ਹਿਤਾਏ, ਬਹੁਜਨ ਸੁਖਾਏ ਲਹਿਰ ਚਲਾਈ। 06 ਦਸੰਬਰ, 1978 ਨੂੰ ਬੈਕਵਰਡ ਐਂਡ ਮਾਇਨਾਰਟੀਜ਼ ਕਮਿਊਨਿਟੀ ਇੰਪਲਾਇਜ਼ ਫੈਡਰੇਸ਼ਨ ਬਾਮਸੇਫ ਨਾਮ ਦਾ ਕਰਮਚਾਰੀ ਸੰਗਠਨ ਬਣਾਇਆ ਅਤੇ 6 ਦਸੰਬਰ 1981 ਨੂੰ ਦਲਿਤ ਸ਼ੋਸ਼ਿਤ ਸਮਾਜ ਸੰਘਰਸ਼ ਸਮਿਤੀ ਡੀ ਐਸ-4 ਨਾਮ ਦਾ ਸੰਗਠਨ ਤਿਆਰ ਕੀਤਾ। ਡਾਕਟਰ ਭੀਮ ਰਾਓ ਅੰਬੇਡਕਰ ਦੇ ਜਨਮ ਦਿਵਸ ਮੌਕੇ 14 ਅਪ੍ਰੈਲ 1984 ਨੂੰ ਰਾਜਨੀਤਿਕ ਪਾਰਟੀ ਬਹੁਜਨ ਸਮਾਜ ਪਾਰਟੀ (ਬੀ ਐਸ ਪੀ) ਬਣਾ ਦਿਤੀ ਅਤੇ ਕਰੋੜ੍ਹਾਂ ਦਲਿਤਾਂ ਦਾ ਸੁਪਨਾ ਪੂਰਾ ਕਰਨ ਲਈ ਦੇਸ਼ ਦੀ ਸੱਤਾ ਤੇ ਕਾਬਜ ਹੋਣ ਦਾ ਐਲਾਨ ਕਰ ਦਿਤਾ ਅਤੇ । 6000 ਜਾਤਾਂ ਨੂੰ ਇੱਕ ਪਲੇਟਫਾਰਮ ਤੇ ਲਿਆਉਣ ਅਤੇ 85 ਫਿਸਦੀ ਵਰਗ ਦੇ ਲੋਕਾਂ ਨੂੰ ਬਹੁਜ਼ਨ ਸਮਝਣ ਦੇ ਤਜ਼ਰਬੇ ਨਾਲ ਬੀ ਐਸ ਪੀ ਰਾਸ਼ਟਰੀ ਪਾਰਟੀ ਬਣ ਗਈ ਅਤੇ ਪਿਛਲੇ ਕਈ ਸਾਲਾਂ ਤੋਂ ਚਲਦੀਆਂ ਰਾਜਨੀਤਿਕ ਪਾਰਟੀਆਂ ਨੂੰ ਪਿੱਛੇ ਛੱਡਕੇ ਤੀਜੇ ਨੰਬਰ ਤੇ ਪਹੁੰਚ ਗਈ। 1989 ਦੀਆਂ ਲੋਕ ਸਭਾ ਚੋਣਾਂ ਵਿੱਚ ਬੀ ਐਸ ਪੀ ਨੇ ਦੇਸ਼ ਵਿੱਚ 2.07 ਫਿਸਦੀ ਵੋਟਾਂ ਪ੍ਰਾਪਤ ਕੀਤੀਆਂ ਅਤੇ 3 ਲੋਕ ਸਭਾ ਮੈਂਬਰ ਬਣੇ। 1992 ਵਿੱਚ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਬਹੁਜਨ ਸਮਾਜ ਪਾਰਟੀ ਇੱਕ ਵੱਡੀ ਰਾਜਨੀਤਿਕ ਪਾਰਟੀ ਵਜੋਂ ਸਾਹਮਣੇ ਆਈ ਜਿਸ ਵਿੱਚ 9 ਵਿਧਾਇਕ ਚੁਣੇ ਗਏ ਅਤੇ ਪੰਜਾਬ ਵਿੱਚ ਮੁੱਖ ਵਿਰੋਧੀ ਪਾਰਟੀ ਬਣੀ। 1993 ਵਿੱਚ ਦੇਸ਼ ਦੀ ਰਾਜਨੀਤੀ ਦਾ ਗੜ੍ਹ ਰਹਿਣ ਵਾਲੇ ਉੱਤਰ ਪ੍ਰਦੇਸ਼ ਵਿੱਚ ਬੀ ਐਸ ਪੀ ਨੇ 67 ਵਿਧਾਇਕ ਬਣਾਕੇ ਵੱਡੀ ਜਿੱਤ ਹਾਸਲ ਕੀਤੀ। ਬਾਬੂ ਜੀ ਆਪ ਦੋ ਵਾਰ 1991 ਅਤੇ 1996 ਵਿੱਚ ਲੋਕ ਸਭਾ ਮੈਂਬਰ ਚੁਣੇ ਗਏ। ਦੱਸਣਯੋਗ ਹੈ ਕਿ 1996 ਵਿੱਚ ਪੰਜਾਬ ਦੇ ਜਿਸ ਲੋਕ ਸਭਾ ਹਲਕੇ ਹੁਸ਼ਿਆਰਪੁਰ ਤੋਂ ਬਾਬੂ ਕਾਂਸ਼ੀ ਰਾਮ ਲੋਕ ਸਭਾ ਮੈਂਬਰ ਬਣੇ ਇਸੇ ਹਲਕੇ ਤੋਂ 50 ਸਾਲ ਪਹਿਲਾਂ ਆਦਿ ਧਰਮ ਮੁਹਿੰਮ ਦੇ ਮੋਢੀ ਬਾਬੂ ਮੰਗੂ ਰਾਮ ਮੂਗੋਵਾਲੀਆ ਵਿਧਾਇਕ ਬਣੇ ਸਨ। 18 ਫਰਵਰੀ 2001 ਨੂੰ ਆਦਿ ਧਰਮ ਦੀ ਸਥਾਪਨਾ ਦੇ 75 ਸਾਲ ਹੋਣ ਤੇ ਬਹੁਜਨ ਸਮਾਜ ਪਾਰਟੀ ਵਲੋਂ ਹੁਸ਼ਿਆਰਪੁਰ ਵਿੱਚ ਇੱਕ ਵਿਸ਼ਾਲ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਬਾਬੂ ਕਾਂਸ਼ੀ ਰਾਮ ਨੇ ਆਦਿ ਧਰਮ ਮੁਹਿੰਮ ਦੇ ਸਿਧਾਂਤਾਂ ਤੇ ਚੱਲਣ ਦਾ ਸੁਨੇਹਾ ਦਿਤਾ। 1998 ਵਿੱਚ ਬਾਬੂ ਜੀ ਨੇ ਇਹ ਵਾਅਦਾ ਕੀਤਾ ਕਿ ਉਹ ਉਦੋਂ ਤੱਕ ਆਪ ਚੋਣ ਨਹੀਂ ਲੜਣਗੇ ਜਦੋਂ ਤੱਕ ਲੋਕ ਸਭਾ ਵਿੱਚ ਘਟੋ ਘੱਟ 100 ਮੈਂਬਰ ਜਿੱਤਕੇ ਨਹੀਂ ਜਾਂਦੇ ਤਾਂ ਜੋ ਦੇਸ਼ ਦੀ ਸੱਤਾ ਦੀ ਚਾਬੀ ਦਲਿਤਾਂ ਦੇ ਹੱਥਾਂ ਵਿੱਚ ਆ ਸਕੇ। ਉਸਤੋਂ ਬਾਦ ਬਹੁਜਨ ਸਮਾਜ ਪਾਰਟੀ ਬੇਸੱਕ ਪੰਜਾਬ ਵਿੱਚ ਪੂਰੀ ਤਰਾਂ ਕਾਮਯਾਬ ਨਹੀਂ ਹੋ ਸਕੀ ਪਰ ਉੱਤਰ ਪ੍ਰਦੇਸ਼ ਵਿੱਚ ਬੀ ਐਸ ਪੀ ਨੇ ਕਈ ਵਾਰ ਸਰਕਾਰ ਬਣਾਈ। ਬਾਬੂ ਕਾਂਸ਼ੀ ਰਾਮ ਜੋ ਕਿ ਸ਼ੂਗਰ ਦੀ ਬਿਮਾਰੀ ਤੋਂ ਪੀੜ੍ਹਿਤ ਸਨ ਨੂੰ 1994 ਵਿੱਚ ਦਿਲ ਦਾ ਦੌਰਾ ਪੈ ਗਿਆ। 2003 ਵਿੱਚ ਬਾਬੂ ਜੀ ਦੀ ਹਾਲਤ ਹੋਰ ਜਿਆਦਾ ਖਰਾਬ ਹੋ ਗਈ ਅਤੇ 2004 ਤੋਂ ਬਾਦ ਬਾਬੂ ਜੀ ਨੇ ਹਰ ਤਰਾਂ ਦੇ ਜਨਤਕ ਪ੍ਰੋਗਰਾਮਾਂ ਵਿੱਚ ਜਾਣਾ ਬੰਦ ਕਰ ਦਿਤਾ। ਅੰਤ ਬਾਬੂ ਜੀ ਲੰਬੀ ਬਿਮਾਰੀ ਬਾਦ ਮਿਤੀ 09 ਅਕਤੂਬਰ 2006 ਨੂੰ ਸਦੀਵੀ ਵਿਛੋੜਾ ਦੇ ਗਏ। ਬਾਬੂ ਕਾਂਸ਼ੀ ਰਾਮ ਬੇਸ਼ੱਕ ਬਹੁਜਨ ਸਮਾਜ ਪਾਰਟੀ ਨਾਲ ਹੀ ਜੁੜ੍ਹੇ ਰਹੇ ਪਰੰਤੂ ਹੁਣ ਉਨ੍ਹਾਂ ਨੂੰ ਹਰ ਰਾਜਨੀਤਿਕ ਪਾਰਟੀ ਪੂਰਾ ਮਾਣ ਸਨਮਾਨ ਦਿੰਦੀ ਹੈ। ਬਾਬੂ ਕਾਂਸ਼ੀ ਰਾਮ ਦੇ ਪਰਿਵਾਰ ਵਲੋਂ ਬਾਬੂ ਕਾਂਸ਼ੀ ਰਾਮ ਮੈਮੋਰੀਅਲ ਟਰੱਸਟ ਬਣਾਇਆ ਗਿਆ ਹੈ ਜਿਸ ਵਲੋਂ ਬਾਬੂ ਜੀ ਦੀ ਯਾਦ ਵਿੱਚ ਉਨ੍ਹਾ ਦੇ ਨਾਨਕੇ ਪਿੰਡ ਪ੍ਰਿਥੀਪੁਰ ਬੂੰਗਾ ਵਿੱਚ ਬਾਬੂ ਕਾਂਸ਼ੀ ਰਾਮ ਨਾਲ ਜੁੜ੍ਹੀਆਂ ਵਸਤਾਂ ਦੀ ਇੱਕ ਲਾਇਬ੍ਰੇਰੀ ਤਿਆਰ ਕੀਤੀ ਗਈ ਹੈ। ਬਾਬੂ ਕਾਂਸ਼ੀ ਰਾਮ ਮੈਮੋਰੀਅਲ ਟਰਸਟ ਦੇ ਚੇਅਰਮੈਨ ਅਤੇ ਬਾਬੂ ਕਾਂਸ਼ੀ ਰਾਮ ਦੀ ਭੈਣ ਸਵਰਨ ਕੌਰ ਅਤੇ ਭਾਣਜੇ ਰਵਿੰਦਰ ਸਿੰਘ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਇਸਦਾ ਨੀਂਹ ਪੱਥਰ ਉੱਤਰ ਪ੍ਰਦੇਸ਼ ਦੀ ਸਾਬਕਾ ਮੁੱਖ ਮੰਤਰੀ ਅਤੇ ਮੋਜੂਦਾ ਬੀ ਐਸ ਪੀ ਸੁਪਰੀਮੋ ਕੁਮਾਰੀ ਮਾਇਆਵਤੀ ਨੇ 01 ਅਗਸਤ, 1997 ਨੂੰ ਰੱਖਿਆ ਸੀ ਅਤੇ ਇਸਦਾ ਉਦਘਾਟਨ ਬਾਬੂ ਜੀ ਦੇ ਜਨਮ ਦਿਵਸ ਤੇ 15 ਮਾਰਚ, 2013 ਨੂੰ ਪੀ ਐਲ ਪੂਨੀਆ ਚੇਅਰਮੈਨ ਰਾਸ਼ਟਰੀ ਅਨੁਸੂਚਿਤ ਜਾਤਿ ਆਯੋਗ ਨੇ ਕੀਤਾ ਸੀ। ਦੇਸ਼ ਵਿੱਚ ਦਲਿਤ ਰਾਜਨੀਤੀ ਦਾ ਧੁਰਾ ਰਹੇ ਬਾਬੂ ਕਾਂਸ਼ੀ ਰਾਮ ਦਾ ਨਾਮ ਰਹਿੰਦੀ ਦੁਨੀਆਂ ਤੱਕ ਲੋਕਾਂ ਦੇ ਦਿਲਾਂ ਵਿੱਚ ਵਸਿਆ ਰਹੇਗਾ। ਬਾਬੂ ਕਾਂਸ਼ੀ ਰਾਮ ਬੇਸ਼ੱਕ ਬਹੁਜਨ ਸਮਾਜ ਪਾਰਟੀ ਨਾਲ ਹੀ ਜੁੜ੍ਹੇ ਰਹੇ ਪਰੰਤੂ ਹੁਣ ਉਨ੍ਹਾਂ ਨੂੰ ਹਰ ਰਾਜਨੀਤਿਕ ਪਾਰਟੀ ਪੂਰਾ ਮਾਣ ਸਨਮਾਨ ਦਿੰਦੀ ਹੈ। ਇਸ ਤਰਾਂ ਸਮੇਂ ਸਮੇਂ ਤੇ ਸਮਾਜਿਕ, ਧਾਰਮਿਕ ਅਤੇ ਵੱਖ ਵੱਖ ਪਾਰਟੀਆਂ ਦੇ ਹੋਰ ਆਗੂ ਇਸ ਟਰੱਸਟ ਵਿੱਚ ਜਾਂਦੇ ਹਨ ਅਤੇ ਬਾਬੂ ਜੀ ਦੇ ਸੰਘਰਸ਼ਮਈ ਜੀਵਨ ਤੋਂ ਸੇਧ ਲੈਂਦੇ ਹਨ। ਅੱਜ ਵੀ ਇਸ ਟਰੱਸਟ ਵਲੋਂ ਬਾਬੂ ਜੀ ਦੇ ਜਨਮ ਦਿਵਸ ਸਬੰਧੀ ਵਿਸੇਸ ਸਮਾਗਮ ਕਰਵਾਇਆ ਜਾ ਰਿਹਾ ਹੈ ਜਿਸ ਵਿੱਚ ਵੱਖ ਵੱਖ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਆਗੂ ਪਹੁੰਚ ਰਹੇ ਹਨ।





# ਦਲਿਤ ਮੁਕਤੀ ਦੇ ਰਾਹ ਦਸੇਰਾ ਬਾਬੂ ਕਾਂਸ਼ੀ ਰਾਮ ਜੀ

ਚਰਨਜੀਤ ਸਿੰਘ ਬਿਨਪਾਲਕੇ
91-98148-39944

ਦਲਿਤ ਸਮਾਜ ਦੀ ਗੁਲਾਮੀ ਦਾ ਪ੍ਰਮੁੱਖ ਕਾਰਨ ਇਹ ਹੈ ਕਿ ਇਸ ਸਮਾਜ ਨੂੰ ਅਗਵਾਈ ਦੇਣ ਵਾਲੇ ਆਗੂਆਂ ਦੀ ਬਹੁਤ ਘਾਟ ਹੈ ਜੋ ਸੂਝਵਾਨ, ਇਮਾਨਦਾਰ, ਤਿਆਗੀ, ਨਿਰਪੱਖ, ਨਿਡਰ ਅਤੇ ਨਿਰਸਵਾਰਥ ਹੋਣ ਅਤੇ ਸਮਾਜ ਨੂੰ ਇਕੱਠੇ ਕਰਕੇ ਨਾਲ ਤੋਰ ਸਕਣ। ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ 1956 ਈ: ਵਿਚ ਨਿਰਵਾਣ ਪ੍ਰਾਪਤ ਕਰਨ ਤੋਂ ਬਾਅਦ ਤੇ ਬਹੁਜਨ ਨਾਇਕ ਬਾਬੂ ਕਾਂਸ਼ੀ ਰਾਮ ਜੀ ਦੇ ਸੰਘਰਸ਼ ਆਰੰਭ ਕਰਨ ਤੱਕ ਲੰਮਾ ਸਮਾਂ ਦਲਿਤ ਸਮਾਜ ਅਜਿਹਾ ਆਗੂ ਤੋਂ ਸੱਖਣਾ ਰਿਹਾ ਹੈ। ਉੱਘੇ ਵਿਦਵਾਨ ਡਾ. ਮਹੀਪ ਸਿੰਘ ਆਪਣੇ ਲੇਖ ਦਲਿਤ ਆਪਣੇ ਮੁਕਤੀਦਾਤਾ ਆਪ ਕਿਵੇਂ ਬਣਨ ਵਿਚ ਲਿਖਦੇ ਹਨ ਕਿ ''ਕਿਸੇ ਵੀ ਦੇਸ਼ ਜਾਂ ਕਿਸੇ ਵੀ ਜਮਾਤ ਦੇ ਗੁਲਾਮ, ਪੀੜਤ ਤੇ ਦਲਿਤ ਲੋਕਾਂ ਦੇ ਜੀਵਨ ਵਿਚ ਜਦੋਂ ਵੀ ਕੋਈ ਪਰਿਵਰਤਨ ਆਉਂਦਾ ਹੈ, ਜਦੋਂ ਵੀ ਉਹਨਾਂ ਨੂੰ ਮਹਿਸੂਸ ਹੋਣ ਲੱਗ ਪੈਂਦਾ ਹੈ ਕਿ ਉਹਨਾਂ 'ਤੇ ਜ਼ੁਲਮ ਕੀਤਾ ਜਾ ਰਿਹਾ ਹੈ ਅਤੇ ਉਹਨਾਂ ਨੂੰ ਹੁਣ ਵਧੇਰੇ ਸਮੇਂ ਤੱਕ ਇਸ ਜ਼ੁਲਮ ਨੂੰ ਸਵੀਕਾਰ ਨਹੀਂ ਕਰਨਾ ਚਾਹੀਦਾ ਤਾਂ ਉਹ ਆਪਣੀ ਮੁਕਤੀ ਲਈ ਹੱਥ-ਪੈਰ ਮਾਰਨੇ ਸ਼ੁਰੂ ਕਰ ਦਿੰਦੇ ਹਨ। ਇਹ ਯਤਨ ਕਈ ਵਾਰ ਨਿੱਜੀ ਤੌਰ ਤੇ ਵਿਅਕਤੀ ਸ਼ੁਰੂ ਕਰਦੇ ਹਨ ਅਤੇ ਕਈ ਵਾਰ ਸਮੂਹਿਕ ਤੌਰ 'ਤੇ ਸ਼ੁਰੂ ਕੀਤੇ ਜਾਂਦੇ ਹਨ। ਦਲਿਤ ਸਮਾਜ ਉੱਤੇ ਇਸ ਦੇਸ਼ ਵਿਚ ਜਿਹੜੇ ਜ਼ੁਲਮ ਕਈ ਹਜ਼ਾਰ ਵਰ੍ਹਿਆਂ ਤੋਂ ਲਗਾਤਾਰ ਹੁੰਦੇ ਆਏ ਹਨ, ਉਸ ਬਾਰੇ ਵਿਰੋਧ ਦੇ ਸਵਰ ਉਭਰਦੇ ਰਹੇ ਪਰ ਉਹਨਾਂ ਨੂੰ ਕਦੀ ਵੀ ਸੰਗਠਿਤ ਸਮੂਹਿਕ ਨੁਹਾਰ ਨਹੀਂ ਮਿਲੀ।

ਜ਼ੁਲਮ ਤੇ ਅਨਿਆ ਸਹਿੰਦੇ ਹੋਏ ਕਿਸੇ ਸਮਾਜ ਵਿਚ ਚੇਤਨਤਾ ਉਤਪੰਨ ਕਰਨ ਲਈ ਕਿਸੇ ਅਜਿਹੇ ਬੰਦੇ ਦੀ ਲੋੜ ਹੁੰਦੀ ਹੈ, ਜਿਸ ਦੀ ਅਗਵਾਈ ਵਿਚ ਉਹ ਸਮਾਜ ਆਪਣੇ ਨਿਸ਼ਾਨੇ ਮਿੱਥਦਾ ਹੈ ਅਤੇ ਜਥੇਬੰਦ ਹੁੰਦਾ ਹੈ। ਅਜਿਹਾ ਆਗ ਸਾਰੀ ਲਹਿਰ ਦੀ ਪ੍ਰੇਰਨਾ ਦਾ ਸੋਮਾ ਬਣ ਜਾਂਦਾ ਹੈ। ਅੱਜ ਦੱਖਣੀ ਅਫ਼ਰੀਕਾ ਦੇ ਕਾਲੇ ਵਰਗ ਨੂੰ ਜੋ ਸਨਮਾਨ ਉਥੇ ਪ੍ਰਾਪਤ ਹੋ



ਗਿਆ ਹੈ, ਉਹ ਨੈਲਸਨ ਮੰਡੇਲਾ ਵਰਗੇ ਆਗੂ ਦੀ ਘਾਲਣਾ ਦਾ ਨਤੀਜਾ ਹੈ, ਉਸ ਨੇ ਨਸਲੀ ਵਿਤਕਰੇ ਦੇ ਖਿਲਾਫ ਚੱਲ ਰਹੀ ਮੁਹਿੰਮ ਨੂੰ ਸਿਰਫ਼ ਸੁਚੱਜੀ ਅਗਵਾਈ ਹੀ ਨਹੀਂ ਦਿੱਤੀ, ਸਗੋਂ ਉਸ ਲਈ ਤਕਰੀਬਨ 30 ਸਾਲ ਗੋਰੀ ਸਰਕਾਰ ਦੀਆਂ ਜੇਲ੍ਹਾਂ ਵਿਚ ਗੁਜ਼ਾਰੇ।

ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਤੋਂ ਬਾਅਦ ਜੇਕਰ ਕਿਸੇ ਆਗੂ ਨੇ ਦਲਿਤ ਸਮਾਜ ਨੂੰ ਸੰਗਠਿਤ ਕਰਨ ਦਾ ਯਤਨ ਕੀਤਾ ਹੈ ਤਾਂ ਉਹ ਹਨ ਬਾਬੂ ਕਾਂਸ਼ੀ ਰਾਮ ਜੀ, ਜੋ ਬਾਬਾ ਸਾਹਿਬ ਦੀ ਫਿਲਾਸਫ਼ੀ ਦਾ ਪ੍ਰਚਾਰ ਅੱਜ ਦੁਨੀਆਂ ਤੇ ਹੋ ਰਿਹਾ ਹੈ, ਉਸ ਨੂੰ ਉਜਾਗਰ ਕਰਨ ਵਾਲੇ ਬਾਬੂ ਕਾਂਸ਼ੀ ਰਾਮ ਜੀ ਹੀ ਹਨ। ਇਹਨਾਂ ਦਾ ਜਨਮ ਆਪਣੇ ਨਾਨਕੇ ਪਿੰਡ ਖਵਾਸਪੁਰ ਜ਼ਿਲ੍ਹਾ ਰੂਪਨਗਰ ਵਿਖੇ 15 ਮਾਰਚ 1934 ਨੂੰ ਗੁਰੂ ਰਵਿਦਾਸ ਸਮਾਜ (ਚਮਾਰ) ਵਿਚ ਹੋਇਆ।

ਆਪ ਜੀ ਦੇ ਪਿਤਾ ਸ੍ਰੀ ਹਰੀ ਸਿੰਘ ਅਤੇ ਮਾਤਾ ਸ੍ਰੀਮਤੀ ਬਿਸ਼ਨ ਕੌਰ ਪਿੰਡ ਖਵਾਸਪੁਰ ਜ਼ਿਲ੍ਹਾ ਰੂਪਨਗਰ ਦੇ ਵਸਨੀਕ ਸਨ। ਆਪ ਨੇ ਪ੍ਰਾਇਮਰੀ ਸਿੱਖਿਆ ਪਿੰਡ ਮਾਨਿਕਪੁਰ ਤੋਂ ਪ੍ਰਾਪਤ ਕੀਤੀ, ਦਸਵੀਂ ਕਲਾਸ ਡੀ. ਏ. ਵੀ. ਪਬਲਿਕ ਸਕੂਲ ਰੋਪੜ ਅਤੇ ਬੀ. ਐਸ. ਸੀ. ਦੀ ਡਿਗਰੀ ਸਰਕਾਰੀ ਕਾਲਜ ਰੋਪੜ ਤੋਂ ਪ੍ਰਾਪਤ ਕੀਤੀ। 1958 ਵਿਚ ਬਾਬੂ ਜੀ ਨੇ ਪੂਨਾ ਵਿਖੇ ਡਿਪਾਰਟਮੈਂਟ ਆਫ਼ ਡਿਫੈਂਸ ਪ੍ਰੋਡਕਸ਼ਨ ਰਿਸਰਚ ਐਂਡ ਡਿਵੈਲਪਮੈਂਟ ਆਰਗ਼ੇਨ-ਾਈਜ਼ੇਸ਼ਨ ਵਿਚ ਬਤੌਰ ਸਹਾਇਕ ਵਿਗਿਆਨੀ ਦੀ ਨੌਕਰੀ ਪ੍ਰਾਪਤ ਕੀਤੀ। 1965 ਵਿਚ ਡਾ. ਅੰਬੇਡਕਰ ਜੀ ਦੇ ਜਨਮ ਦਿਨ ਦੀ ਛੁੱਟੀ ਰੱਦ ਕਰਨ ਦੇ ਵਿਰੋਧ ਵਿਚ ਉਹਨਾਂ ਨੇ ਸੰਘਰਸ਼ ਕੀਤਾ। ਕਾਫੀ ਸਮਾਂ ਬਾਬਾ ਸਾਹਿਬ ਦੀ ਵਿਚਾਰਧਾਰਾ ਦਾ ਅਧਿਐਨ ਕਰਨ ਤੋਂ ਬਾਅਦ 1971 ਵਿਚ ਨੌਕਰੀ ਤੋਂ ਤਿਆਗ ਪੱਤਰ ਦੇ ਕੇ ਦਲਿਤ ਸਮਾਜ ਦੀ ਨੁਹਾਰ ਬਦਲਣ ਲਈ ਕਮਰਕੱਸਾ ਕਰ ਲਿਆ।

6 ਦਸੰਬਰ 1978 ਨੂੰ ਬਾਬੂ ਕਾਂਸ਼ੀ ਰਾਮ ਜੀ ਨੇ ਬਾਮਸੇਫ ਦੇ ਮਾਧਿਅਮ ਤੋਂ ਓ. ਬੀ. ਸੀ. ਸਮਾਜ ਲਈ ਉਹਨਾਂ ਦੀ ਜਨਸੰਖਿਆ ਦੇ ਆਧਾਰ 'ਤੇ 52 ਫੀਸਦੀ ਰਿਜ਼ਰਵੇਸ਼ਨ ਲਈ ਪੂਰੇ ਦੇਸ਼ ਵਿਚ ਅੰਦੋਲਨ ਚਲਾਇਆ।

ਜ਼ੁਲਮ ਸਹਿੰਦੇ, ਦੱਬੇ-ਕੁਚਲੇ ਗਰੀਬ ਤੇ ਪੱਛੜੇ ਵਰਗ ਦੇ ਲੋਕਾਂ ਲਈ ਆਪ ਜੀ ਨੇ ਕੁਝ ਪ੍ਰਣ ਕੀਤੇ ਕਿ ਉਹ ਆਪਣਾ ਸਾਰਾ ਜੀਵਨ ਸਾਦਗੀ ਵਿਚ ਬਤੀਤ ਕਰਨਗੇ, ਆਪਣੀ ਸ਼ਾਦੀ ਨਹੀਂ ਕਰਵਾਉਣਗੇ, ਆਪਣੀ ਕੋਈ ਨਿੱਜੀ ਸੰਪਤੀ-ਜਾਇਦਾਦ ਨਹੀਂ ਬਣਾਉਣਗੇ, ਆਪਣੇ ਪਰਿਵਾਰ ਅਤੇ ਰਿਸ਼ਤੇਦਾਰ ਸਬੰਧੀਆਂ ਨਾਲ ਮੋਹ ਨਹੀਂ ਰੱਖਣਗੇ, ਬੈਂਕ ਬੈਲੈਂਸ ਨਹੀਂ ਰੱਖਣਗੇ ਆਦਿ। ਅਕਸਰ ਉਹਨਾਂ ਦੇ ਬੈਗ ਅਤੇ ਜੇਬਾਂ ਵਿਚ ਪੈਸਿਆਂ ਦੀ ਥਾਂ ਅਖ਼ਬਾਰਾਂ ਜਾਂ ਕਾਗਜ਼-ਪੱਤਰ ਹੀ ਹੁੰਦੇ ਸਨ। ਉਹਨਾਂ ਨੇ ਦਲਿਤ ਸਮਾਜ ਵਿਚ ਆਪਣੇ ਬਲਬੂਤੇ ਤੇ ਰਾਜਨੀਤਿਕ ਸ਼ਕਤੀ ਹਾਸਲ ਕਰਨ ਤੇ ਉਸ ਨੂੰ ਸਹੀ ਢੰਗ ਨਾਲ ਵਰਤੋਂ ਕਰਨ ਦੀ ਚੇਤਨਾ ਪੈਦਾ ਕੀਤੀ।

ਅੱਜ ਸਾਰੀਆਂ ਦਲਿਤ ਰਾਜਨੀਤਿਕ ਪਾਰਟੀਆਂ ਬਹੁਜਨ ਨਾਇਕ ਬਾਬੂ ਕਾਂਸ਼ੀ ਰਾਮ ਜੀ ਨੂੰ ਆਪਣਾ ਰਾਜਨੀਤਿਕ ਰਹਿਬਰ ਮੰਨਦੀਆਂ ਹਨ। ਇਸ ਗੱਲ ਦੀ ਸਖ਼ਤ ਲੋੜ ਹੈ ਕਿ ਸਾਰੀਆਂ ਦਲਿਤ ਰਾਜਨੀਤਿਕ ਪਾਰਟੀਆਂ ਇਕ ਮੰਚ ਉੱਤੇ ਇਕੱਠੀਆਂ ਹੋਣ ਤਾਂ ਕਿ ਇਸ ਮਹਾਨ ਬਹੁਜਨ ਨਾਇਕ ਦਾ ਦਲਿਤ ਸਮਾਜ ਨੂੰ ਦੇਸ਼ ਦੇ ਹੁਕਮਰਾਨ ਬਣਾਉਣ ਦਾ ਸੁਪਨਾ ਸਾਕਾਰ ਹੋ ਸਕੇ।

# ਸ੍ਰੀ ਸ੍ਰੀ ਰਵੀ ਸ਼ੰਕਰ ਅਤੇ ਸੀਰੀਆ ਵਰਗੇ ਯੁੱਧ ਦੀ ਧਮਕੀ ?

ਸੋਮਵਾਰ ਨੂੰ ਰਾਮ ਮੰਦਰ ਮੁੱਦੇ 'ਤੇ ਸ੍ਰੀ ਸ੍ਰੀ ਰਵੀ ਸ਼ੰਕਰ ਦਾ ਬਿਆਨ ਕਿ ਭਾਰਤ ਨੂੰ ਸੀਰੀਆ ਜਿਹੇ ਹਾਲਾਤ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਜੇਕਰ ਮੰਦਿਰ ਵਿਵਾਦ ਦਾ ਸ਼ਾਂਤੀਪੂਰਵਕ ਢੰਗ ਨਾਲ ਹੱਲ ਨਹੀਂ ਹੋਇਆ । ਇਸ ਨੂੰ ਵੱਖ-ਵੱਖ ਸਿਆਸੀ ਪਾਰਟੀਆਂ ਦੇ ਨੇਤਾਵਾਂ ਨੇ ਇਸ ਨੂੰ "ਭੜਕਾਊ" ਕਿਹਾ। "ਸ੍ਰੀ ਸ੍ਰੀ ਰਵੀ ਸ਼ੰਕਰ ਨੂੰ ਅਜਿਹੇ ਭੜਕਾਊ ਬਿਆਨ ਦੇਣ ਤੋਂ ਬਚਣਾ ਚਾਹੀਦਾ ਹੈ ।

ਤਾਂ ਆਰਟ ਆਫ ਲਿਵਿੰਗ ਦੇ ਸੰਸਥਾਪਕ ਸ੍ਰੀ ਸ੍ਰੀ ਰਵੀ ਸ਼ੰਕਰ ਨੇ ਅੱਜ ਕਿਹਾ ਕਿ ਜੇ ਰਾਮ ਮੰਦਰ ਦਾ ਮੁੱਦਾ ਛੇਤੀ ਹੀ ਸੁਲਝਾਇਆ ਨਹੀਂ ਜਾਂਦਾ ਤਾਂ ਇਕ ਬਿਆਨ ਵਿਚ ਕਿਹਾ ਗਿਆ ਹੈ ਕਿ ਬਾਬਰੀ ਮਸਜਿਦ-ਰਾਮ ਜਨਮਭੂਮੀ ਵਿਵਾਦ ਵਿਚ ਹੋਰ ਵਾਧਾ ਹੋਵੇਗਾ, ਭਾਰਤ ਸੀਰੀਆ ਬਣ ਜਾਵੇਗਾ। ਇੰਡੀਆ ਟੁਡੇ ਟੀ.ਵੀ. ਦੇ ਪਦਮਜਾ ਜੋਸ਼ੀ ਨਾਲ ਇਕ ਨਿਵੇਕਲੇ ਇੰਟਰਵਿਊ ਵਿਚ, ਰਵੀ ਸ਼ੰਕਰ, ਜੋ ਲੰਬੇ ਸਮੇਂ ਤੋਂ ਰਾਮ ਮੰਦਰ ਵਿਚ ਸ਼ਾਮਲ ਵੱਖ-ਵੱਖ ਪਾਰਟੀਆਂ ਨਾਲ ਤਾਲਮੇਲ ਕਰ ਰਹੇ ਹਨ, ਨੇ ਕਿਹਾ, "ਜੇ ਰਾਮ ਮੰਦਰ ਮੁੱਦਾ ਹੱਲ ਨਹੀਂ ਹੋਇਆ ਤਾਂ ਸਾਡੇ ਕੋਲ ਇਕ ਸੀਰੀਆ ਭਾਰਤ ਵਿਚ ਹੋਵੇਗਾ।"

ਸੀਰੀਆ ਦੇ 2.1 ਕਰੋੜ ਜਨਸੰਖਿਆ ਜੋ ਪੰਜਾਬ ਨਾਲੋਂ ਕਾਫੀ ਘਟ, ਤਕਰੀਬਨ ਦੋ ਤਿਹਾਈ ਹੈ, ਹੁਣ ਤਕ ਕਰੀਬ 5 ਲੱਖ ਨਾਗਰਿਕ 8 ਸਾਲਾਂ ਤੋਂ ਚੱਲ ਰਹੇ ਘਰੇਲੂ ਯੁੱਧ ਵਿਚ ਮਾਰਿਆ ਜਾ ਚੁੱਕਾ ਹੈ । 10 ਲੱਖ ਲੋਕ ਜ਼ਖਮੀ ਅਤੇ ਬੇਘਰ ਹੋ ਚੁਕੇ ਹਨ, 12 ਲੱਖ ਲੋਕ ਸੀਰੀਆ ਛੱਡ ਬਾਹਰ ਜਾ ਚੁੱਕੇ ਹਨ। ਇਕ ਐਸਾ ਦੁਖਾਂਤ ਜੋ ਅੱਠਾਂ ਸਾਲਾਂ ਅੱਜ ਤਕ ਲਾਇਲਾਜ ਬਿਮਾਰੀ ਬਣਿਆ ਹੋਇਆ ਹੈ ਉਸਦਾ ਨਾਂ ਹੈ ਸੀਰੀਆ। ਸ੍ਰੀ ਸ੍ਰੀ ਰਵੀ ਸ਼ੰਕਰ ਨੇ ਸੀਰੀਆਦਾ ਨਾਂ ਭਾਰਤ ਨਾਲ ਜੋੜਕੇ ਭਾਵੇਂ ਬਾਬਰੀ ਮਸਜਿਦ/ਰਾਮ ਜਨਮ ਭੂਮੀ/ਬੁੱਧ ਮੱਠ ਨੂੰ ਦੇਖਾਉਣ ਦਾ ਕੰਮ ਕੀਤਾ ਹੈ, ਉਹ ਸਿੱਧੀ ਸਿੱਧੀ ਧਮਕੀ ਹੈ ।ਭਾਰਤ ਵਸਦੇ ਲੋਕਾਂ ਲਈ ਇਸ ਨਾਲੋ ਵੱਡਾ ਡਰ ਸਾਇਦ ਹੀ ਕੋਈ ਹੋਰ ਕਿਸੇ ਧਰਮ ਗੁਰੂ ਨੇ ਪੈਦਾ ਕਰਨ ਦੀ ਕੋਸ਼ਿਸ ਕੀਤੀ ਹੋਵੇ । ਸੀਰੀਆ ਅੱਜ ਪੂਰੀ ਤਰਾਂ ਨਾਲ ਬਰਬਾਦ ਹੋ ਚੁੱਕਾ ਹੈ । ਸੀਰੀਆ ਸੰਕਟ ਨੂੰ ਵੱਡੇ ਦੇਸ਼ਾ ਲਈ ਆਪਣੇ ਢੰਗ ਨਾਲ ਹੱਲ ਕਰਨਾਂ ਅਹਿਮ ਦਾ ਸਵਾਲ ਬਣਾ ਲਿਆ ਹੈ। ਵਜ੍ਹਾ ਕੋਈ ਵੀ ਹੋਵੇ, ਸੀਰੀਆਈ ਦੇ ਲੋਕ ਤਾਂ ਪਹਿਲਾਂ ਹੀਸੀਰੀਆਈ ਦੇ ਲੋਕਾਂ ਨੂੰ ਮਾਰ ਰਹੇ ਹੀ ਰਹੇ ਸਨ, ਸਗੋਂ ਬਾਹਰਲੇ ਦੇਸ਼ਾਂ ਨੇ ਵੀ ਜੋ ਇਕ ਜਾਂ ਦੂਜੀ ਧਿਰ ਦੀ ਹਮਾਇਤ ਕਰਦੇ ਹੋਏ ਉਹ ਯੁੱਧ ਵਿਚ ਸੀਰੀਆਈ ਨਾਗਰਿਕਾਂ ਨੂੰ ਹੀ ਮਾਰਰਹੇ ਹਨ।

ਹਾਲ ਹੀ ਵਿਚ, ਰਵੀ ਸ਼ੰਕਰ ਨੇ ਆਲ ਇੰਡੀਆ ਮੁਸਲਿਮ ਪਰਸਨਲ ਲਾਅ ਬੋਰਡ (ਏ ਆਈ ਐਮ ਐਲ ਐਲ ਬੀ) ਦੇ ਮੈਂਬਰ ਸਈਅਦ ਸਲਮਾਨ ਹੁਸੈਨ ਨਦਵੀ ਨਾਲ ਗਲਬਾਤ ਕੀਤੀ ਸੀ ।ਜਿਸ ਨੂੰ ਮੁਸਲਿਮ ਸੰਸਥਾ ਨੇ ਇਹ ਕਹਿ ਕੇ ਕੱਢ ਦਿੱਤਾ ਕਿ ਉਸ ਨੇ ਸ੍ਰੀ ਸ੍ਰੀ ਰਵੀ ਸ਼ੰਕਰ ਨਾਲ ਗਲਬਾਤ ਕਰਨ ਦੌਰਾਨ ਕਿਹਾ ਸੀ ਕਿ ਇਕ ਮਸਜਿਦ ਦੂਜੇ ਸਥਾਨ ਉਤੇ ਲੈ ਜਾਣ ਨੂੰ ਸ਼ਰੀਆ ਕਾਨੂੰਨ ਦੀ ਆਗਿਆ ਦੇ ਅਧੀਨ ਆਉਂਦਾ ਹੈ। ਇੰਡੀਆ ਟੂਡੇ ਨਾਲ ਇੰਟਰਵਿਊ ਵਿਚ ਦ ਆਰਟ ਆਫ ਲਿਵਿੰਗ ਦੇ ਸੰਸਥਾਪਕ ਨੇ ਪੈਸੇ ਦੇ ਲੈਣ ਦੇਣ ਤੋਂ ਇਨਕਾਰ ਕੀਤਾ। ਰਵੀ ਸ਼ੰਕਰ ਨੇ ਪੈਸੇ ਦੇਲੈਣ ਦੇ ਦੋਸ਼ਾਂ 'ਝੂਠੇ ਇਲਜ਼ਾਮ ਦਸਿਆ ਸੀ।

ਸ੍ਰੀ ਸ੍ਰੀ ਰਵੀ ਸ਼ੰਕਰ ਦੇ ਸੀਰੀਆ ਵਾਲੇ ਬਿਆਨ ਦਾ ਵਿਵਾਦ ਦੁਰਭਾਗਪੂਰਨ ਹੈ। ਇਹ ਸਿਧੇ ਤੌਰ ਸ੍ਰੀ ਸ੍ਰੀ ਰਵੀ ਸ਼ੰਕਰ ਦੇ ਅਪਣੇ ਸਟਾਈਲ ਵਿਚ ਧਮਕੀ ਭਰਿਆ ਸੁਝਾਉ ਹੈ। ਇਹ ਸੋਭਾ ਨਹੀਂ ਦਿੰਦਾ। ਬੋਧੀ ਲੋਕਾਂ ਦਾ ਮੰਨਣਾ ਹੈ ਕਿ ਇਹ ਇਕ ਬੋਧੀ ਮੱਠ ਸੀ ਬੁੱਧ ਧਰਮ ਨੂੰ ਸ਼ਾਜਿਸ ਤਹਿਤ ਕੰਮਜੋਰ ਕਰਨ ਪਿਛੌ, ਸਮੇਂ ਦੇ ਸ਼ਾਸਕ ਇਸ ਉਤੇ ਕਬਿਜ ਹੁੰਦੇ ਰਹੇ। ਭਾਰਤ ਦੇ ਬਹੁਤ ਸਾਰੇ, ਕਰੋੜਾਂ ਦਾ ਦੇ ਚੜਾਵੇ ਵਾਲੇ ਮੰਦਰਾਂ ਨੂੰ ਤਾਂ ਭਾਰਤ ਦਾ ਪੁਰਾਤਤਿਵ ਵਿਭਾਗ ਵੀ ਕਹਿ ਚੁੱਕਾ ਹੈ ਕਿ ਉਹ ਪਹਿਲਾਂ ਬੋਧੀ ਮੱਠ ਹੀ ਸਨ ।

ਸੀਰੀਆ ਵਿਚ ਅਸ਼ਾਂਤੀ 2011 ਦੇ ਅਰਬ-ਅਸੰਤੋਸ਼ ਲੋਕਾਂ ਦੇ ਪ੍ਰਦਰਸ਼ਨਾਂ ਦੀ ਇਕ ਵੱਡੀ ਲਹਿਰ ਦਾ ਇਕ ਹਿੱਸਾ ਸੀ, ਉਹ ਰਾਸ਼ਟਰਪਤੀ ਅਸਦ ਦੀ ਸਰਕਾਰ ਨਾਲ ਅਸੰਤੁਸ਼ਟ ਹੋਏ, ਕੁਰਦ ਅਤੇ ਉਹਨਾਂ ਦੇ ਕੱਢੇ ਜਾਣ ਦੇ ਵਿਰੋਧ ਵਿਚ ਹਥਿਆਰਬੰਦ ਸੰਘਰਸ਼ ਵਿਚ ਵਾਧਾ ਹੋ ਗਿਆ। ਇਹ ਯੁੱਧ ਕਈ ਹਿੱਸਿਆਂ ਨਾਲ ਲੜਿਆ ਜਾ ਰਿਹਾ ਹੈ। ਸੀਰੀਆਈ ਸਰਕਾਰ ਅਤੇ ਇਸਦੇ ਸਹਿਯੋਗੀਆਂ, ਸੁੰਨੀ ਅਰਬ ਬਾਗ਼ੀਆਂ ਦੇ ਸਮੂਹਾਂ (ਅਜ਼ਾਦ ਸੀਰੀਆ ਫ਼ੌਜ ਸਮੇਤ), ਬਹੁ-ਗਿਣਤੀ ਕੁਰਦੀ ਸੀਰੀਅਨ ਡੈਮੋਕਰੇਟਿਕ ਫੋਰਸਿਜ਼ (ਐਸਡੀਐਫ), ਸਲਫੀ ਜਿਹਾਦੀ ਸਮੂਹ (ਅਲ- ਨੁਸਰਾ ਫਰੰਟ) ਅਤੇ ਇਸਲਾਮੀ ਸਟੇਟ ਆਫ ਇਰਾਕ ਅਤੇ ਲੇਵੈਂਟ (ਆਈਐਸਆਈਐਲ), ਜਿਸ ਵਿੱਚ ਖੇਤਰ ਅਤੇ ਇਸ ਤੋਂ ਇਲਾਵਾ ਬਹੁਤ ਸਾਰੇ ਦੇਸ਼ਾਂ ਨਾਲ ਸਿੱਧੇ ਤੌਰ 'ਤੇ ਸ਼ਾਮਲ ਹਨ, ਉਹ ਜਾਂ ਇੱਕ ਜਾਂ ਦੂਜੇ ਸਮੂਹ ਨੂੰ ਸਮਰਥਨ ਪ੍ਰਦਾਨ ਕਰਦੇ ਹਨ ।



ਸੀਰੀਆ ਦੇ ਬੈਥਿਸਟ ਸਰਕਾਰ ਲਈ ਸਮਰਥਨ ਵਿਚ:- ਰੂਸ, ਈਰਾਨ, ਹਿਜ਼ਬੁੱਲਾ, ਇਰਾਕ, ਕੰਪਨੀਆਂ ।

ਸੀਰੀਆ ਸਰਕਾਰ ਦਾ ਵਿਰੋਧ ਕਰਨ ਵਾਲੀਆਂ ਤਾਕਤਾਂ ਲਈ ਸਮਰਥਨ ਵਿਚ :- ਯੂਨਾਈਟਿਡ ਸਟੇਟਸ, ਯੂਨਾਈਟਿਡ ਕਿੰਗਡਮ, ਫਰਾਂਸ, ਟਰਕੀ, ਅਰਬ ਲੀਗ, ਗ਼ੈਰ-ਰਾਜ ਸਮੂਹਾਂ ਤੋਂ ਸਹਾਇਤਾ ।

ਰਵੀ ਸ਼ੰਕਰ ਨੇ ਸੁਝਾਅ ਵੀ ਰੱਦ ਕਰ ਦਿੱਤੇ ਹਨ ਕਿ 6 ਦਸੰਬਰ, 1992 ਨੂੰ ਇਕ ਹਿੰਦੂ ਜਮਾਤ ਨੇ ਮੁਗਲ-ਯੁੱਗ ਦੀ ਮਸਜਿਦ ਨੂੰ ਢਾਹਿਆ ਸੀ, ਜਿੱਥੇ ਇਕ ਵਿਵਾਦਗ੍ਰਸਤ ਸਾਈਟ 'ਤੇ ਇਕ ਹਸਪਤਾਲ ਦੀ ਤਰ੍ਹਾਂ ਜਨਤਕ ਉਪਯੋਗੀ ਦੀ ਉਸਾਰੀ ਕੀਤੀ ਜਾਣੀ ਚਾਹੀਦੀ ਹੈ। ਅਯੁੱਧਿਆ ਦਾ ਵਿਵਾਦ ਉਸੇ ਜ਼ਮੀਨ' ਉਤੇ ਕੇਂਦਰਤ ਹੈ, ਜਿਸ ਦਾ ਹਿੰਦੂ ਦਾਅਵਾ ਕਰਦੇ ਹਨ ਕਿ ਉਦ ਹੀ ਰਾਮ ਦਾ ਜਨਮ ਅਸਥਾਨ ਹੈ।

ਪਿਛਲੇ ਇਕ ਸਾਲ ਵਿਚ, ਰਵੀ ਸ਼ੰਕਰ ਨੇ ਅਯੋਧਿਆ ਵਿਵਾਦ ਨੂੰ ਅਦਾਲਤ ਦੇ ਬਾਹਰ ਸਮਝੌਤੇ ਲਈ ਨਿੱਜੀ ਤੌਰ 'ਤੇ ਜਾਂ ਵੀਡੀਓ ਕਾਨਫਰੰਸ ਰਾਹੀਂ ਅਯੋਧਿਆ, ਬੰਗਲੌਰ, ਲਖਨਊ, ਦਿੱਲੀ, ਹੈਦਰਾਬਾਦ ਅਤੇ ਚੇਨਈ ਵਿਚ 500 ਤੋਂ ਵੱਧ ਨੇਤਾਵਾਂ ਨਾਲ ਗੱਲਬਾਤ ਕੀਤੀ ਹੈ।

ਸ੍ਰੀ ਸ੍ਰੀ ਰਵੀ ਸ਼ੰਕਰ ਨੇ ਕਿਹਾ, "ਕੁਝ ਲੋਕ ਮੇਰੇ ਯਤਨਾਂ ਦਾ ਵਿਰੋਧ ਕਰ ਰਹੇ ਹਨ ਕਿਉਂਕਿ ਉਹ ਸੰਘਰਸ਼ ਦੇ ਵਿੱਚੋਂ ਉਭਰੇ ਹਨ। ਸਾਰੇ ਲੋਕ ਅਦਾਲਤ ਦੇ ਫੈਸਲੇ ਨਾਲ ਸਹਿਮਤ ਨਹੀਂ ਹੋਣਗੇ।"

ਸੀਰੀਆ ਦੇ ਹਾਲਾਤ ਦਾ ਭਾਰਤ ਨਾਲ ਕੀ ਮੇਲ ਹੈ ਕਿਉਂ ਕਿਹਾ ਕੀ ਭਾਰਤ ਵਿਚ ਸੀਰੀਆ ਵਾਲਾ ਮਹੌਲ ਹੋ ਸਕਦਾ ਹੈ ਜਾਨਣ ਦੀ ਲੋੜ ਹੈ। ਧਰਮ ਗੁਰੂ ਦੀ ਗੱਲ ਦਾ ਕੀ ਮਤਲਵ ਹੈ । ਲਾਜ਼ਮੀ ਤੌਰ ਉਤੇ ਇਸ ਨੂੰ ਜਾਨਣ ਦੀ ਲੋੜ ਹੈ। ਕਿਦਾਂ ਭਾਰਤ ਦੇ ਹਾਲਾਤ ਸੀਰੀਆ ਨਾਲ ਉਹਨਾਂ ਮਿਲਾ ਕੇ ਗੱਲ ਕੀਤੀ ਹੈ।

ਲੜਾਈ ਹਮੇਸ਼ਾ ਤੋਂ ਕਟੜ ਪੰਥੀ ਅਤੇ ਸੁਧਾਰਵਾਦੀਆਂ ਵਿਚ ਅਕਸ਼ਰ ਹੁੰਦੀ ਰਹਿੰਦੀ ਹੈ। ਹਰ ਇਕ ਮਨੁਖ ਦਾ ਜੀਵਨ ਕੁੱਝ ਪੱਕੀਆਂ ਧਾਰਨਾਵਾਂ ਅਤੇ ਕੁੱਝ ਸਮੇ ਦੇ ਬਦਲਾਉ ਨਾਲ ਨਵੇਂ ਸੁਧਾਰਾਂ ਨੂੰ ਸਥਾਨ ਦੇਣ ਵਾਲੇ ਸੁਧਾਰਵਾਦੀ ਵਿਚਾਰਾਂ ਦੇ ਅਧਾਰਤ ਅੱਗੇ ਵਧਦਾ ਆਇਆ ਹੈ । ਪੱਕੀਆਂ ਧਾਰਨਾਵਾਂ ਸਮਾਜਿਕ, ਧਾਰਮਿਕ, ਖੇਤਰੀ ਜਾਂ ਕਈ ਹੋਰ ਤਰਾਂ ਦੀਆਂ ਹੋ ਸਕਦੀਆਂ ਹਨ। ਬੁੱਧ ਧਰਮ ਨੂੰ ਛੱਡਕੇ ਮੇਰੀ ਜਾਣਕਾਰੀ ਵਿਚ ਨਹੀਂ ਕਿ ਸਮੇ ਅਨੁਸਾਰ ਇਨਸਾਨੀਅਤ ਭਲਾਈ ਨੂੰ ਮੁੱਖ ਰਖਦੇ ਹੋਏ ਸਮੇ ਅਨੁਸਾਰ ਧਾਰਮਿਕ ਸੋਚ ਦੇ ਬਦਲਾਉ ਨੂੰ ਅਪਣਾਉਂਦਾ ਹੋਵੇ, ਸਵੀਕਾਰ ਅੱਗੇ ਵਧਣ ਲਈ ਸਵਾਗਤ ਕਰਦਾ ਹੋਵੇ।

ਭਾਰਤ ਵਿਚ ਨਿਮਨ ਪਧਰ ਦੀ ਕਟੜਪੰਥੀ ਸੋਚ ਦੇ ਦਿਸ਼ਾ ਨਿਰਦੇਸ਼ਤ ਸੋਚ ਵਾਲੇ ਬਹੁਤ ਕਰਕੇ ਸਦੀਆਂ ਤੋਂ ਕਾਰਵਾਈਆਂ ਕਰਦੇ ਆ ਰਹੇ ਹਨ । ਸਮਾਜ਼ ਨੂੰ 4 ਵਰਣਾਂ ਵਿਚ ਵੰਡ ਇਕ ਸਮਾਜ ਦੇ ਵੱਡੇ ਹਿਸੇ ਨੂੰ ਸ਼ੂਦਰ ਅਤੇ ਦੂਜੇ ਨੂੰ ਅਛੂਤ ਬਣਾਕੇ ਲੁੱਟ ਦਾ ਜਨਮ ਸਿਧ ਅਧਿਕਾਰ ਮੰਨਦੇ ਆ ਰਹੇ ਹਨ। ਉਹ ਲੋਕ ਸਮੇ ਸਮੇ ਤੇ ਆਪਣੇ ਆਪ ਜਾਂ ਜਿਆਦਾ ਕਰਕੇ ਸ਼ੂਦਰ ਅਤੇ ਅਛੂਤ ਸਮਾਜ ਨੂੰ ਆਪਸ ਵਿਚ ਲੜਾ ਕੇ ਆਪਣਾ ਸਤ੍ਹਾ ਪ੍ਰਾਪਤੀ ਦਾ ਮਕਸਦ ਪੂਰਾ ਕਰਦੇ ਆ ਰਹੇ ਹਨ। ਸਮੇ ਸਮੇ ਤੇ ਕੁੱਝ ਅਭੋਲ ਜਾਂ ਸ਼ਰਾਰਤੀ ਕਿਸਮ ਦੇ ਬੱਚਿਆਂ ਅਤੇ ਨੌਜਵਾਨਾਂ ਨੂੰ ਉਕਸਾਕੇ ਭੜਕਾਕੇ ਇਕ ਫਿਰਕੇ ਦੇ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਂਦੇ ਰਹਿੰਦੇ ਹਨ, ਉਧਾਰਨ ਦੇ ਤੌਰ ਤੇ ਡਾ. ਅੰਬੇਡਕਰ ਦੇ ਬੁੱਤਾਂ ਨੂੰ ਨੁਕਸਾਨ ਕਰਦੇ ਵੀਡੀਓ, ਤਸਵੀਰਾਂ ਵਟਸਅੱਪ ਉਤੇ ਪਾਉਣਾ ਉਹਨਾਂ ਲਈ ਆਮ ਗਲ ਹੈ। ਸਾਜਿਸ ਰਚਣ ਵਾਲੇ ਕੌਣ ਲੋਕੀ ਹਨ, ਬਿਨਾਂ ਨਾਂ ਲਏ ਬਹੁਗਿਣਤੀ ਲੋਕਾਂ ਦੇ ਚਿਹਰਿਆਂ ਤੋਂ ਪੜ੍ਹ ਸਕਦੇ ਹਾਂ।

ਜੋ ਸ਼ੀਰੀਆ ਦੈ ਘਰੇਲੂ ਯੁੱਧ ਦੇ ਬਹੁਤ ਸਾਰੇ ਕਾਰਨ ਹਨ, ਪਰ ਪ੍ਰਮੁੱਖ ਤੌਰ ਤੇ ਕਟੜਵਾਦੀ ਅਤੇ ਉਸ ਦੇ ਸਹਾਇਕਾਂ ਦੀ ਘਰੇਲੂ ਜ਼ੰਗ ਵਿਚ ਇਕ ਧਿਰ ਹੀ ਹੈ। ਲਾਜ਼ਮੀ ਤੌਰ ਤੇ ਦੂਜੀ ਧਿਰ ਸੁਧਾਰਵਾਦੀ ਅਤੇ ਉਹਨਾਂ ਦੇ ਸਹਿਯੋਗੀ ਦੀ ਹੈ। ਤੀਜੇ ਸੀਰੀਆ ਤੋਂ ਬਾਹਰਲੇ ਦੇਸ਼, ਕੁੱਝ ਸਤ੍ਹਾ ਪੱਖੀ ਅਤੇ ਕੁੱਝ ਸਤ੍ਹਾ ਵਿਰੋਧੀਆਂ ਦੇ ਪੱਖ ਵਿਚ ਹਨ, ਉਹ ਵੀ ਭੂਮਿਕਾ ਰਖਦੇ ਹਨ। ਇਕ ਅੰਦਾਜੇ ਅਨੁਸਾਰ ਦੋਨੋਂ ਪੱਖਾਂ ਤੋਂ ਲੜਨ ਵਾਲੇ ਗਰੁੱਪਾਂ ਦੀ ਗਿਣਤੀ 75 ਜਾਂ ਇਸ ਤੋਂ ਵੱਧ ਹੋ ਸਕਦੀ ਹੈ।

ਸ਼ੀਰੀਆ ਦੀਆਂ ਪ੍ਰਸਥਿਤੀਆਂ ਦੇਖਦੇ ਹਾਂ ਕਿਦਾਂ ਭਾਰਤ ਵਾਲ ਮੇਲ ਖਾਂਦੀਆਂ ਹਨ । ਸ਼ੀਰੀਆ ਵਿਚ ਘਰੇਲੂ ਯੁੱਧ ਦੇ ਕਈ ਕਾਰਨ ਬਣੇ ਜਿਵੇਂ ਕਿ ਬੇਰੁਜਗਾਰੀ, ਕਿਸਾਨਾਂ ਦੀ ਦੁਰਦਸ਼ਾ, ਸੋਕਾ, ਮਹਿੰਗਾਈ, ਪੀਣ ਵਾਲੇ ਪਾਣੀ ਦੀ ਕਿਲੱਤ, ਕਈ ਤਰਾਂ ਦੇ ਜੰਤਾ ਉਤੇ ਪ੍ਰਤੀਬੰਧ, ਮਨੁੱਖੀ ਅਧਿਕਾਰਾਂ ਦਾ ਹਨਨ, ਕੱਟੜ ਪੰਥੀਆਂ ਵਲੋਂ ਸਵਿਧਾਨਿਕ ਸੋਧ ਦਾ ਵਿਰੋਧ ਕਰਨਾ (ਜੋ ਸੋਧ ਕਿ ਕਿਸੇ ਗੈਰ ਮੁਸਲਿਮ ਨੂੰ ਵੀ ਬਣਾਇਆ ਜਾ ਸਕਦਾ ਹੈ) ਆਦਿ ਕਈ ਕਾਰਨ ਬਣੇ ।ਭਾਰਤ ਵਿਚ ਵੀ ਬੇਰੁਜ਼ਗਾਰੀ, ਕਿਸਾਨਾਂ ਦੀ ਦੁਰਦਸ਼ਾ, , ਮਹਿੰਗਾਈ, ਸੋਕਾ ਅਤੇ ਪੀਣ ਵਾਸੇ ਪਾਣੀ ਦੀ ਕਿਲੱਤ, ਕਈ ਤਰਾਂ ਦੇ ਜੰਤਾ ਉਤੇ ਪ੍ਰਤੀਬੰਧ, ਮੀਡੀਆ ਦੀ ਗੁਲਾਮੀ, ਟੈਕਸਾਂ ਦੀ ਭਰਮਾਰ, ਇਨਸਾਫ ਸਤ੍ਹਾ ਪ੍ਰਭਾਵਿਤ, ਮਨੁੱਖੀ ਅਧਿਕਾਰਾਂ ਦਾ ਹਨਨ, ਕੱਟੜ ਪੰਥੀਆਂ ਵਲੋਂ ਸਵਿਧਾਨਿਕ ਸੋਧ ਦੀ ਕੋਸ਼ਿਸ਼, ਧਾਰਮਿਕ ਕੱਟੜਤਾ ਸਭ ਕੁੱਝ ਸੀਰੀਆ ਨਾਲ ਮੇਲ ਖਾਂਦੇ ਹਨ।



ਹਰਦੀਪ ਸਿੰਘ ਚੁੰਬਰ
+91-94636-01616

ਉਸੇ ਸੋਚ ਦੇ ਧਾਰਨੀ ਲੋਕਾਂ ਨੇ ਲੈਨਿਨ, ਪੇਰੀਅਰ ਰਾਮਾਂਸਵਾਮੀ ਦੇ ਬੁੱਤ ਨੂੰ ਢਾਹੁਣ ਦੀ ਹਰਕਤ ਕੀਤੀ ਇਹ ਅਨੋਖੀ ਗਲ ਨਹੀ। ਜੋ ਵੀ ਹੈ ਇਹ ਕਟੜਵਾਦ ਹੈ । ਹਿੰਦੂ ਧਰਮ ਗੁਰੂ ਲੋਕ ਜਿਆਦਾਤਰ ਇਸ ਘਿਨੌਣੇ ਕੰਮ ਦਾ ਜਾਂ ਤਾਂ ਸਮਰਥਨ ਕਰਦੇ ਹਨ ਜਾਂ ਫਿਰ ਚੁੱਪ ਰਹਿਕੇ ਉਸ ਕੰਮ ਵਿਚ ਸਹਿਮਤੀ ਜਿਤਾਉਂਦੇ ਹਨ। ਭਾਰਤ ਵਿਚ ਬਾਹਰ ਤੋਂ ਆਏ ਆਰੀਆ ਹਿੰਦੂ ਅਤੇ ਮੁਗ਼ਲ/ਮੁਸਲਮਾਨ, ਭਾਰਤੀ ਮੂਲਨਿਵਾਸੀ ਬੋਧੀ ਲੋਕਾਂ ਦੇ ਬਣਾਏ ਮੱਠ ਉਤੇ ਆਪਣੇ ਹੱਕ ਲਈ ਲੜ ਮਰ ਰਹੇ ਹਨ, ਸਰਵ ਧਰਮ ਸਨਮਾਨ ਕਰਨ ਵਾਲੇ ਰਾਸ਼ਟਰ ਭਾਰਤ ਨੂੰ ਹਿੰਦੂ ਧਰਮ ਦਾ ਝੋਲੀ ਵਿਚ ਰਖਣ ਲਈ ਹਿੰਦੂਸਤਾਨ ਬਨਾਉਣ ਲਈ ਕੁੱਝ ਵੀ ਕਰਨ ਲਈ ਤਿਆਰ ਹਨ। ਅਗਰ ਇਹ ਹੁੰਦਾ ਹੈ ਤਾਂ ਭਾਰਤ ਨੂੰ ਇਕ ਰਾਸ਼ਟਰ ਬਣਕੇ ਰਹਿਣਾ ਸੰਭਵ ਨਹੀਂ । ਉਤਰ ਵਿਚ ਕਸ਼ਮੀਰ, ਪੂਰਬ ਦੇ ਕਈ ਰਾਜ, ਦੱਖਣ ਦੇ ਕਈ ਸਟੇਟ ਵੱਖ ਹੋਣ ਦਾ ਕਈ ਸਾਲਾਂ ਮਸਲੇ ਨੂੰ ਹਵਾ ਦੇ ਰਹੇ ਹਨ । ਖਾਲਿਸਤਾਨ ਦਾ ਮੁਦਾ ਜੋ ਠੰਡੇ ਬਸਤੇ ਵਿਚ ਹੈ ਬਾਹਰ ਆਉਣ ਨੂੰ ਸਮਾ ਨਹੀਂ ਲਗੇਗਾ । ਗਾਂਧੀ ਪਾਕਿਸਤਾਨ ਬਣਾਏ ਜਾਣ ਲਈ ਸਹਿਮਤ ਸੀ ਨੇ ਡਾ.ਅੰਬੇਡਕਰ ਨਾਲ ਸ਼ੂਦਰਾ ਲਈ ਵੱਧ ਅਧਿਕਾਰ ਦੇਣ ਦੇ ਵਾਅਦੇ ਨਾਲ ਵਖਰੇ ਹੋਣ ਦੀ ਸੋਚ ਨੂੰ ਹਵਾ ਨਹੀਂ ਲਗਣ ਦਿਤੀ ।ਫਿਰ 1947 ਵਿਚ 35 ਕਰੋੜ ਭਾਰਤੀਆਂ ਵਿਚੋਂ 7 ਕਰੋੜ ਅਨਟੱਚਏਬਲ-ਸ਼ੂਦਰ ਵੱਖਰਾ ਸ਼ੂਦਰਸਤਾਨ ਮੰਗ ਲੈ ਬਾਹਰ ਆ ਸਕਦਾ ਹੈ। ਸਤ੍ਹਾ ਪ੍ਰਾਪਤੀ ਲਈ ਝੂਠ ਝੂਠੇ ਵਾਅਦੇ, ਵਾਅਦੇ ਕਰ ਮੁਕਰ ਜਾਣਾ, ਵਾਅਦਿਆਂ ਨੂੰ ਜੁਮਲੇ ਦਸਣਾ, ਚੋਣਾ ਦੀ ਪਾਰਦਰਸ਼ਤਾ ਦੀ ਘਾਟ, ਵਿਰੋਧ ਨੂੰ ਸੁਣ ਹੱਲ ਕਢਣ ਨਾਲੋਂ ਵਿਰੋਧੀ ਅਵਾਜ਼ ਬੰਦ ਕਰਨ ਨੂੰ ਪਹਿਲ ਸਭ ਗਲਤ ਦਿਸ਼ਾ ਵਲ ਜਾਣ ਦੇ ਰਸਤੇ ਹਨ । ਮੰਦਰ ਮਸਜਿਦ ਮਾਮਲਾ ਭਾਰਤ ਦੀ ਸਤ੍ਹਾ ਹਥਿਆਉਣ ਤਕ ਹੀ ਕਾਰਗਰ ਰਹਿ ਸਕਦਾ ਹੈ ਇਸ ਤੋਂ ਅਗੇ ਵਧਿਆਂ ਜੋ ਇਸ਼ਾਰਾ ਸ੍ਰੀ ਸ੍ਰੀ ਰਵੀ ਸ਼ੰਕਰ ਨੇ ਕੀਤਾ ਹੈ ਭਾਰਤ ਦੇ ਭਵਿਖ ਲਈ ਬਹੁਤ ਘਿਨਾਉਣਾ ਮੰਜ਼ਰ ਦਿਖਾਣ ਵੱਲ ਇਸ਼ਾਰਾ ਹੈ । ਇਸ ਨਾਲੋਂ ਵੱਧ ਮਾੜਾ ਭਾਰਤ ਲਈ ਕੁੱਝ ਵੀ ਨਹੀਂ ਹੋਵੇਗਾ। ਕੋਈ ਵੀ ਦੋਸ਼ ਕਿਸੇ ਦਾ ਵੀ ਨਹੀਂ, ਸਭ ਆਪਣੇ ਵਪਾਰ ਕਰਦੇ ਹਨ। ਇਨਸਾਨੀਅਤ ਪੱਖੀ ਕੋਈ ਵੀ ਨਹੀ। ਅਗਰ ਇਨਸਾਨੀਅਤ ਪੱਖੀ ਹੋਣ ਸੀਰੀਆਈ ਨਾਗਰਿਕਾਂ ਨੂੰ ਕਿਉਂ ਮਾਰਨ ਜਾਂ ਮਰਦੇ ਦੇਖਣ ਜੋ ਵੀ ਹੈ ਮਰਦੇ ਤਾਂ ਇਨਸਾਨ ਹੀ ਹਨ। ਇਸ ਲਈ ਸਮੁੱਚੇ ਭਾਰਤੀਆਂ ਨੂੰ ਸਿਰਫ ਭਾਰਤੀ ਸੈਕੂਲਰ ਸੋਚ ਰਖਦੇ ਹੋਏ ਹੋਏ ਹਰ ਮਸਲੇ ਦਾ ਇਮਾਨਦਾਰੀ ਨਾਲ ਰਲ ਕਢਣਾ ਹੋਵੇਗਾ। ਇਨਸਾਨ ਦੇ ਜਿੰਦਾ ਰਹਿਣ ਨਾਲ ਹੀ ਇਨਸਾਨੀਅਤ ਅਤੇ ਧਰਮ ਜਿੰਦਾ ਰਹਿ ਸਕਦੇ ਹਨ।

# ਅਣਜਾਣੇ ਰਾਹ ਤੁਰ ਗਿਆ ਫ਼ੱਕਰ...

ਕੀਰ ਸ਼ਬਦ ਕਹਿਣਾ ਜਿੰਨਾ ਸੌਖਾ ਹੁੰਦਾ ਹੈ, ਬਣਨਾ ਓਨਾ ਹੀ ਔਖਾ ਹੁੰਦਾ ਹੈ। ਇਸ ਲਈ ਘਰ ਘਾਟ ਛੱਡ ਕੇ ਜੰਗਲਾਂ, ਮਾਰੂਥਲਾਂ ਅਤੇ ਬੀਆਬਾਨ ਵਿੱਚ ਭਟਕਣਾ ਪੈਂਦਾ ਹੈ। ਆਪਣੇ ਅੰਦਰ ਬਲਦੀ ਭਟਕਣ ਦੀ ਅੱਗ ਨੂੰ ਠੰਢਾ ਤਰੀਕਾ ਦੇਣਾ ਪੈਂਦਾ ਹੈ ਤਾਂ ਜਾ ਕੇ ਫ਼ਕੀਰੀ ਨਸੀਬ ਹੁੰਦੀ ਹੈ। ਉਹ ਵੀ ਤਾਂ ਇਕ ਫ਼ਕੀਰ ਹੀ ਸੀ ਜੋ ਸਾਥੋਂ ਵਿੱਛੜ ਗਿਆ। ਕਈਆਂ ਦਾ ਮਿੱਤਰ ਤੇ ਕਈਆਂ ਦਾ ਪਿਆਰਾ ਉਸਤਾਦ ਪਿਆਰੇ ਲਾਲ ਵਡਾਲੀ।

ਉਸ ਦਾ ਪਿੰਡ ਗੁਰੂ ਕੀ ਵਡਾਲੀ, ਅੰਮ੍ਰਿਤਸਰੋਂ

ਹਰਿੰਦਰ ਸਿੰਘ ਸੋਹਲ

ਮਸਾਂ ਦਸ ਕਿਲੋਮੀਟਰ ਦੀ ਵਿੱਥ 'ਤੇ ਹੈ ਜਿੱਥੇ ਉਹ 1949 ਵਿੱਚ ਪਿਤਾ ਠਾਕੁਰ ਦਾਸ ਤੇ ਮਾਤਾ ਭਾਨ ਕੌਰ ਦੇ ਘਰ ਪੈਦਾ ਹੋਇਆ ਤੇ ਆਪਣੇ ਵੱਡੇ ਵੀਰ ਪੂਰਨ ਚੰਦ ਵਡਾਲੀ ਦੀ ਉਂਗਲ ਫੜ ਤੁਰਨਾ ਸਿੱਖਿਆ। ਦੋਵੇਂ ਭਰਾ ਇਕੱਠੇ ਵਡਾਲੀ ਪਿੰਡ ਦੀਆਂ ਪੈਲੀਆਂ ਦੇ ਬੰਨੇ ਵੱਟਾਂ 'ਤੇ ਖੇਡਦੇ ਵੱਡੇ ਹੋਏ। ਪੂਰਨ ਚੰਦ ਵਡਾਲੀ ਨੂੰ ਪਹਿਲਵਾਨੀ ਦਾ ਸ਼ੌਕ ਸੀ ਤੇ ਪਿਆਰੇ ਲਾਲ ਵਡਾਲੀ ਪਿੰਡ ਵਿੱਚ ਹੁੰਦੀ ਰਾਸਲੀਲਾ ਵਿੱਚ ਕ੍ਰਿਸ਼ਨ ਦਾ ਕਿਰਦਾਰ ਨਿਭਾਉਂਦੇ, ਪਰ ਪਿਤਾ ਠਾਕੁਰ ਦਾਸ ਚਾਹੁੰਦੇ ਸਨ ਕਿ ਦੋਵੇਂ ਭਰਾ ਸੰਗੀਤ ਸਿੱਖਣ ਤੇ ਦੁਨੀਆਂ ਵਿੱਚ ਨਾਂ ਕਮਾਉਣ। ਜ਼ਿਕਰਯੋਗ ਹੈ ਕਿ ਬਹੁਤ ਘੱਟ ਮਿਸਾਲ ਮਿਲਦੀ ਹੈ ਕਿ ਕਿਸੇ ਛੋਟੇ ਭਰਾ ਨੇ ਆਪਣੇ ਵੱਡੇ ਭਰਾ ਨੂੰ ਸੰਗੀਤ ਸਿੱਖਣ ਲਈ ਪ੍ਰੇਰਿਆ ਹੋਵੇ। ਛੋਟੇ ਭਰਾ ਪਿਆਰੇ ਲਾਲ ਵਡਾਲੀ ਦੀ ਪ੍ਰੇਰਨਾ ਸਦਕਾ ਪੂਰਨ ਚੰਦ ਵਡਾਲੀ ਨੇ ਪੰਡਿਤ ਦੁਰਗਾ ਦਾਸ ਤੇ ਪਟਿਆਲਾ ਘਰਾਣੇ ਤੋਂ ਉਸਤਾਦ ਬੜੇ ਗੁਲਾਮ ਅਲੀ ਖਾਂ ਸਾਹਿਬ ਪਾਸੋਂ ਸੰਗੀਤ ਦੀ



ਵਿੱਦਿਆ ਹਾਸਲ ਕੀਤੀ। ਸੰਗੀਤ ਸਿੱਖਣ ਤੋਂ ਬਾਅਦ ਪੂਰਨ ਚੰਦ ਵਡਾਲੀ ਨੇ ਆਪਣੇ ਲਾਡਲੇ ਵੀਰ ਪਿਆਰੇ ਲਾਲ ਵਡਾਲੀ ਨੂੰ ਸੰਗੀਤ ਦੀਆਂ ਬਾਰੀਕੀਆਂ ਸਿਖਾਉਣੀਆਂ ਸ਼ੁਰੂ ਕੀਤੀਆਂ। ਦੋਵੇਂ ਭਰਾਵਾਂ ਨੇ ਦਿਨ ਰਾਤ ਖ਼ੂਬ ਰਿਆਜ਼ ਕੀਤਾ। ਇਨ੍ਹਾਂ ਦੀ ਮਿਹਨਤ ਰੰਗ ਲਿਆਉਣ ਲੱਗੀ। ਇਲਾਕੇ ਵਿੱਚ ਦੋਵੇਂ ਭਰਾਵਾਂ ਦੀ ਚਰਚਾ ਹੋਣ ਲੱਗੀ। ਕਦੇ ਕਿਸੇ ਦਰਗਾਹ ਤੇ ਕਦੇ ਕਿਸੇ ਮਜ਼ਾਰ 'ਤੇ ਲੋਕ ਵਡਾਲੀ ਭਰਾਵਾਂ ਦੀ ਗਾਇਕੀ ਨੂੰ ਦੂਰੋਂ ਦੂਰੋਂ ਸੁਣਨ ਆਉਂਦੇ। ਸਾਫ਼ ਸੁਥਰੀ ਤੇ ਰੂਹਾਨੀ ਗਾਇਕੀ ਨੂੰ ਸੁਣ ਕੇ ਸੰਗੀਤ ਪ੍ਰੇਮੀਆਂ ਵਿੱਚ ਵਡਾਲੀ ਭਰਾਵਾਂ ਦੇ ਚਰਚੇ ਹੋਣ ਲੱਗੇ। ਉਨ੍ਹਾਂ ਵੱਲੋਂ 1975 ਵਿੱਚ ਹਰਿਵੱਲਭ ਸੰਗੀਤ ਸੰਮੇਲਨ ਵਿੱਚ ਦਿੱਤੀ ਪੇਸ਼ਕਾਰੀ ਨੇ ਦਰਸ਼ਕਾਂ ਨੂੰ ਹਿਲਾ ਕੇ ਰੱਖ ਦਿੱਤਾ। ਇਸ ਮਗਰੋਂ ਵਡਾਲੀ ਭਰਾ ਦੇਸ਼ ਦੇ ਵੱਖ ਵੱਖ ਸ਼ਹਿਰਾਂ ਵਿੱਚ ਆਪਣੇ ਫ਼ਨ ਦਾ ਮੁਜ਼ਾਹਰਾ ਕਰਨ ਲੱਗੇ। ਲੋਕਾਂ ਦੇ ਨਾਲ ਨਾਲ ਸਾਹਿਤਕ ਸੰਸਥਾਵਾਂ ਤੇ ਸਰਕਾਰਾਂ ਵੀ ਇਨ੍ਹਾਂ ਦੀ ਗਾਇਕੀ ਤੋਂ ਬਹੁਤ ਪ੍ਰਭਾਵਿਤ ਹੋਈਆਂ। ਸੋ 1992 ਵਿੱਚ ਸੰਗੀਤ ਨਾਟਕ ਅਕੈਡਮੀ ਐਵਾਰਡ, 1998 ਵਿੱਚ ਤੁਲਸੀ ਐਵਾਰਡ, 2003 ਵਿੱਚ ਪੰਜਾਬ ਸੰਗੀਤ ਨਾਟਕ ਅਕੈਡਮੀ ਐਵਾਰਡ ਅਤੇ ਫਿਰ ਰਾਸ਼ਟਰਪਤੀ ਹੱਥੋਂ ਪਦਮ ਸ੍ਰੀ ਐਵਾਰਡ 2005 ਵਿੱਚ ਇਨ੍ਹਾਂ ਦੀ ਝੋਲੀ ਪਿਆ। ਗੀਤ 'ਤੂ ਮਾਨੇ ਯਾ ਨਾ ਮਾਨੇ ਦਿਲਦਾਰਾ' ਨੇ ਵਡਾਲੀ ਭਰਾਵਾਂ ਦੀ ਗਾਇਕੀ ਨੂੰ ਘਰ ਘਰ ਵਿੱਚ ਪਹੁੰਚਾ ਦਿੱਤਾ। ਫਿਰ ਬੌਲੀਵੁੱਡ ਦੀਆਂ ਫ਼ਿਲਮਾਂ ਵਿੱਚ ਗਾਏ ਗੀਤਾਂ ਅਤੇ ਅਨੇਕਾਂ ਸੂਫ਼ੀ ਗੀਤਾਂ ਨੇ ਉਨ੍ਹਾਂ ਦੀ ਪ੍ਰਸਿੱਧੀ ਵਿੱਚ ਲਗਾਤਾਰ ਵਾਧਾ ਕੀਤਾ।

ਉਨ੍ਹਾਂ ਨੇ ਕਾਫ਼ੀ, ਗੀਤ, ਗ਼ਜ਼ਲ, ਭਜਨ, ਸ਼ਬਦ, ਠੁਮਰੀ ਆਦਿ ਗਾਇਕੀ ਦੇ ਹਰ ਰੰਗ ਨੂੰ ਆਪਣੀ ਸੁਰੀਲੀ ਆਵਾਜ਼ ਦਿੱਤੀ। ਸੂਫ਼ੀ ਸੰਗੀਤ ਦਾ ਇੰਨਾ ਵੱਡਾ ਖ਼ਜ਼ਾਨਾ ਸਾਂਭੀ ਬੈਠੇ ਵਡਾਲੀ ਭਰਾਵਾਂ ਨੇ ਹਮੇਸ਼ਾਂ ਸਾਦੇ ਜੀਵਨ ਨੂੰ ਤਰਜੀਹ ਦਿੱਤੀ। ਆਮ ਲੋਕਾਂ ਵਿੱਚ ਆਮ ਲੋਕਾਂ ਵਾਂਗ ਹੀ ਵਿਚਰਦੇ ਉਹ ਕਦੇ ਕਿਸੇ ਨੂੰ ਮਹਿਸੂਸ ਹੀ ਨਹੀਂ ਹੋਣ ਦਿੰਦੇ ਸਨ ਕਿ ਉਹ ਇੰਨੇ ਵੱਡੇ ਫ਼ਨਕਾਰ ਹਨ। ਹੁਣ ਇਉਂ ਜਾਪਦਾ ਹੈ ਜਿਵੇਂ ਕੁਝ ਅਧੂਰਾ ਹੈ। ਹੁਣ ਅਸੀਂ ਵਡਾਲੀ ਭਰਾਵਾਂ ਨੂੰ ਕਦੇ ਇਕੱਠੇ ਗਾਉਂਦਿਆਂ ਨਹੀਂ ਸੁਣ ਸਕਾਂਗੇ ਕਿਉਂਕਿ 9 ਮਾਰਚ ਦੀ ਸਵੇਰ ਨੂੰ 69 ਸਾਲ ਦੀ ਉਮਰ ਵਿੱਚ ਆਪਣੇ ਪਰਿਵਾਰ ਅਤੇ ਸਮੂਹ ਸੰਗੀਤ ਪ੍ਰੇਮੀਆਂ ਅਲਵਿਦਾ ਕਹਿ ਕਿਸੇ ਅਣਜਾਣ ਰਾਹ ਤੁਰ ਗਿਆ ਫ਼ੱਕਰ ਉਸਤਾਦ ਪਿਆਰੇ ਲਾਲ ਵਡਾਲੀ।

(ਧੰਨਵਾਦ ਸਹਿਤ ਪ ਟ)

# ਪੰਦਰਾਂ ਦਿਨਾਂ ਦਾ ਹਾਜੀ ..

ਅਮਿੱਤ ਮਿੱਤਰ 91-93575-12244



14 ਸਤੰਬਰ 2012 ਦੀ ਸ਼ਾਮ ਦੇ ਵੇਲੇ ਮੈਂ ਆਪਣੇ ਮਿੱਤਰ ਨੀਲ ਕਮਲ ਨਾਲ ਆਪਣੇ ਪਬਲੀਕੇਸ਼ਨ ਹਾਊਸ ਦੇ ਦਫ਼ਤਰ ਬੈਠਾ ਰੁਟੀਨ ਦੇ ਗੱਪ ਸ਼ੱਪ ਮਾਰ ਰਿਹਾ ਸੀ ਕਿ ਇੱਕ ਦਮ 5-6 ਪੁਲਿਸ ਵਾਲੇ ਮੇਰੇ ਦਫ਼ਤਰ ਆ ਬੜੇ। ਮੈਂ ਸੋਚਿਆ ਕਿ ਉਂਝ ਹੀ ਸ਼ਾਇਦ ਕਿਤਾਬਾਂ ਵੇਖਣ ਆਏ ਹੋਣਗੇ। ਪਰ ਉਹਨਾਂ ਮੇਰੇ ਬਾਰੇ ਪੁੱਛਿਆ ਅਤੇ ਆਪਣੇ ਨਾਲ ਚੱਲਣ ਲਈ ਕਿਹਾ ਬਾਹਰ ਰੋਡ ਤੇ ਗੱਡੀ ਵਿੱਚ ਸਥਾਨਕ ਐਸ.ਐਚ.ਓ. ਬੈਠਾ ਸੀ ਜਿਸਨੇ ਮੈਨੂੰ ਗੱਡੀ 'ਚ ਬੈਠਣ ਲਈ ਕਿਹਾ। ਮੇਰਾ ਮਿੱਤਰ ਜੋ ਕੇ ਅੰਗਰੇਜ਼ੀ ਅਖ਼ਬਾਰ ਦਾ ਪ੍ਰਸਿੱਧ ਪੱਤਰਕਾਰ ਹੈ ਨੇ ਪੁਲਿਸ ਅਧਿਕਾਰੀ ਨੂੰ ਆਪਣੀ ਬਾਬਤ ਦੱਸਕੇ ਗ੍ਰਿਫਤਾਰੀ ਦਾ ਕਾਰਣ ਪੁੱਛਿਆ ਤਾਂ ਉਸਨੇ ਕੁਝ ਵੀ ਦੱਸਣ ਤੋਂ ਇਨਕਾਰ ਕਰਦਿਆਂ ਝੱਟ ਉੱਥੋਂ ਚੱਲ ਪਿਆ।

ਹੁਣ ਮੈਂ ਚਾਰ ਪੁਲਿਸ ਵਾਲਿਆਂ ਦੀ ਹਿਰਾਸਤ ਵਿੱਚ ਸਾਂ ਮੈਨੂੰ ਆਪਣੇ ਕਸੂਰ ਬਾਰੇ ਕੁਝ ਵੀ ਨਹੀਂ ਪਤਾ ਸੀ। ਪੁਲਿਸ ਦੀ ਗੱਡੀ ਕੁਝ ਦੇਰ ਬਾਅਦ ਅੱਗੇ ਜਾ ਕੇ ਰੁਕੀ ਅਤੇ ਪੁਲਿਸ ਅਧਿਕਾਰੀ ਬਾਹਰ ਖੜ੍ਹਕੇ ਕਿਸੇ ਨਾਲ ਗੱਲ ਕਰਨ ਲੱਗਾ। ਮੈਂ ਸਮਝ ਗਿਆ ਕੇ ਮੇਰੇ ਮਿੱਤਰ ਨੇ ਕਿਸੇ ਉਚ ਅਧਿਕਾਰੀ ਨਾਲ ਗੱਲ ਕੀਤੀ ਹੋਵੇਗੀ ਸ਼ਾਇਦ ਹੁਣ ਮੇਰਾ ਬਚਾਅ ਹੋ ਜਾਵੇ। ਕੁਝ ਮਿੰਟਾਂ ਬਾਅਦ ਗੱਡੀ ਵਿੱਚ ਬੈਠਣ ਸਾਰ ਅਧਿਕਾਰੀ ਨੇ ਡਰ-ਾਇਵਰ ਨੂੰ ਗੱਡੀ ਘੁੰਮਾਉਣ ਲਈ ਕਿਹਾ, ਹੁਣ ਗੱਡੀ ਖੁੱਡੀ ਵੱਲ ਨੂੰ ਚੱਲ ਪਈ ਕੁਝ ਹੀ ਮਿੰਟਾਂ ਵਿੱਚ ਉਹ ਮੈਨੂੰ ਹੰਢਿਆਏ ਦੇ ਮਸ਼ਹੂਰ ਸੀ.ਆਈ.ਏ. ਸਟਾਫ਼ ਲੈ ਪਹੁੰਚੇ। ਮੇਰੀਆਂ ਲੱਤਾਂ ਡਰ ਕਾਰਨ ਕੰਬ ਰਹੀਆਂ ਸਨ।

ਅਜੇ ਤੱਕ ਮੈਨੂੰ ਮੇਰੇ ਕਸੂਰ ਦਾ ਕੁਝ ਪਤਾ ਨਹੀਂ ਸੀ। ਪੁਲਿਸ ਵਾਲੇ ਮੈਨੂੰ ਇਕ ਕਮਰੇ ਵਿੱਚ ਲੈ ਗਏ ਜੋ ਸ਼ਾਇਦ ਉਨ੍ਹਾਂ ਦਾ ਆਪਣਾ ਸੌਣ ਕਮਰਾ ਸੀ। ਮੇਰੀ ਨਿਗਰਾਨੀ ਕਰ ਰਹੇ ਪੁਲਿਸ ਕਰਮਚਾਰੀ ਨੂੰ ਜਦੋਂ ਮੈਂ ਆਪਣੇ ਕਸੂਰ ਬਾਰੇ ਪੁੱਛਿਆ ਤਾਂ ਉਸਨੇ ਕਿਹਾ ਕਿ ਮੈਨੂੰ ਜਿਆਦਾ ਤਾਂ ਨਹੀਂ ਪਤਾ ਸ਼ਾਇਦ ਇੱਕ ਕਿਤਾਬ ਦਾ ਮਾਮਲਾ ਹੈ। ਹੁਣ ਮੈਨੂੰ ਵੀ ਲੱਗਿਆ ਕਿ ਸ਼ਾਇਦ ਮੈਨੂੰ ਮਾਲਵੇ ਦੇ ਮਸ਼ਹੂਰ ਕਿੱਸਾਕਾਰ ਰਜਬ ਅਲੀ ਜੀ ਦੀਆਂ ਲਿਖਤਾਂ ਕਾਰਨ ਫੜ੍ਹਿਆ ਗਿਆ ਹੈ, ਜਿਸ ਬਾਬਤ ਥੋੜ੍ਹਾ ਜਿਹਾ ਵਿਵਾਦ ਬੀਤੇ ਦਿਨੀਂ ਮੋਗਾ ਵਿੱਚ ਹੋਇਆ ਸੀ।

ਰਜਬ ਅਲੀ ਇੱਕ ਅਜਿਹੇ ਮਹਾਨ ਕਿੱਸਾਕਾਰ ਹੋਏ ਕੇ ਉਨ੍ਹਾਂ ਦੇ ਰਚਿਤ ਕਿੱਸੇ ਅੱਜ ਵੀ ਮਾਲਵੇ ਦੇ ਬਹੁਤ ਸਾਰੇ ਕਿੱਸਾਕਾਰ ਗਾਉਂਦੇ ਹਨ। ਭਾਰਤ ਪਾਕਿ ਵੰਡ ਦੌਰਾਨ ਉਹ ਆਪਣਾ ਪਿੰਡ ਸਾਹੋਕੇ ਛੱਡ ਕੇ ਲਹਿੰਦੇ ਪੰਜਾਬ ਜਾ ਵਸੇ। ਉਨਾਂ ਦੀ ਕਿੱਸਾਕਾਰੀ ਮਾਲਵੇ ਵਿੱਚ ਅੱਜ ਵੀ ਬੜੀ ਮਕਬੂਲ ਹੈ। ਪਾਠਕਾਂ ਵਿੱਚ ਓਹਨਾਂ ਦੀਆਂ ਲਿਖਿਆਂ ਕਿਤਾਬਾਂ ਦੀ ਵਾਹਵਾ ਮੰਗ ਰਹਿੰਦੀ ਹੈ। ਇਸੇ ਮੰਗ ਨੂੰ ਧਿਆਨ ਵਿੱਚ ਰੱਖਕੇ ਮੈਂ ਰਜਬ ਅਲੀ ਜੀ ਦੇ ਪਿੰਡ ਦੇ ਹੀ ਵਸਨੀਕ ਅਤੇ ਉਨ੍ਹਾਂ ਦੇ ਸ਼ਗਿਰਦ ਜਗਜੀਤ ਸਾਹੋਕੇ ਜੀ ਨਾਲ ਗੱਲਬਾਤ ਕਰਕੇ ਕਵੀਸ਼ਰੀ ਨੂੰ ਮੁੜ ਛਾਪਣ ਦਾ ਫੈਸਲਾ ਲਿਆ। 'ਸਿੱਖੀ ਕਾਵਿ', 'ਰਜਬ ਅਲੀ ਦੀ ਚੋਣਵੀਂ ਕਵਿਤਾ' ਤੋਂ ਬਾਅਦ ਇਹ ਉਨ੍ਹਾਂ ਦੀ ਤੀਜੀ ਕਿਤਾਬ ਸੀ ਜੋ ਮੈਂ ਤੇ ਜਗਜੀਤ ਜੀ ਨੇ ਮਿਲਕੇ ਛਾਪੀ ਸੀ। ਕਿਤਾਬ ਵਿੱਚ ਰਜਬ ਅਲੀ ਜੀ ਦੇ ਮਸ਼ਹੂਰ ਡਾਕੂਆਂ ਨਾਲ ਸੰਬੰਧਤ ਕਿੱਸੇ ਹੀ ਛਾਪੇ ਗਏ ਅਤੇ ਨਾਂ ਰੱਖਿਆ 'ਗਾਥਾ ਸੂਰਮਿਆਂ ਦੀ..'। ਅਲੀ ਜੀ ਦਾ ਆਪਣੀ ਰਚਨਾ ਵਿੱਚ ਮੰਨਣਾ ਹੈ ਕਿ ਇਹ ਡਾਕੂ, ਸਮਾਜ ਵਿਚਲੀਆਂ ਫੈਲੀਆਂ ਊਨਤਾਈਆਂ ਦੇ ਵਿਰੋਧ ਵਿੱਚ ਹਥਿਆਰਬੰਦ ਹੋ ਕਿ ਲੜ ਰਹੇ ਸੀ ਪਰ ਸਨ ਅਸਲੀ ਸੂਰਮੇ ਹੀ।

ਜਿਵੇਂ ਕਿ ਵਾਰਸ ਸ਼ਾਹ ਦੀ ਹੀਰ ਜਾਂ ਹੋਰ ਧਾਰਿਮਕ ਗ੍ਰੰਥ ਜਾਤੀ ਸੂਚਕ ਸ਼ਬਦਾਂ ਨਾਲ ਭਰੇ ਪਏ ਹਨ ਉਂਝ ਹੀ ਇਸ ਕਿਤਾਬ ਵਿੱਚ ਵੀ ਰਜਬ ਅਲੀ ਜੀ ਨੇ ਬਹੁਤ ਸਾਰੇ ਜਾਤੀ ਸੂਚਕ ਸ਼ਬਦ ਵਰਤੇ ਸਨ ਜਿੰਨ੍ਹਾਂ ਨਾਲ ਅੱਜ ਦੇ ਦੌਰ ਵਿੱਚ ਸਹਿਮਤ ਨਹੀਂ ਹੋਇਆ ਜਾ ਸਕਦਾ, ਪਰ ਮੈਂ ਸਮਝਦਾ ਹਾਂ ਪ੍ਰਕਾਸ਼ਕ ਜਾਂ ਸੰਪਾਦਕ ਦੇ ਤੌਰ ਤੇ ਸਾਡੇ ਕੋਲ ਕੋਈ ਅਧਿਕਾਰ ਨਹੀਂ ਕਿ ਅਸੀਂ ਪੁਰਣੇ ਲੇਖਕ ਦੀ ਮੌਲਿਕਤਾ ਨਾਲ ਖਿਲਵਾੜ ਕਰੀਏ।

ਪੁਲਿਸ ਹਿਰਾਸਤ ਵਿੱਚ ਮੈਂ ਬਹੁਤ ਸਾਰੀਆਂ ਘੁੰਮਣ ਘੇਰੀਆਂ ਵਿੱਚ ਫਸਿਆ ਹੋਇਆ ਸੀ ਪੁਲਿਸ ਵਾਲਿਆਂ ਨੇ ਮੈਨੂੰ ਕਮਰੇ ਵਿੱਚੋਂ ਉਠਾ ਲਿਆ ਅਤੇ ਹੁਣੇ ਹੁਣੇ ਪੁੱਜੇ ਐਸ.ਐਸ.ਪੀ. ਦੇ ਅੱਗੇ ਪੇਸ਼ ਕੀਤਾ। ਇੱਥੇ ਹੀ ਮੈਂ ਵੇਖਿਆ ਕਿ ਪੁਲਿਸ ਜਗਜੀਤ ਸਾਹੋਕੇ ਜੀ ਨੂੰ ਗ੍ਰਿਫ਼ਤਾਰ ਕਰਕੇ ਲਿਆ ਚੁੱਕੀ ਹੈ। ਐਸ.ਐਸ.ਪੀ. ਨੇ ਸਿਰਫ਼ ਇੰਨਾ ਹੀ ਪੁੱਛਿਆ ਕਿ ਕਿੰਨੀ ਕਿਤਾਬ ਛਾਪੀ ਸੀ ਮੈਂ ਕਿਹਾ ਜੀ ਇੱਕ ਹਜ਼ਾਰ, ਉਹ ਕਹਿਣ ਲੱਗਾ ਕਿ ਸਾਨੂੰ ਤਾਂ ਜਗਜੀਤ ਸਾਹੋਕੇ ਤੋਂ 200 ਕਾਪੀ ਹੀ ਮਿਲੀ ਹੈ ਬਾਕੀ ਕਿੱਥੇ ਹੈ। ਮੈਂ ਕਿਹਾ ਜੀ ਬਾਕੀ ਅੱਠ ਸੌ ਦਿੱਲੀ ਤੋਂ ਟਰਾਂਸਪੋਰਟ ਰਾਹੀਂ ਬਰਨਾਲੇ ਲਈ ਚੱਲੀ ਹੈ। ਜੋ ਬਾਅਦ ਵਿੱਚ ਪੁਲਿਸ ਵਾਲਿਆਂ ਟਰਾਂਸਪੋਰਟ ਦੇ ਦਫ਼ਤਰ 'ਚੋ ਬਰਾਮਦ ਕਰ ਕੇ ਕੇਸ ਪ੍ਰਾਪਰਟੀ ਬਣਾ ਦਿੱਤੀ।

ਮੇਰੇ ਅਤੇ ਜਗਜੀਤ ਸਾਹੋਕੇ ਉਤੇ ਐਸ.ਸੀ.ਐਸ. ਐਕਟ, ਦੰਗੇ ਫਲਾਉਣ ਦੀ ਸਾਜਿਸ਼ ਰਚਨ ਜਿਹੀਆਂ ਸੰਗੀਨ ਧਾਰਾਵਾਂ ਹੇਠ ਪਰਚਾ ਦਰਜ ਹੋ ਚੁੱਕਿਆ ਸੀ। ਐਸ. ਐਸ. ਪੀ. ਦੇ ਜਾਣ ਤੋਂ ਕੁਝ ਸਮਾਂ ਬਾਅਦ ਹੀ ਨੀਲ ਕਮਲ ਅਤੇ ਮੇਰੇ ਪਿਤਾ ਮੇਘ ਰਾਜ ਮਿੱਤਰ ਵੀ ਮੈਨੂੰ ਮਿਲਣ ਪਹੁੰਚ ਗਏ। ਨੀਲ ਕਮਲ ਨੇ ਹੁਣ ਤੱਕ ਸਭ ਪਤਾ ਕਰ ਲਿਆ ਸੀ ਸਥਾਨਿਕ ਡੀ.ਐਸ.ਪੀ. ਦੇ ਬਿਆਨਾਂ ਤੇ ਉਪਰਲੇ ਹੁਕਮਾਂ ਅਨੁਸਾਰ ਇਹ ਕੇਸ ਦਰਜ ਕੀਤਾ ਗਿਆ ਸੀ।

ਪੁਲਿਸ ਨੇ ਮੈਨੂੰ ਦੋ ਦਿਨ ਅਤੇ ਜਗਜੀਤ ਸਾਹੋਕੇ ਨੂੰ ਇੱਕ ਦਿਨ ਪੁਲਿਸ ਹਰਾਸਤ ਵਿੱਚ ਰੱਖਿਆ, ਉਨ੍ਹਾਂ ਦਾ ਮੁੱਖ ਮਕਸਦ ਇਹ ਪਤਾ ਲਗਾਉਣਾ ਸੀ ਕਿ ਅਸੀਂ ਡਾਕੂਆਂ ਨਾਲ ਸੰਬੰਧਿਤ ਕਿੱਸੇ ਹੀ ਕਿਉਂ ਛਾਪੇ। ਪੁਲਿਸ ਨੂੰ ਇੰਟੈਲੀਜੈਂਸ ਵਿਭਾਗ ਦੀ ਇਹ ਸੂਚਨਾ ਸੀ ਕਿ ਇੰਨ੍ਹਾਂ ਕਿੱਸਿਆਂ ਰਾਹੀਂ ਅਸੀਂ ਲੋਕਾਂ ਨੂੰ ਬਗਾਵਤ ਲਈ ਉਕਸਾਉਣਾ ਚਾਹੁੰਦੇ ਹਾਂ। ਹੁਣ ਮੈਨੂੰ ਸਮਝ ਲੱਗ ਪਿਆ ਸੀ ਕਿ ਸਟੇਟ ਨੇ ਜਾਣ ਬੁੱਝਕੇ ਮੈਨੂੰ ਨਿਸ਼ਾਨਾ ਬਣਾਉਣ ਲਈ ਇਹ ਝੂਠਾ ਪਰਚਾ ਦਰਜ ਕੀਤਾ ਹੈ।

ਦੋ ਦਿਨਾਂ ਦੀ ਹਿਰਾਸਤ ਤੋਂ ਬਾਅਦ ਮੈਨੂੰ ਜੇਲ੍ਹ ਭੇਜ ਦਿੱਤਾ ਗਿਆ। ਬਰਨਾਲਾ ਜੇਲ੍ਹ ਭਦੌੜ ਰੋੜ ਤੇ ਪੰਜ ਕੁ ਕਿਲੋਮੀਟਰ ਦੀ ਵਿੱਥ ਤੇ ਹੈ। ਜੇਲ੍ਹ ਦੇ ਛੋਟੇ ਗੇਟ ਰਾਹੀਂ ਅੰਦਰ ਜਾਂਦਿਆਂ ਹੀ ਸਭ ਤੋਂ ਪਹਿਲਾਂ ਜਾਮਾ ਤਲਾਸ਼ੀ ਅਤੇ ਨਾਲ ਹੀ ਜੇਲ੍ਹਰ ਕੋਲ ਪੇਸ਼ ਕੀਤਾ ਗਿਆ, ਫਿਰ ਜੇਲ੍ਹ ਦੇ ਅੰਦਰੂਨੀ ਗੇਟ ਰਾਹੀਂ ਮੈਂ ਅੰਦਰ ਪਹੁੰਚ ਗਿਆ। ਲੱਗਭਗ ਸਾਰੀਆਂ ਜੇਲ੍ਹਾਂ ਦਾ ਹੀ ਕੇਂਦਰੀ ਸਿਸਟਮ ਹੁੰਦਾ ਹੈ ਜਿਸ ਨੂੰ ਚੱਕਰ ਕਿਹਾ ਜਾਂਦਾ ਹੈ। ਗੋਲ ਅਕਾਰ ਦੇ ਇੱਕ ਛੋਟੇ ਜਿਹੇ ਕਮਰੇ ਨੂੰ ਚੱਕਰ ਕਿਹਾ ਜਾਂਦਾ ਹੈ। ਅੰਦਰ ਵੜਦੇ ਸਾਰ ਹੀ ਮੈਨੂੰ ਮੇਰੇ ਸ਼ਹਿਰ ਦੇ ਕੁਝ ਜਾਣੂ ਨੌਜਵਾਨ ਮਿਲੇ ਜਿੰਨ੍ਹਾਂ ਨੇ ਗਰਮਜੋਸ਼ੀ ਨਾਲ ਮੇਰਾ ਸਵਾਗਤ ਕੀਤਾ। ਉਨ੍ਹਾਂ ਵਿੱਚੋਂ ਇੱਕ ਨੇ ਦੱਸਿਆ ਕਿ ਰੋਜ਼ਾਨਾ ਅਖ਼ਬਾਰਾਂ ਤੋਂ ਤੇਰੇ 'ਤੇ ਪਰਚੇ ਦਾ ਪਤਾ ਚੱਲ ਗਿਆ ਸੀ ਅਤੇ ਨਾਲ ਹੀ ਤੇਰੇ ਪੁਲਿਸ ਰਿਮਾਂਡ ਦਾ ਵੀ ਜਿਸਤੋਂ ਸਾਨੂੰ ਅੰਦਾਜ਼ਾ ਸੀ ਕਿ ਤੂੰ ਅੱਜ ਸਾਡੇ ਕੋਲ ਪਹੁੰਚ ਜਾਂਵੇਗਾ। ਚਾਹ ਪਾਣੀ ਪਿਲਾਉਣ ਤੋਂ ਬਾਅਦ ਉਨ੍ਹਾਂ ਨੇ ਮੇਰੇ ਰਹਿਣ ਦਾ ਪ੍ਰਬੰਧ ਆਪਣੀ ਬੈਰਕ ਵਿੱਚ ਹੀ ਕਰਵਾ ਦਿੱਤਾ ਜਿੱਥੇ ਪਹਿਲਾਂ ਤੋਂ ਹੀ ਮੇਰੇ ਕੇਸ ਭਾਈਵਾਲ ਜਗਜੀਤ ਸਾਹੋਕੇ ਜੀ ਵੀ ਮੌਜੂਦ ਸਨ। ਮੈਂ ਆਪਣਾ ਖੱਡਾ ਉਨ੍ਹਾਂ ਦੇ ਨਾਲ ਹੀ ਲਗਾ ਲਿਆ।

ਮੇਰਾ ਸਾਰਾ ਪਰਿਵਾਰ ਹੀ ਅਗਾਂਹਵਧੂ ਵਿਚਾਰਾਂ ਦਾ ਧਾਰਨੀ ਹੈ, ਕੇਸ ਬਾਰੇ ਸਭ ਦੇ ਮਨ ਵਿੱਚ ਚਿੰਤਾ ਤਾਂ ਜਰੂਰ ਸੀ, ਪਰ ਨਾਲ ਹੀ ਸਾਰੇ ਇਸ ਨੂੰ ਪਾਰਟ ਆਫ਼ ਲਾਈਫ਼ ਹੀ ਮੰਨਦੇ ਹਨ। ਮੈਥੋਂ ਪਹਿਲਾਂ ਮੇਰੇ ਪਿਤਾ ਜੀ ਵੀ ਤਿੰਨ ਮਹੀਨੇ ਦੀ ਕੈਦ ਕਿਸੇ ਅੰਦੋਲਨ ਦੌਰਾਨ ਕੱਟ ਚੁੱਕੇ ਸਨ, ਪਰ ਦੂਜੇ ਪਾਸੇ ਮੇਰੇ ਸਹੁਰਾ ਪਰਿਵਾਰ ਜਾਂ ਹੋਰ ਨਜਦੀਕੀ ਰਿਸ਼ਤੇਦਾਰ ਇਸ ਗੱਲ ਨੂੰ ਲੈ ਕੇ ਬਹੁਤੇ ਚਿੰਤਤ ਸਨ। ਮੈਨੂੰ ਅੱਜ ਵੀ ਇਹ ਗੱਲ ਚੁਭਦੀ ਹੈ ਜਦੋਂ ਮੈਂ ਜੇਲ੍ਹੋਂ ਬਾਹਰ ਆਇਆ ਤਾਂ ਮੇਰੀ ਭੂਆ ਕਹਿਣ ਲੱਗੀ ਕਿ ਪੁੱਤ ਤੂੰ ਅਜਿਹੇ ਗਲਤ ਕੰਮ ਛੱਡ ਕਿਉਂ ਨੀਂ ਦਿੰਦਾ ਜੀਹਦੇ ਕਰਕੇ ਤੈਨੂੰ ਜੇਲ੍ਹ ਜਾਣਾ ਪਿਆ, ਭੂਆ ਨੂੰ ਕੀ ਕਹਾਂ ਮੈਨੂੰ ਸਮਝ ਨਹੀਂ ਆਇਆ।

ਪੁਲਿਸ ਹਿਰਾਸਤ ਤੋਂ ਜੇਲ੍ਹ ਜਾਂਦੇ ਹੀ ਅਗਲੇ ਦਿਨ ਮੇਰਾ ਮਿੱਤਰ ਨੀਲ ਕਮਲ ਮੈਨੂੰ ਮਿਲਣ ਆਇਆ ਕਹਿੰਦਾ ਮੈਂ ਪਟਿਆਲਾ ਰੇਂਜ ਦੇ ਆਈ ਜੀ ਨੂੰ ਮਿਲਣ ਗਿਆ ਜੋ ਕਿ ਉਸਦਾ ਵਧੀਆ ਮਿੱਤਰ ਸੀ। ਬੈਠਦੇ ਸਾਰ ਹੀ ਆਈ.ਜੀ. ਮੈਨੂੰ ਕਹਿਣ ਲੱਗਾ "ਨੀਲ ਮੈਨੂੰ ਪਤਾ ਹੈ ਤੂੰ ਕਿਸ ਕੰਮ ਆਇਆ ਹੈਂ। ਇਸ ਸਾਰੇ ਮਾਮਲੇ ਦੀ ਦੇਖ ਰੇਖ ਮੈਂ ਹੀ ਕਰ ਰਿਹਾ ਸੀ, ਮੈਨੂੰ 10 ਮਿੰਟ ਬਾਅਦ ਹੀ ਪਤਾ ਲੱਗ ਗਿਆ ਸੀ ਕਿ ਜਿਸ ਲੜਕੇ ਨੂੰ ਅਸੀਂ ਗ੍ਰਿਫ਼ਤਾਰ ਕੀਤਾ ਹੈ ਉਹ ਤੇਰਾ ਮਿੱਤਰ ਹੈ। ਪਰ ਚਾਹੁੰਦੇ ਹੋਏ ਵੀ ਮੈਂ ਇਸ ਮਾਮਲੇ ਵਿੱਚ ਤੇਰੀ ਕੋਈ ਸਹਾਇਤਾ ਨਹੀਂ ਕਰ ਸਕਦਾ ਸੀ, ਇਸ ਪੂਰੇ ਮਾਮਲੇ ਬਾਰੇ ਡੀ.ਜੀ.ਪੀ. ਦਫ਼ਤਰ ਦਾ ਮੇਰੇ 'ਤੇ ਬਹੁਤ ਪ੍ਰੈਸ਼ਰ ਸੀ। ਨੀਲ ਦੇ ਨਾਲ ਹੀ ਮੇਰਾ ਛੋਟਾ ਭਾਈ ਡਾਕਟਰ ਵਿਸ਼ਾਲ ਵੀ ਉਸ ਆਈ. ਜੀ. ਨੂੰ ਮਿਲਣ ਗਏ ਸਨ। ਜਿਉਂ ਹੀ ਉਹ ਵਾਪਸੀ ਲਈ ਬਾਹਰ ਨਿਕਲਣ ਲੱਗੇ ਤਾਂ ਆਈ. ਜੀ. ਹੱਸ ਕੇ ਨੀਲ ਨੂੰ ਕਹਿਣ ਲੱਗਾ ਕਿ ਯਾਰ ਇੱਕ ਗੱਲ ਦੱਸਾਂ ਤੇਰਾ ਉਹ ਮਿੱਤਰ ਕਹਿਣ ਨੂੰ ਤਰਕਸ਼ੀਲ ਹੈ ਪਰ ਹੈ ਕਿਸੇ ਹੋਰ ਵਿਚਾਰਧਾਰਾ ਦਾ ਹਾਮੀ। ਜਿਸ ਕਾਰਣ ਡੀਜੀਪੀ ਸਾਹਿਬ ਇਸ ਪੂਰੇ ਮਾਮਲੇ ਨੂੰ ਗੰਭੀਰਤਾ ਨਾਲ ਲੈ ਰਹੇ ਹਨ।'' ਉਸਦੀਆਂ ਗੱਲਾਂ ਸੁਣਕੇ ਮੇਰੇ ਮਿੱਤਰ ਅਤੇ ਭਰਾ ਨੂੰ ਹੁਣ ਇਹ ਗੱਲ ਸਾਫ਼ ਹੋ ਚੁੱਕੀ ਸੀ ਕਿ ਸਰਕਾਰ ਜਾਣ ਬੁੱਝਕੇ ਮੈਨੂੰ ਮੇਰੀਆਂ ਛਾਪੀਆਂ ਅਗਾਂਹਵਧੂ ਜਾਂ ਖੱਬੇਪੱਖੀ ਸਾਹਿਤ ਕਾਰਨ ਨਿਸ਼ਾਨਾ ਬਣਾ ਰਹੀ ਹੈ।

ਆਪਣੇ ਮਿੱਤਰ ਦੀਆਂ ਗੱਲਾਂ ਸੁਣਕੇ ਮੇਰੇ ਮਨ ਨੂੰ ਧਰਵਾਸ ਹੋਇਆ ਕਿ ਚਲੋ ਗੱਲ ਸਾਫ ਤਾਂ ਹੋਈ। ਨਹੀਂ ਤਾਂ ਸਰਕਾਰ ਨੂੰ ਕੀ ਕਾਹਲੀ ਸੀ ਕਿ ਉਹ ਅਜਿਹੇ ਕਵੀ ਦੀਆਂ ਲਿਖਤਾਂ ਲਈ ਮੈਨੂੰ ਗ੍ਰਿਫਤਾਰ ਕਰੇ ਜਿਸ ਦੀਆਂ ਉਹ ਲਿਖਤਾਂ ਮੈਥੋਂ ਪਹਿਲਾਂ ਯੂਨਿਵਰਸਿਟੀਆਂ ਜਾਂ ਭਾਸ਼ਾ ਵਿਭਾਗ ਵੀ ਛਾਪ ਚੁੱਕਾ ਸੀ।

ਇਹ ਵੀ ਸਾਫ ਹੋ ਚੁੱਕਾ ਸੀ ਕਿ ਮੇਰੇ 'ਤੇ ਪਰਚਾ ਇੰਟੈਲੀਜੈਂਸ ਵਿਭਾਗ ਦੇ ਇੱਕ ਸਭ ਤੋਂ ਸੀਨੀਅਰ ਅਫ਼ਸਰ ਦੇ ਕਹਿਣ ਤੇ ਕੀਤਾ ਗਿਆ ਹੈ। ਮੇਰਾ ਛੋਟਾ ਭਾਈ ਵਿਸ਼ਵ ਅੰਗਰੇਜੀ ਅਖ਼ਬਾਰ ਦਾ ਪੱਤਰਕਾਰ ਹੈ ਸਮੇਂ-ਸਮੇਂ ਤੇ ਸਰਕਾਰਾਂ ਖਿਲਾਫ਼ ਵੀ ਲਿਖਦਾ ਰਹਿੰਦਾ ਹੈ। ਉਸਨੇ ਆਪਣੇ ਇੱਕ ਸਹਿਕਰਮੀ ਮਿੱਤਰ ਨਾਲ ਉਸ ਅਧਿਕਾਰੀ ਨੂੰ ਚੰਡੀਗੜ੍ਹ ਉਸਦੇ ਦਫ਼ਤਰ ਮਿਲਣ ਦਾ ਫੈਸਲਾ ਕੀਤਾ ਤਾਂ ਜੋ ਗੱਲਾਂ ਹੋਰ ਸਪਸ਼ਟ ਹੋ ਸਕਣ। ਉਸਦਾ ਉਹ ਸਹਿਕਰਮੀ ਇੰਟੈਲੀਜੈਂਸ ਦੇ ਉਸ ਅਫਸਰ ਦਾ ਵੀ ਮਿੱਤਰ ਸੀ ਜਿਸ ਦੀਆਂ ਹਦਾਇਤਾਂ ਉਤੇ ਇਹ ਕੇਸ ਦਰਜ ਕੀਤਾ ਗਿਆ ਸੀ। ਜਦ ਦੋਹੇਂ ਉਸਦੇ ਦਫ਼ਤਰ ਪਹੁੰਚੇ ਤਾਂ ਵਿਸ਼ਵ ਨੇ ਵੇਖਿਆ ਕਿ ਮੇਰੀ ਛਾਪੀ ਉਹੀ 'ਵਿਵਾਦਗ੍ਰਸਤ' ਕਿਤਾਬ ਅਧਿ-ਕਾਰੀ ਦੇ ਮੇਜ 'ਤੇ ਪਈ ਸੀ। ਰੁਟੀਨ ਦੀਆਂ ਗੱਲਾਂ ਤੋਂ ਬਾਅਦ ਵਿਸ਼ਵ ਦਾ ਮਿੱਤਰ ਮੁੱਦੇ ਵੱਲ ਆਇਆ ਤਾਂ ਅਧਿਕਾਰੀ ਨਾਲ ਦੇ ਨਾਲ ਹੀ ਚੋਕਨਾ ਹੁੰਦਾ ਹੋਇਆ ਕਹਿਣ ਲੱਗਾ ਤੁਹਾਡਾ ਇਸ ਮਾਮਲੇ ਨਾਲ ਕੀ ਸੰਬੰਧ? ਤਾਂ ਵਿਸ਼ਵ ਦੇ ਮਿੱਤਰ ਨੇ ਕਿਹਾ ਜਿਸ ਨੂੰ ਤੁਸੀਂ ਗ੍ਰਿਫਤਾਰ ਕਰਵਾਇਆ ਉਹ ਮੇਰੇ ਇਸ ਮਿੱਤਰ ਦਾ ਭਰਾ ਹੈ। ਇੰਟੈਲੀਜੈਂਸ ਅਧਿਕਾਰੀ ਝੱਟ ਹੀ ਵਿਸ਼ਵ ਨੂੰ ਸੰਬੋਧਿਤ ਹੁੰਦਾ ਬੋਲਿਆ ਅੱਛਾ-ਅੱਛਾ ਤੁਸੀਂ ਮੇਘ ਰਾਜ ਮਿੱਤਰ ਦੇ ਲੜਕੇ ਹੋ। ਬੜੀ ਸਾਫ਼ਗੋਈ ਨਾਲ ਕਹਿੰਦਾ ਯਾਰ ਇੱਕ ਗੱਲ ਕਹਾਂ ਜਿਹੋ ਜਿਹੀਆਂ ਕਿਤਾਬਾਂ ਤੇਰਾ ਭਰਾ ਛਾਪਦਾ ਹੈ ਉਨ੍ਹਾਂ ਨੂੰ ਪੜ੍ਹ-ਪੜ੍ਹ ਕੇ ਪੰਜਾਬ ਵਿੱਚ ਕਿਸਾਨ, ਮਜ਼ਦੂਰ ਜਾਂ ਵਿਦਿਆਰਥੀ ਸਾਡੇ ਖਿਲਾਫ਼ 'ਜਿੰਦਾਬਾਦ-ਮੁਰਦਾਬਾਦ' ਬਹੁਤ ਕਰਦੇ ਹਨ। ਉਸ ਅਧਿਕਾਰੀ ਦੀਆਂ ਗੱਲਾਂ ਨਾਲ ਇਹ ਸਥਿਤੀ ਚਿੱਟੇ ਦਿਨ ਵਾਂਗ ਸਾਫ਼ ਹੋ ਚੁੱਕੀ ਸੀ ਕਿ ਸਰਕਾਰ ਨੇ ਜਾਣ ਬੁੱਝਕੇ ਮੈਨੂੰ ਨਿਸ਼ਾਨਾ ਬਣਾਇਆ ਹੈ।

ਮੇਰੇ ਨਾਲ ਜੋ ਬੀਤੀ ਉਸਦਾ ਮੈਨੂੰ ਕੋਈ ਪਛਤਾਵਾ ਨਹੀਂ। 1970ਵਿਆਂ ਵਿੱਚ ਮਾਓ ਜੇ ਤੁੰਗ ਦੀ 'ਲਾਲ ਕਿਤਾਬ' ਕਾਰਣ ਬਹੁਤ ਸਾਰੇ ਨੌਜਵਾਨਾਂ ਨੂੰ ਤਸ਼ੱਦਦ ਦਾ ਸਾਹਮਣਾ ਕਰਨਾ ਪਿਆ ਸੀ। ਮੈਂ ਗ੍ਰਿਫਤਾਰੀ ਤੋਂ ਸਾਲ ਕੁ ਪਹਿਲਾਂ ਹੀ ਇਸ ਕਿਤਾਬ ਨੂੰ ਮੁੜ ਪ੍ਰਕਾਸ਼ਿਤ ਕੀਤਾ ਸੀ। ਅਜਿਹੀਆਂ ਹੋਰ ਵੀ ਬਹੁਤ ਸਾਰੀਆਂ ਕਿਤਾਬਾਂ ਮੈਂ ਤਰਕਭਾਰਤੀ ਪ੍ਰਕਾਸ਼ਨ ਵੱਲੋਂ ਹੁਣ ਤੱਕ ਪ੍ਰਕਾਸ਼ਿਤ ਕਰ ਚੁੱਕਾ ਸੀ ਜੋ ਦੱਬੇ ਕੁਚਲੇ ਲੋਕਾਂ ਨੂੰ ਸੰਘਰਸ਼ ਲਈ ਪ੍ਰੇਰਿਤ ਕਰਦੀਆਂ ਹਨ।

ਉਪਰੋਕਤ ਦੋਹੇਂ ਗੱਲਾਂ ਤੋਂ ਇਹ ਗੱਲ ਸਾਫ਼ ਹੋ ਚੱਲੀ ਸੀ ਕਿ ਸਾਜ਼ਿਸ਼ ਤਹਿਤ ਸਰਕਾਰ ਅਤੇ ਪੁਲਿਸ ਨੇ ਮੈਨੂੰ ਨਿਸ਼ਾਨਾ ਬਣਾਇਆ ਹੈ, ਮੇਰੇ ਕਾਰਣ ਅਜਿਹਾ ਕੇਸ ਹੀ ਉਨ੍ਹਾਂ ਨੂੰ ਸੰਗਮ ਪ੍ਰਕਾਸ਼ਨ ਸਮਾਣਾ ਦੇ ਮਾਲਕ ਸ੍ਰੀ ਅਸ਼ੋਕ ਕੁਮਾਰ ਜੀ ਤੇ ਵੀ ਦਰਜ ਕਰਨਾ ਪਿਆ। ਜਿਉਂ ਹੀ ਸਾਡੀ ਗ੍ਰਿਫ਼ਤਾਰੀ ਹੋਈ ਤਾਂ ਇਸ ਦਾ ਵਿਰੋਧ ਵੀ ਹੋਣਾ ਸ਼ੁਰੂ ਹੋ ਗਿਆ। ਸਭ ਤੋਂ ਪਹਿਲਾਂ ਪੰਜਾਬ ਵਿੱਚ ਅਨਸੂਚਿਤ ਜਾਤੀ ਕਮੀਸ਼ਨ ਦੇ ਚੇਅਰਮੈਨ ਪਾਂਧੀ ਜੀ ਨੇ ਸਾਡੇ ਹੱਕ ਵਿੱਚ ਬਿਆਨ ਦਿੱਤਾ। ਪੁਲਿਸ ਨੇ ਕਾਹਲੀ ਵਿੱਚ ਮੇਰੇ ਨਾਲ ਹੀ ਮੇਰੇ ਸਾਥੀ ਜਗਜੀਤ ਸਾਹੋਕੇ ਜੀ ਤੇ ਵੀ ਐਸ.ਸੀ.ਐਸ. ਐਕਟ ਦੀਆਂ ਧਾਰਾਵਾਂ ਹੇਠ ਪਰਚਾ ਦਰਜ ਕਰ ਦਿੱਤਾ ਸੀ ਜੋ ਕਿ ਸਰਾਸਰ ਗਲਤ ਸੀ। ਸਾਹੋਕੇ ਜੀ ਖੁਦ ਉਸੇ ਭਾਈਚਾਰੇ ਵਿਚੋਂ ਸਨ, ਕਾਨੂੰਨ ਅਨੁਸਾਰ ਅਜਿਹਾ ਨਹੀਂ ਕੀਤਾ ਜਾ ਸਕਦਾ ਸੀ। ਸਾਡੇ ਸਭ ਤੇ ਜੋ ਮੁੱਖ ਧਾਰਾ ਸੀ ਉਹ ਇਹੀ ਸੀ, ਸਾਡੇ ਹੱਕ ਵਿੱਚ ਪਾਂਧੀ ਜੀ ਦਾ ਬਿਆਨ ਆਉਣ ਤੋਂ ਬਾਅਦ ਪੁਲਿਸ ਨੇ ਮਜਬੂਰੀ ਵਿੱਚ ਉਹ ਧਾਰਾ ਸਾਹੋਕੇ ਜੀ ਤੋਂ ਹਟਾ ਲਈ ਜਿਸ ਕਾਰਣ ਪੁਲਿਸ ਦਾ ਕੇਸ ਪਹਿਲੇ ਸੱਟੇ ਹੀ ਕਮਜ਼ੋਰ ਹੋ ਗਿਆ। ਜੇਲ੍ਹ ਵਿੱਚ ਜਦੋਂ ਸਾਨੂੰ ਇਸਦੀ ਸੂਚਨਾ ਮਿਲੀ ਤਾਂ ਸਾਨੂੰ ਕੁਝ ਧਰਵਾਸ ਮਿਲੀ ਕਿ ਸ਼ਾਇਦ ਹੁਣ ਸਾਡੀ ਜ਼ਮਾਨਤ ਕੁਝ ਜਲਦੀ ਹੋ ਜਾਵੇ। ਪਹਿਲਾਂ ਜੇਲ੍ਹ ਵਿੱਚ ਬੰਦ ਕੈਦਿਆਂ ਨੇ ਸਾਨੂੰ ਕਹਿ ਦਿੱਤਾ ਸੀ ਕਿ ਜਿਸ ਧਾਰਾ ਵਿੱਚ ਤੁਸੀਂ ਬੰਦ ਹੋ ਥੋੜੀ ਜਮਾਨਤ ਤਿੰਨ ਚਾਰ ਮਹੀਨੇ ਨਹੀਂ ਹੁੰਦੀ। ਅਜਿਹੀ ਹੀ ਸ਼ੰਕਾ ਮੇਰੇ ਸਤਿਕਾਰਯੋਗ ਪ੍ਰਸਿੱਧ ਲੇਖਕ ਮਾਲਵਿੰਦਰਜੀਤ ਸਿੰਘ ਵੜੈਚ ਜੀ ਵੀ ਮੇਰੀ ਪਤਨੀ ਨੀਲਮ ਨਾਲ ਫ਼ੋਨ 'ਤੇ ਪ੍ਰਗਟ ਕਰ ਚੁੱਕੇ ਸਨ। ਜਿਸ ਕਾਰਨ ਉਹ ਵਾਹਵਾ ਚਿੰਤਤ ਸੀ।

ਹੁਣ ਤੱਕ ਇਹ ਮਾਮਲਾ ਵਾਹਵਾ ਚਰਚਾ ਵਿੱਚ ਆ ਚੁੱਕਾ ਸੀ, ਖਾਸਕਰ ਅੰਗਰੇਜੀ ਮੀਡੀਏ ਨੇ ਉਸ ਮੌਕੇ ਇਸ ਨੂੰ ਖੂਬ ਤਵੱਜੋ ਦਿੱਤੀ। 'ਦਾ ਟ੍ਰਿਬਿਊਨ' ਨੇ ਸੰਪਾਦਕੀ ਲਿਖੀ, ਇੰਡੀਅਨ ਐਕਸਪ੍ਰੈਸ, ਟਾਈਮਜ਼ ਆਫ਼ ਇੰਡੀਆ ਨੇ ਕਈ ਵੱਡੀਆਂ ਵੱਡੀਆਂ ਖ਼ਬਰਾਂ ਲਾ ਦਿੱਤੀਆਂ ਸਨ। ਹਫ਼ਤੇ ਕੁ ਬਾਅਦ ਜੇਲ੍ਹ ਵਿੱਚ ਇੱਕ ਦਿਨ ਚੰਡੀਗੜ੍ਹ ਤੋਂ ਮੈਨੂੰ ਹਿੰਦੋਸਤਾਨ ਟਾਈਮਜ਼ ਦਾ ਪੱਤਰਕਾਰ ਅਰੀਸ਼ ਛਾਬੜਾ ਮਿਲਣ ਆਇਆ ਜੇਲ੍ਹ ਵਿੱਚ ਸੁਲਾਖਾਂ ਪਿੱਛੇ ਬੰਦ ਦੀ ਚੋਰੀ ਛਿਪੇ ਮੇਰੀ ਫੋਟੋ ਵੀ ਖਿੱਚੀ, ਇਹ ਫੋਟੋ ਮੇਰੇ ਕੋਲ ਹੁਣ ਵੀ ਸਾਂਭੀ ਹੋਈ ਹੈ। ਅਗਲੇ ਦਿਨ ਉਸਨੇ ਇੱਕ ਪੂਰਾ ਪੰਨਾ ਇਸ ਕੇਸ 'ਤੇ ਆਪਣੇ ਅਖ਼ਬਾਰ ਵਿੱਚ ਛਾਪਿਆ ਜਿਸ ਵਿੱਚ ਮੇਰੇ ਜੇਲ੍ਹ ਵਿੱਚ ਬੰਦ ਦੀ ਫੋਟੋ ਵੀ ਸੀ ਅਤੇ ਨਾਲ ਹੀ ਕੈਪਸ਼ਨ ਸੀ 'ਰਜਬ ਅਲੀ ਤਾਂ ਮਹਿਜ਼ ਬਹਾਨਾ ਹੈ ਮਾਮਲਾ ਕੁਝ ਹੋਰ ਹੈ'।

ਕਈ ਵੱਡੇ ਵੱਡੇ ਬੁੱਧਜੀਵੀ, ਜਮਹੂਰੀ ਸੰਸਥਾਵਾਂ ਦੇ ਆਗੂ ਸਾਡੇ ਹੱਕ ਵਿੱਚ ਬਿਆਨ ਦੇ ਰਹੇ ਸਨ, ਇਹਨਾਂ ਵਿੱਚ ਉਸ ਵੇਲੇ ਬਾਦਲ ਸਰਕਾਰ ਦੇ ਇੱਕ ਮੰਤਰੀ ਜੀ ਨੇ ਵੀ ਮੇਰੇ ਹੱਕ ਵਿੱਚ ਬਿਆਨ ਦੇ ਦਿੱਤਾ। ਇਹ ਮੰਤਰੀ ਕਾਫ਼ੀ ਬੁੱਧੀਜੀਵੀ ਸਨ, ਮੰਨਿਆ ਜਾਂਦਾ ਸੀ ਕਿ ਬਾਦਲ ਸਰਕਾਰ ਵੱਲੋਂ ਸ਼ੁਰੂ ਕੀਤੀ ਸੁਵਿਧਾ ਸੈਂਟਰ ਦੀ ਸਹੂਲਤ ਪਿੱਛੇ ਉਨ੍ਹਾਂ ਦਾ ਦਿਮਾਗ ਹੀ ਕੰਮ ਕਰਦਾ ਸੀ। ਬਿਆਨ ਛਪਦੇ ਹੀ ਮੌਕੇ ਦੇ ਡੀਜੀਪੀ ਨੇ ਮੰਤਰੀ ਜੀ ਨੂੰ ਫ਼ੋਨ ਕੀਤਾ ਅਤੇ ਬਿਆਨ ਵਾਪਸ ਲੈਣ ਲਈ ਦਬਾਅ ਬਣਾਉਣਾ ਸ਼ੁਰੂ ਕੀਤਾ। ਜਦੋਂ ਉਨ੍ਹਾਂ ਇਨਕਾਰ ਕਰ ਦਿੱਤਾ ਤਾਂ ਇੱਕ ਪੁਲਿਸ ਅਧਿਕਾਰੀ ਉਨ੍ਹਾਂ ਦੇ ਘਰ ਪਹੁੰਚ ਗਿਆ ਤੇ ਕਹਿਣ ਲੱਗਾ ਕਿ ਮੈਂ ਤਾਂ ਸਿਰਫ਼ ਤੁਹਾਡੀ ਲਾਇਬਰੇਰੀ ਵੇਖਣ ਆਇਆ ਸੀ, ਤੁਸੀਂ ਕਿਹੋ ਜਿਹੀਆਂ ਕਿਤਾਬਾਂ ਪੜ੍ਹਦੇ ਹੋ। ਪੁਲਿਸ ਖਿਲਾਫ਼ ਰੋਜ ਛਪ ਰਹੇ ਬਿਆਨਾਂ ਤੋਂ ਅੱਕ ਕੇ ਐਸ.ਐਸ.ਪੀ. ਬਰਨਾਲਾ ਨੇ ਨੀਲ ਕਮਲ ਨੂੰ ਕਿਹਾ ਕਿ ਉਹ ਇਹਨਾਂ ਖਬਰਾਂ ਨੂੰ ਰੁਕਵਾਵੇ, ਪਰ ਉਸਨੇ ਅਸਮਰੱਥਤਤਾ ਜਾਹਿਰ ਕਰ ਦਿੱਤੀ।

ਇਸ ਪੂਰੇ ਵਿਵਾਦ ਦੌਰਾਨ ਇਕ ਘਟਨਾ ਦਾ ਵਿਸ਼ੇਸ਼ ਰੂਪ ਵਿੱਚ ਜ਼ਿਕਰ ਕਰਨਾ ਚਾਹਾਂਗਾ ਜਿਨੀਂ ਦਿਨੀਂ ਮੈਂ ਜੇਲ੍ਹ ਵਿੱਚ ਬੰਦ ਸੀ। ਕਿਸਾਨਾਂ ਮਜ਼-ਦੂਰਾਂ ਅਤੇ ਅਗਾਂਹਵਧੂ ਮੈਗਜ਼ੀਨਾਂ ਅਧਾਰਿਤ ਚਾਰ ਧਿਰਾਂ ਵੱਲੋਂ ਇੱਕ ਵੱਡਾ ਇਕੱਠ ਜਗਰਾਓ ਵਿੱਚ ਕੀਤਾ ਜਾ ਰਿਹਾ ਸੀ। ਪ੍ਰੋ-ਗਰਾਮ ਤੋਂ ਤੁਰੰਤ ਪਹਿਲਾਂ ਮੇਰੀ ਰਿਹਾਈ ਲਈ ਮਤਾਂ ਪਾਸ ਕਰਨ ਜਾਂ ਨਾ ਕਰਨ ਬਾਰੇ ਚਰਚਾ ਪ੍ਰਬੰਧਕੀ ਧਿਰਾਂ ਵਿੱਚ ਹੋ ਰਹੀ ਸੀ। ਇੱਕ ਧਿਰ ਮੇਰੇ ਹੱਕ ਵਿੱਚ ਮਤਾ ਪਾਸ ਕਰਨ ਦੇ ਖਿਲਾਫ਼ ਸੀ। ਕਾਮਰੇਡਾਂ ਦੀ ਇਹ ਧਿਰ ਦਾ ਸਮਝਣਾਂ ਸੀ ਕਿ ਮੈਂ ਕਿਤਾਬ ਛਾਪਕੇ ਗਲਤ ਗੱਲ ਕੀਤੀ ਹੈ। ਇਹ ਦਲਿਤਾਂ ਪ੍ਰਤੀ ਮੇਰੇ ਨਜ਼ਰੀਏ ਨੂੰ ਦਰਸਾਉਂਦਾ ਹੈ। ਬਾਕੀ ਤਿੰਨ ਧਿਰਾਂ ਮਤੇ ਨੂੰ ਪਾਸ ਕਰਨ ਦੇ ਹੱਕ ਵਿੱਚ ਸਨ। ਅੰਤ ਨੂੰ ਮਤਾ ਪਾਸ ਕਰ ਦਿੱਤਾ ਗਿਆ। ਮੇਰਾ ਵਿਰੋਧ ਕਰਨ ਵਾਲੀ ਇਹ ਇਕੋ ਧਿਰ ਸੀ ਜਿਸ ਦਾ ਹਮਾਇਤੀ ਸਮਝਕੇ ਸਰਕਾਰ ਨੇ ਮੇਰੇ ਖਿਲਾਫ਼ ਇਹ ਪੂਰਾ ਕੇਸ ਤਿਆਰ ਕੀਤਾ ਸੀ। ਪੰਦਰਵੇਂ ਦਿਨ ਮੈਂ ਜੇਲ੍ਹ ਵਿੱਚੋਂ ਰਿਹਾਅ ਹੋ ਕੇ ਘਰ ਪਹੁੰਚ ਗਿਆ। ਸੈਸ਼ਨ ਜੱਜ ਸਮਝਦਾਰ ਸਨ ਉਨ੍ਹਾਂ ਜ਼ਮਾਨਤ ਦਿੰਦਿਆਂ ਮੇਰੇ ਹੱਕ ਵਿੱਚ ਕਈ ਟਿੱਪਣੀਆਂ ਵੀ ਕੀਤੀਆਂ। ਤਿੰਨ ਕੁ ਮਹੀਨਿਆਂ ਬਾਅਦ ਇਸੇ ਸੈਸ਼ਨ ਜੱਜ ਸਾਹਿਬ ਨੇ ਮੈਨੂੰ ਕੇਸ ਵਿੱਚੋਂ ਬਾ-ਇੱਜਤ ਬਰੀ ਕਰ ਦਿੱਤਾ। ਪੁਲਿਸ ਮੇਰੇ ਖਿਲਾਫ਼ ਚਾਰਜ ਅਪਰੂਵ ਕਰਵਾਉਣ ਵਿੱਚ ਨਾਕਾਮਯਾਬ ਰਹੀਂ ਜਿਸ ਕਾਰਨ ਮੇਰਾ ਇਸ ਕੇਸ ਤੋਂ ਖਹਿੜਾ ਛੁੱਟ ਸਕਿਆ। ਜੇਲ੍ਹੋਂ ਰਿਹਾਅ ਹੋਣ ਤੋਂ ਕੁਝ ਦਿਨਾਂ ਬਾਅਦ ਮਾਨਸਾ ਵਿਖੇ ਕਾਮਰੇਡ ਸੁਖ਼ਦਰਸ਼ਨ ਨੱਤ ਜੀ ਦੇ ਮੁੰਡੇ ਦੇ ਵਿਆਹ ਦੀ ਪਾਰਟੀ ਸੀ ਮੈਂ ਵੀ ਭੈਣ ਇਕਬਾਲ ਉਦਾਸੀ ਨਾਲ ਉਸ ਪ੍ਰੋਗਰਾਮ ਵਿੱਚ ਗਿਆ ਸੀ। ਵਿਆਹ ਵਿੱਚ ਆਏ ਬਹੁਤੇ ਮਿੱਤਰ ਅਜਿਹੇ ਸਨ ਜਿੰਨ੍ਹਾਂ ਉੱਤੇ ਮਜ਼ਦੂਰਾਂ ਕਿਸਾਨਾਂ ਦੇ ਅੰਦੋਲਨਾਂ ਦੌਰਾਨ ਕਈ-ਕਈ ਕੇਸ ਚੱਲ ਰਹੇ ਸਨ। ਜਿੰਨ੍ਹਾਂ ਵਿੱਚੋਂ ਬਹੁਤੇ ਕਈ ਕਈ ਮਹੀਨੇ ਜੇਲ੍ਹਾਂ ਵਿੱਚ ਵੀ ਕੱਟ ਆਏ ਸਨ। ਮੈਨੂੰ ਵੇਖਦੇ ਸਾਰ ਉਹ ਸਭ ਹੱਸਣ ਲੱਗੇ ਉਹਨਾਂ ਵਿੱਚੋਂ ਇੱਕ ਬੋਲਿਆ ਚੰਗਾ ਹੋਇਆ ਤੂੰ ਵੀ ਹੱਜ ਕੱਟ ਆਇਆ ਅੱਗੇ ਰੋਜ-ਰੋਜ ਸਾਥੋਂ ਜੇਲ੍ਹ ਦੇ ਕਿੱਸੇ ਸੁਣਦਾ ਤੰਗ ਕਰਦਾ ਸੀ। ਮੈਂ ਵੀ ਉਹਨਾਂ ਵੱਲ ਵੇਖਕੇ ਹੱਸਣ ਲੱਗਿਆ, ਹੁਣ ਮੈਨੂੰ ਭੂਆ ਦੇ ਕਹੇ ਦਾ ਕੋਈ ਅਫਸੋਸ ਨਹੀਂ ਸੀ...।

# ਅਧੁਨਿਕ ਅਤੇ ਪੁਰਾਤਨ ਸ਼ਾਇਰੀ ਦਾ ਸੁਮੇਲ - ਕਵੀ ਦਲਵੀਰ, 'ਦਿਲ ਨਿਝਰ'



ਗੁਰਿੰਦਰਜੀਤ ਸਿੰਘ
"ਨੀਟਾ ਮਾਛੀਕੇ"
559-333-5776

ਲਿਖਣਾ ਕੋਈ ਕਲਾ ਨਹੀਂ ਹੈ , ਇਹ ਪ੍ਰਮਾਤਮਾਂ ਵੱਲੋਂ ਮਿਲਿਆ ਹੋਈਆ ਉਹ ਤੋਹਫ਼ਾ ਹੈ ਜਿਹੜਾ ਬੜੇ ਘੱਟ ਲੋਕਾਂ ਨੂੰ ਨਸੀਬ ਹੁੰਦਾਂ ਹੈ । ਇਹ ਵੀ ਉਸ ਵਾਹਿਗੁਰੂ ਤੇ ਮਨੱਸਰ ਕਰਦਾ ਹੈ ਕਿ ਉਹ ਕਿਸੇ ਲੇਖਕ ਨੂੰ ਕਿੰਨੀ ਕੁ ਲਿਖਣ ਦੀ ਬੁੱਧੀ ਜਾ ਸਮਰੱਥਾ ਬਖਸ਼ਦਾ ਹੈ । ਕੁਝ ਲੇਖਕਾ ਜਾ ਸ਼ਾਇਰਾ ਦੀ ਲੇਖਣੀ ਕਾਰਨ ਪੜ੍ਹਨ ਵਾਲੇ ਪਾਠਕ ਦਾ ਮਨ ਉਚਾਟ ਹੋ ਜਾਂਦਾਂ ਹੈ ਅਤੇ ਮਹਿਸੂਸ ਹੁੰਦਾਂ ਹੈ ਕਿ ਲਿਖਣ ਵਾਲੇ ਨੇ ਸਿਰਫ਼ ਕਾਗ਼ਜ਼ ਹੀ ਕਾਲੇ ਕੀਤੇ ਹਨ । ਕਈ ਸ਼ਾਇਰ ਕੁਝ ਐਸਾ ਲਿਖ ਜਾਂਦੇ ਹਨ । ਜਿਸ ਨੂੰ ਪੜ੍ਹ ਕੇ ਅਨੰਦ ਆਉਂਦਾਂ ਹੈ , ਮਨ ਨੂੰ ਕੋਈ ਚੇਟਕ ਲੱਗਦੀ ਹੈ , ਉਹਦੀਆਂ ਕਵਿਤਾਵਾਂ ਉਹਦੇ ਗੀਤਾ ਵਿੱਚ ਕੋਈ ਉਦੇਸ਼ ਛੁਪਿਆ ਹੋਇਆ ਹੁੰਦਾਂ ਹੈ ਜੋ ਸਮਾਜ ਨੂੰ ਕੋਈ ਸੇਧ ਦੇਣ ਵਿੱਚ ਕਾਰਗਰ ਸਿੱਧ ਹੁੰਦਾ ਹੈ। ਉਹਦੀਆਂ ਰਚਨਾਵਾਂ ਵਿੱਚੋਂ ਸਮਾਜਿਕ ਰਿਸ਼ਤਿਆਂ ਅਤੇ ਸਾਡੇ ਨਰੋਏ ਸੱਭਿਆਚਾਰ ਦੀਆਂ ਖੁਸ਼ਬੋਆਂ ਸਹਿਜੇ ਹੀ ਮਹਿਸੂਸ ਕੀਤੀਆਂ ਜਾ ਸਕਦੀਆਂ ਹਨ। ਇਹੋ ਜਿਹੀ ਮਿਆਰੀ ਸ਼ਾਇਰੀ ਦਾ ਹਸਤਾਖਰ ਹੈ ਕਵੀ ਦਲਵੀਰ, "ਦਿਲ ਨਿੱਝਰ"।

ਜਲੰਧਰ ਜਿਲੇ ਦਾ ਪਿੰਡ ਪੰਡੋਰੀ ਜਿਹਨੂੰ ਬੱਬਰਾਂ ਦੀ ਪੰਡੋਰੀ ਕਰਕੇ ਵੀ ਲੋਕ ਪੁਕਾਰਦੇ ਹਨ ਕਿਉਕਿ ਇਸ ਪਿੰਡ ਨੇ ਬਹੁਤ ਸਾਰੇ ਕ੍ਰਾਂਤੀਕਾਰੀ ਬੱਬਰ ਅਕਾਲੀ ਪੈਦਾ ਕੀਤੇ ਹਨ । ਅਤੇ ਇਹਨਾਂ ਬੱਬਰਾਂ ਵਿੱਚੋਂ ਇੱਕ ਸੀ ਬੱਬਰ ਨਿਰਵੈਰ ਸਿੰਘ (ਰਾਗੀ) ਜਿਨ੍ਹਾਂ 1970 ਤੱਕ ਢਾਡੀ ਕਲਾ ਵਿੱਚ ਵੀ ਖੂਬ ਨਾਮਣਾਂ ਖੱਟਿਆ। ਕਵੀ ਦਿਲ ਨਿੱਝਰ ਇਹਨਾਂ ਬਜੁਰਗਾਂ ਦਾ ਲਾਡਲਾ ਪੋਤਾ ਹੈ ਅਤੇ ਜਿਹੜੇ ਪੋਤੇ ਨੂੰ ਗੁੜ੍ਹਤੀ ਕ੍ਰਾਂਤੀਕਾਰੀ ਬਾਬੇ ਤੋ ਮਿਲੀ ਹੋਵੇ ਫਿਰ ਉਸਦੀਆਂ ਰਚਨਾਵਾਂ ਵਿੱਚ ਕਸ਼ਿਸ਼ ਹੋਣੀ ਤਾਂ ਸੁਭਾਵਿਕ ਹੀ ਹੈ। ਦਲਵੀਰ "ਦਿਲ ਨਿੱਝਰ" ਦਾ ਜਨਮ ਪਿੰਡ ਪੰਡੋਰੀ ਨਿੱਝਰਾਂ ਵਿਖੇ ਬਾਪੂ ਗੁਰਬਚਨ ਸਿੰਘ ਅਤੇ ਮਾਤਾ ਮਹਿੰਦਰ ਕੌਰ ਦੇ ਘਰ ਦਸੰਬਰ 1962 ਨੂੰ ਹੋਇਆ।

ਬਾਪ ਨੂੰ ਵੀ ਥੋੜਾ ਬਹੁਤ ਲਿਖਣ ਦਾ ਸ਼ੌਕ ਸੀ। ਅਤੇ ਦਿਲ ਨਿੱਝਰ ਜਦੋਂ ਪੰਡੋਰੀ ਦੀਆਂ ਗਲੀਆਂ ਵਿੱਚ ਖੇਡਦਾ ਆਪਣੇ ਬਚਪਨ ਵਿੱਚੋਂ ਗੁਜਰ ਰਿਹਾ ਸੀ ਤਾਂ ਲਿਖਣ ਦਾ ਜਜ਼ਬਾ ਕਦੇ ਨਾਂ ਕਦੇ ਭਵਕ ਮਾਰ ਹੀ ਜਾਂਦਾਂ ਸੀ।

ਪਿਛਲੇ ਦਿਨੀਂ ਉਘੇ ਕਾਲਮ ਨਵੀਸ ਐਸ਼ ਅਸ਼ੋਕ ਭੌਰਾ ਸਾਹਿਬ ਦੀਆਂ ਚਾਰ ਕਿਤਾਬਾਂ ਦੇ ਘੁੰਡ ਚੁਕਾਈ ਸਮਾਰੋਹ ਵਿੱਚ ਮੈਨੂੰ ਵੀ ਜਾਣ ਦਾ ਮੌਕਾ ਮਿਲਿਆ, ਉਥੇ ਮਾਨਯੋਗ ਦਿਲਵੀਰ "ਦਿਲ ਨਿੱਝਰ" ਬਤੌਰ ਪੰਜਾਬੀ ਸਹਿਤ ਸਭਾ ਕੈਲੇਫੋਰਨੀਆਂ ਦੇ ਪ੍ਰਧਾਨ ਦੇ ਤੌਰ ਤੇ ਪ੍ਰਧਾਨਗੀ ਮੰਡਲ ਵਿੱਚ ਸਸ਼ੋਭਿਤ ਸਨ । ਮੈ ਪਹਿਲਾ ਵੀ ਅਖ਼ਬਾਰਾਂ ਵਗੈਰਾ ਦੇ ਵਿੱਚ ਇਹਨਾਂ ਵੱਲੋਂ ਕੈਲੇਫੋਰਨੀਆਂ ਸਹਿਤ ਸਭਾ ਦੇ ਪ੍ਰਧਾਨ ਬਣਨ ਤੋ ਬਾਅਦ ਕੀਤੀਆਂ ਵੱਡੀਆਂ ਰੱਦੋ ਬਦਲਾਂ ਤੋ ਕਾਫੀ ਪ੍ਰਭਵਿਤ ਸਾਂ ਪਰ ਉਸ ਦਿਨ ਮਿਲ ਕੇ ਬਹੁਤ ਸਾਰੇ ਸ਼ੰਕੇ ਨਵਿਰਤ ਹੋਵੇ ਅਤੇ ਖੁਲ੍ਹ ਕਿ ਗੱਲਾਬਾਤਾਂ ਵੀ ਹੋਈਆਂ। ਮੈ ਉਹਨਾਂ ਤੋ ਉਹਨਾਂ ਦੇ ਸ਼ਾਇਰੀ ਦੇ ਸਫ਼ਰ ਬਾਰੇ ਪੁੱਛਿਆ ਤਾਂ ਉਹਨਾਂ ਦੱਸਿਆ ਕਿ 1980 ਦੇ ਦਹਾਕੇ ਦੌਰਾਨ ਇੱਕ ਹਾਸਰਸ ਰਸਾਲਾਂ ਨਹਿਲੇ ਤੇ ਦਹਿਲਾ ਬੱਸਾਂ ਵਗੈਰਾ ਚੋ ਆਮ ਵੇਚਿਆ ਜਾਂਦਾਂ ਹੁੰਦਾਂ ਸੀ ਅਤੇ ਦਿਲ ਦੇ ਘਰ ਇੱਕ ਵਾਰੀ ਇਹਨਾਂ ਦੇ ਬਾਪੂ ਜੀ ਦਾ ਦੋਸਤ ਆਇਆ ਅਤੇ ਉਸ ਕੋਲ ਉਹ ਰਸਾਲਾ ਸੀ । ਜਾਂਣ ਸਮੇਂ ਉਹ ਉਸ ਰਸਾਲੇ ਦਾ ਪੋਪਲਾ ਜਿਹਾ ਬਣਾ ਕਿ ਮੰਜੇ ਦੀ ਦੌਣ ਵਿੱਚ ਫਸਾ ਗਿਆ ਅਤੇ ਉਹ ਰਸਾਲਾ "ਦਿਲ" ਦੇ ਹੱਥ ਲੱਗ ਗਿਆ । ਜਦੋਂ ਉਹ ਹਾਸਰਸ ਰਸਾਲਾ ਦਿਲ ਨੇ ਪੜ੍ਹਿਆ ਤਾਂ ਉਹਦੇ ਮਨ ਵਿੱਚ ਖਿਆਲ ਆਇਆ ਕਿ ਇਹੋ ਜਿਹੀਆਂ ਕਵਿਤਾਵਾਂ ਤਾਂ ਮੈ ਵੀ ਲਿਖ ਸਕਦਾ ਹਾਂ। ਦਿਲ ਨਿੱਝਰ ਨੌਵੀਂ ਜਮਾਤ ਦਾ ਵਿਦਿਆਰਥੀ ਸੀ ਜਦੋਂ ਉਹਨੇ ਆਪਣੀ ਪਲੇਠੀ ਕਵਿਤਾ ਲਿਖੀ।




ਉਸ ਤੋ ਬਾਅਦ ਦਿਲ ਨੇ ਲਿਖਣਾਂ ਨਿਰੰਤਰ ਜਾਰੀ ਰੱਖਿਆਂ ਕਵਿਤਾਵਾਂ ਦੇ ਨਾਲ ਨਾਲ ਉਹ ਕਹਾਣੀ ਵੀ ਕਮਾਲ ਦੀ ਲਿਖ ਲੈਂਦਾਂ ਹੈ । ਬੀ.ਏ. ਦੀ ਪੜ੍ਹਾਈ ਉਹਨੇ ਖਾਲਸਾ ਕਾਲਜ ਬਿਆਸ ਤੋ ਕੀਤੀ । ਇਸੇ ਹੀ ਕਾਲਜ ਦੇ ਮੈਗਜ਼ੀਨ ਵਿੱਚ ਪ੍ਰੋ. ਨਿਰਮਲ ਸਿੰਘ ਜੀ ਅਤੇ ਯਾਰਾ ਦੋਸਤਾਂ ਦੇ ਸਹਿਯੋਗ ਨਾਲ ਦਲਵੀਰ ਦੀ ਪਹਿਲੀ ਕਵਿਤਾ ਛਪੀ ਸੀ ਅਤੇ ਇਸ ਤੋ ਬਾਅਦ ਫੇਰ ਚੱਲ ਸੋ ਚੱਲ। ਮਿੰਟਗੁਮਰੀ ਕਾਲਜ ਜਲੰਧਰ ਤੋ ਐਮ.ਏ. ਅਤੇ ਐਮ.ਫਿਲ. ਦੀ ਡਿਗਰੀ ਲੈ ਕੇ ਦਿਲ ਨਿੱਝਰ ਨੇ ਬਤੌਰ ਪ੍ਰੋਫੈਸਰ ਖਾਲਸਾ ਕਾਲਜ ਡਰੋਲੀ ਵਿਖੇ ਪੜ੍ਹਾਇਆ ਵੀ ਹੈ। ਉਸ ਤੋ ਬਾਅਦ ਅਮਰੀਕਾ ਦੀ ਧਰਤੀ ਤੇ ਆ ਕੇ ਵੀ ਲਿਖਣ ਦਾ ਦੌਰ ਜਾਰੀ ਰਿਹਾ ਅਤੇ ਗਾਇਕ "ਜਤਿੰਦਰ ਜਰਗਿਏ" ਨੇ ਦਿਲ ਨਿੱਝਰ ਦੇ ਦੋ ਗੀਤ ਵੀ ਰਿਕਾਰਡ ਕਰਵਾਏ ਜੋ ਬਹੁਤ ਹੀ ਮਕਬੂਲ ਹੋਏ ਹਨ।

"ਦਿਲ ਨਿੱਝਰ" ਜੋ ਕਾਫੀ ਲੰਮੇ ਅਰਸੇ ਤੋ ਕਵਿਤਾ ਦੇ ਰਚਨਾਂ ਸੰਸਾਰ ਨਾਲ ਜੁੜਿਆ ਹੋਇਆ ਹੈ , ਇਹ ਉਹਨਾਂ ਕਵੀਆਂ ਵਿੱਚੋਂ ਹਨ ਜੋ ਕਲਮ ਦੇ ਅੰਗ ਸੰਗ ਰਹਿੰਦੇ ਹਨ ਪਰ ਆਪਣੀਆਂ ਕਵਿਤਾਵਾਂ ਛਪਵਾਉਣ ਵੱਲ ਕਦੇ ਉਚੇਚਾ ਧਿਆਨ ਹੀ ਨਹੀਂ ਦਿੱਤਾ ਪਰ ਕਵਿਤਾ ਲਿਖਣੀ ਉਹਨੂੰ ਮਾਣਨਾ ਰਚਨਾਵਾਂ ਨੂੰ ਸਾਂਭਣਾਂ ਕੋਈ "ਦਿਲ" ਕੋਲੋਂ ਸਿੱਖੇ। ਦਲਵੀਰ ਦੀ ਇਹ ਵੱਖਰੀ ਟੌਹਰ ਹੈ ਕਿ ਉਹਨੇ ਬਿਨਾਂ ਕੋਈ ਕਿਤਾਬ ਛਪਵਾਇਆ ਪ੍ਰਵਾਸੀ ਕਵੀਆਂ ਵਿੱਚ ਆਪਣੀ ਨਵੇਕਲੀ ਜਗ੍ਹਾ ਬਣਾਈ ਹੈ। ਦਿਲ ਨਿੱਝਰ ਦੀਆਂ ਕਵਿਤਾਵਾਂ ਪੜ੍ਹਦਿਆਂ ਇੱਕ ਗੱਲ ਜੋ ਉਭਰ ਕੇ ਸਾਹਮਣੇ ਆਉਂਦੀ ਹੈ ਉਹ ਇਹ ਕਿ ਇੱਕ ਤਾਂ "ਦਿਲ" ਦੀਆਂ ਕਵਿਤਾਵਾਂ ਦੀ ਭਾਸ਼ਾ ਬਹੁਤ ਸਰਲ ਹੈ , ਜੋ ਹਰ ਇੱਕ ਨੂੰ ਸੌਖੀ ਸਮਝ ਪੈ ਜਾਂਦੀ ਹੈ। ਦੂਸਰਾ ਉਸਦੀਆਂ ਕਵਿਤਾਵਾਂ ਆਮ ਇਨਸਾਨ ਦੀ ਜਿੰਦਗੀ ਦੇ ਇਰਦ ਗਿਰਦ ਘੁੰਮਦੀਆਂ ਹੋਣ ਕਾਰਨ ਹਰ ਇੱਕ ਨੂੰ ਆਪਣੀ ਹੱਡ ਬੀਤੀ ਮਹਿਸੂਸ ਹੁੰਦੀਆਂ ਹਨ। ਉਹਦੀਆਂ ਰਚਨਾਵਾਂ ਆਧੁਨਿਕ ਅਤੇ ਪੁਰਾਤਨ ਸ਼ਾਇਰੀ ਦਾ ਸੁਮੇਲ ਹਨ।

ਉਸਦੀਆਂ ਰਚਨਾਵਾਂ ਬਹੁ ਰੰਗੀਆਂ ਹਨ ਕਦੇ ਉਹ ਬਿਰਹੋਂ ਦੀ ਗੱਲ ਕਰਦਾ ਹੈ ਅਤੇ ਇੰਵ ਕਹਿੰਦਾ ਹੈ

ਕਈ ਪਰਾਗੇ ਪੀੜਾ ਦੇ
ਸੀਨੇ ਵਿੱਚ ਛੁਪਾਈ ਫਿਰਦੇ ਹਾਂ
ਭੱਠੀ ਵਾਲੀ ਕੋਈ ਲੱਭਦੀ ਨਾਂ
ਪੀੜਾਂ ਝੋਲੀ ਪਾਈ ਫਿਰਦੇ ਹਾਂ
ਕਾਹਲੀ ਕੋਈ ਨਾਂ ਰਾਹ ਵੀ ਚੰਗੇ
ਸੱਜਣਾਂ ਕੋਲੇ ਲੁਕ ਲੁਕ ਲੰਘੇ
ਭੁੰਨ ਦੇਵੇ ਕੋਈ ਪੀੜ ਪਰਾਗਾ
ਸਾਨੂੰ ਲਾਲਚ ਕੋਈ ਨਹੀਂ ਹੈਗਾ
ਸਾੜ ਦੇਵੇ ਜਾ ਰਾੜ ਹੀ ਦੇਵੇ
ਕਰਜ਼ ਪੀੜਾ ਦਾ ਉਤਾਰ ਹੀ ਦੇਵੇ.......।

ਦਿਲ ਨਿੱਝਰ ਕਈ ਵਾਰੀ ਸੂਝਵਾਨ ਪੱਤਰਕਾਰ ਵੀਰਾ ਨੂੰ ਸੰਬੋਧਨ ਕਰਦਾ , ਉਹਨਾਂ ਨੂੰ ਵੀ ਆਪਣੀ ਮਿਆਰੀ ਸ਼ਾਇਰੀ ਰਾਹੀ ਫਰਜ਼ ਯਾਦ ਕਰਵਾਉਣੋਂ ਵੀ ਨਹੀਂ ਟਲਦਾ ਅਤੇ ਇਹ ਕਹਿ ਜਾਂਦਾਂ ਹੈ

ਪੱਤਰਕਾਰੀ ਦੀ ਕਾਰ ਵੀ ਬਹੁਤ ਔਖੀ
ਸੱਚ ਝੂਠ ਨਿਖਾਰਨਾਂ ਪੈ ਜਾਂਦਾਂ
ਪੜ੍ਹ ਕੇ ਕਲਮ ਫਿਰ ਸੱਚੇ ਦਿਲ ਨਾਂਲ
ਨੰਗਾਂ ਝੂਠ ਨੂੰ ਕਰਨੰ ਪੈ ਜਾਂਦਾਂ....।

ਕਈ ਵਾਰੀ ਉਹ ਮਰਹੂਮ ਕਵੀ ਸ਼ਿਵ ਕੁਮਾਰ ਬਟਾਲਵੀ ਨਾਲ ਆਪਣੀ ਕਵਿਤਾ ਦੇ ਜਰੀਏ ਗੱਲਾ ਵੀ ਕਰਦਾ ਹੈ

ਸ਼ਿਵ ਅਸਾਂ ਤੇਰੀਆਂ ਪੀੜਾਂ ਨੂੰ
ਤੇਰੇ ਅੱਖਰਾਂ ਵਿੱਚੋਂ ਪਾਇਆ ਏ
ਪਰ ਤੇਰੇ ਦੁਖਾ ਤੇ ਦਰਦਾਂ ਨੂੰ
ਅਸੀਂ ਤਨ ਮਨ ਉੱਤੇ ਹੰਢਾਇਆ ਏ
ਇੱਕ ਤੂੰ ਹੀ ਨਹੀਂ ਕਈ ਹੋਰ ਵੀ ਸੀ
ਜਿਨ੍ਹਾਂ ਪਿਆਰ ਵਿੱਚ ਸਭ ਕੁਝ ਗਵਾਇਆ ਏ
ਤੂੰ ਸੀਂਬੇ ਸੱਪ ਦੀ ਗੱਲ ਕੀਤੀ
ਅਸੀਂ ਫਨੀਅਰ ਤੋ ਡੰਗ ਮਰਾਇਆ ਏ
ਸ਼ਿਵ ਅਸਾਂ ਤੇਰੀਆ ਪੀੜਾ ਨੂੰ
ਤੇਰੇ ਅੱਖਰਾਂ ਵਿੱਚੋਂ .......।

ਕਦੀ ਉਹ ਗਦਰੀ ਬਾਬਿਆਂ ਨੂੰ ਯਾਦ ਕਰਦਾ ਸਹੀਦਾ ਦਾ ਸੁਨੇਹਾ ਕੁਝ ਇਸ ਤਰਾਂ ਦਿੰਦਾਂ ਹੈ

ਇਹ ਨਾਂ ਹੋਵੇ ਸਾਡੇ ਮੁੜ ਆਉਣ ਤੱਕ
ਬਹੁਤ ਹੀ ਦੇਰ ਹੋ ਗਈ ਹੋਵੇ
ਇਹ ਜੋ ਰੌਸ਼ਨ ਚਿਰਾਗ ਬਸਤੀ ਹੈ
ਸਦਾ ਲਈ ਢੇਰ ਹੋ ਗਈ ਹੋਵੇ
ਸਾਡੀ ਮੌਤ ਦਾ ਸੋਗ ਮਨਾਂਉਣ ਵਾਲਿਓ
ਗਮ ਦੇ ਹਨੇਰੇ ਚੋ ਡੁੱਬ ਨਾਂ ਜਾਣਾਂ
ਇਹ ਨਾਂ ਹੋਵੇ ਦਹਿਸ਼ਤ ਗਰਦੀ ਦੀ
ਇੱਕ ਹੋਰ ਸਵੇਰ ਹੋ ਗਈ ਹੋਵੇ...।

ਦਿਲ ਨਿੱਝਰ ਦੀਆਂ ਕਵਿਤਾਵਾਂ ਦੇ ਹੋਰ ਵੀ ਬਹੁਤ ਸਾਰੇ ਰੰਗ ਨੇ ਜਿਨ੍ਹਾਂ ਰਾਹੀ ਕਦੇ ਉਸਨੇ ਕੁਖ ਵਿੱਚ ਧੀਆਂ ਮਾਰਨ ਵਾਲਿਆਂ ਨੂੰ ਝਾੜ ਪਾਈ । ਕਦੇ ਉਸਨੇ ਪੰਜਾਬ ਦੇ ਕਾਲੇ ਦੌਰ ਦੀ ਦਾਸਤਾਨ ਬਿਆਨਦੀ ਸ਼ਾਇਰੀ ਪੇਸ਼ ਕੀਤੀ ਕਦੇ ਉਸਨੇ ਪੰਜਾਬ ਦੇ ਤਾਜ਼ਾ ਹਲਾਤਾਂ ਸਬੰਧੀ ਚਾਨਣਾ ਪਾਉਂਦੀ ਦੁਖੀ ਕਿਸਾਨ ਲਈ ਹਾਂ ਦਾ ਨਾਅਰਾ ਮਾਰਦੀ ਕਵਿਤਾ ਲਿਖੀ , ਗੱਲ ਕੀ "ਦਿਲ ਨਿੱਝਰ" ਨੇ ਉਹ ਕਿਹੜਾ ਵਿਸ਼ਾ ਜੋ ਆਪਣੀ ਕਲਮ ਨਾਲ ਨਹੀਂ ਛੋਹਿਆ।

ਅਜੋਕੇ ਸਮੇਂ ਦੀਆਂ ਬਦਲਦੀਆਂ ਪ੍ਰਸਥਿਤੀਆਂ ਕਾਰਨ ਅੱਜ ਕੱਲ ਦਾ ਇਨਸਾਨ ਇੱਕ ਅਨੋਖੇ ਤਣਾਂਅ ਵਿੱਚ ਹੋਣ ਕਾਰਨ ਮਾਨਸਿਕ ਅਤੇ ਸਰੀਰਕ ਤੌਰ ਤੇ ਦੁਖੀ ਹੈ। ਇਹੀ ਦਿਲਵੀਰ , "ਦਿਲ ਨਿੱਝਰ" ਦੀ ਸ਼ਾਇਰੀ ਦਾ ਅਸਲੀ ਧੁਰਾ ਹੈ, ਜਿਸ ਕਰਕੇ ਪਾਠਕਾਂ ਨੂੰ "ਦਿਲ" ਦੀਆਂ ਰਚਨਾਵਾਂ ਟੁੰਬਦੀਆਂ ਹਨ, ਚੰਗੀਆਂ ਲਗਦੀਆਂ ਹਨ। ਇਹ ਹੀ ਪੂਰਨ ਸ਼ਾਇਰ ਦੀ ਅਸਲੀ ਪ੍ਰਾਪਤੀ ਹੈ।

ਦਿਲ ਨਿੱਝਰ ਨੇ ਆਪਣੀਆਂ ਕਵਿਤਾਵਾਂ ਰਾਹੀਂ ਜ਼ਿੰਦਗੀ ਨਾਲ ਬਾ-ਵਾਸਤਾਂ ਹਰਿ ਪਹਿਲੂ ਨੂੰ ਛੋਹਿਆ ਹੈ। ਉਸਦੀ ਹਰ ਕਵਿਤਾ ਸਮਾਜ ਲਈ ਇੱਕ ਸੁਨੇਹਾਂ ਹੈ। ਉਸਦੀ ਕਲਮ ਸਹਿਤ ਦੇ ਕਲਿਆਣਕਾਰੀ ਗੁਣ ਦੀ ਸ਼ਾਹਦੀ ਭਰਦੀ ਹੈ। ਕਵਿਤਾ ਲਿਖਦਾ ਦਿਲ ਆਪਣੇ ਮੂਲ ਦਾ ਪੱਲਾ ਨਹੀਂ ਛੱਡਦਾ। ਸਹਿਜ ਸੁਭਾਅ ਵਗਦੀ ਦਿਲ ਦੀ ਕਲਮ ਪਾਠਕ ਦਾ ਧਿਆਨ ਨਹੀਂ ਉੱਖੜਨ ਦਿੰਦੀ।

ਵਿਸ਼ਿਆਂ ਦੀ ਵੰਨ ਸੁਵੰਨਤਾਂ, ਭਾਸ਼ਾ ਦੀ ਤਾਂਜ਼ਗੀ ਅਤੇ ਸ਼ੈਲੀ ਤੇ ਪਕੜ ਉਸਦੀ ਸ਼ਾਇਰੀ ਦੇ ਅਨਮੋਲ ਗੁਣ ਹਨ। ਹੁਣ ਤੱਕ ਤਕਰੀਬਨ ਦਿਲ ਦੇ ਚਾਰ ਦੇ ਕਰੀਬ ਕਵਿ ਸੰਗ੍ਰਹਿ ਪੰਜਾਬੀ ਮਾਂ ਬੋਲੀ ਦੇ ਵਿਹੜੇ ਦਾ ਸ਼ਿੰਗਾਰ ਬਣ ਚੁੱਕੇ ਹਨ ਅਤੇ ਅਤੇ ਇੱਕ ਇਸ ਕਵਿ ਪੁਸਤਕ ਦਾ ਸੁਆਗਤ ਕਰਦਿਆਂ ਭਵਿੱਖ ਵਿੱਚ ਦਿਲ ਤੋਂ ਹੋਰ ਵੀ ਖ਼ੂਬਸੂਰਤ ਸ਼ਾਇਰੀ ਦੀ ਉਮੀਦ ਕਰਦੇ ਹਾਂ।

# ਕੈਪਟਨ ਸਾਬ੍ਹ ਸਰਕਾਰੀ ਅਦਾਰਿਆਂ 'ਚ ਕੱਚੇ ਮੁਲਾਜਮਾਂ ਦੀ ਹੁੰਦੀ ਅੰਨੀ ਲੁੱਟ ਦਾ ਜਿਕਰ ਕੌਣ ਕਰੂ

(ਸਫਾ 19 ਦੀ ਬਾਕੀ)

ਅਧਿਆਪਕ ਜੱਥੇਬੰਦੀਆਂ ਨੇ ਹੱਥ ਵਿੱਚ 10300 ਰੁਪਏ ਤਨਖਾਹ ਦਾ ਪ੍ਰਸਤਾਵ ਨਾ ਮਨਜੂਰ ਦਾ ਬੈਨਰ ਫੜ੍ਹ ਕੇ ਰੋਸ ਮਾਰਚ ਕੱਢਣ ਤੋਂ ਬਾਅਦ ਸੂਬੇ ਭਰ ਵਿੱਚ ਕੈਪਟਨ ਅਮਰਿੰਦਰ ਸਿੰਘ ਦੀ ਅਰਥੀ ਫੂਕੀ ਸੀ। ਹੁਣ ਗੱਲ ਇਨ੍ਹਾਂ ਕੱਚੇ ਮੁਲਾਜਮਾਂ ਦੀ ਕਰਦੇ ਹੋਏ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਸਵਾਲ ਕਰਦੇ ਹਾਂ ਕਿ ਤੁਸੀਂ ਤਾਂ ਪ੍ਰਾਈਵੇਟ ਕੰਪਨੀਆਂ ਦੁਆਰਾ ਘੱਟੋ ਘੱਟ 3 ਲੱਖ ਪੈਕਜ ਦੇਣ ਦੀਆਂ ਗੱਲਾਂ ਕਰਦੇ ਹੋ (ਭਾਵ 25 ਹਜਾਰ ਪ੍ਰਤੀ ਮਹੀਨਾ) ਪਰ ਤੁਹਾਡੀ ਸਰਕਾਰ ਦੁਆਰਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ, ਲੋਕਲ ਸਰਕਾਰਾਂ ਮੰਤਰੀ ਨਵਜੋਤ ਸਿੰਘ ਸਿੱਧੂ ਅਤੇ ਸਿੱਖਿਆ ਮੰਤਰੀ ਅਰੁਣਾ ਚੌਧਰੀ ਦੀ ਅਗਵਾਈ 'ਚ ਗਠਿਤ ਸਬ ਕਮੇਟੀ ਵੱਲੋਂ ਪਹਿਲਾਂ ਤੋਂ ਹੀ 40 ਤੋਂ 55 ਹਜਾਰ ਤੱਕ ਤਨਖਾਹਾਂ ਲੈ ਰਹੇ ਠੇਕੇ ਤੇ ਰੱਖੇ ਕੱਚੇ ਅਧਿਆਪਕਾਂ ਦੀ ਤਨਖਾਹ 10300 ਰੁਪਏ ਕੀਤੀ ਜਾ ਰਹੀ ਹੈ। ਏਹ ਅੰਨੀ ਲੁੱਟ ਕਿਉਂ? ਐਸ ਐਸ ਏ ਰਮਸਾ ਅਧਿਆਪਕ ਯੂਨੀਅਨ ਦੇ ਸੂਬਾ ਪ੍ਰਧਾਨ ਦੀਦਾਰ ਸਿੰਘ ਮੁੱਦਕੀ ਦੇ ਦੱਸਣ ਮੁਤਾਬਿਕ ਸਾਲ 2008 'ਚ ਭਰਤੀ ਹੋਏ 14 ਸੌ ਦੇ ਕਰੀਬ ਅਧਿਆਪਕਾਂ ਵਾਂਗ 2005-06 ਵਿੱਚ ਭਰਤੀ ਕੀਤੇ ਅਤੇ 2011 'ਚ ਪਿਕਟਸ ਕਮੇਟੀ ਦੇ ਅਧੀਨ ਪੱਕੇ ਹੋਏ ਕੰਪਿਊਟਰ ਅਧਿਆਪਕਾਂ, ਮਾਡਲ ਸਕੂਲਾਂ, ਆਦਰਸ ਸਕੂਲਾਂ ਅਤੇ ਆਈ ਈ ਆਰ ਟੀ ਅਤੇ ਐਸ ਐਸ ਏ ਰਮਸਾ ਦੇ ਨਾਨ ਟੀਚਿੰਗ ਅਧਿਆਪਕਾਂ ਜਿਨ੍ਹਾਂ ਦੀ ਗਿਣਤੀ 40 ਹਜਾਰ ਦੇ ਕਰੀਬ ਬਣਦੀ ਹੈ ਦੀ ਤਨਖਾਹ 10300 ਰੁਪਏ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਸਾਰੇ ਅਧਿਆਪਕ ਬਹੁਤ ਹੀ ਜਿਆਦਾ ਪੜ੍ਹੇ ਲਿਖੇ ਹਨ ਅਤੇ ਭਰਤੀ ਤੋਂ ਦਹਾਕਿਆਂ ਬਾਅਦ ਉਨ੍ਹਾਂ ਦੀ ਅੰਨੀ ਲੁੱਟ ਦੀ ਤਿਆਰੀ ਕੀਤੀ ਜਾ ਰਹੀ ਹੈ। ਜਿਸ ਖਿਲਾਫ ਅਸੀ ਸੰਘਰਸ਼ ਵਿੱਢ ਦਿੱਤਾ ਹੈ।

ਏਹ ਤਾਂ ਚੰਗੀਆਂ ਤਨਖਾਹਾਂ ਲੈ ਰਹੇ ਅਧਿਆਪਕਾਂ ਦਾ ਮਾਮਲਾ ਹੈ ਜਿਨ੍ਹਾਂ ਦੀ ਤਨਖਾਹ ਸਰਕਾਰ ਵੱਲੋਂ ਘੱਟ ਕੀਤੇ ਜਾਣ ਦੀਆਂ ਤਿਆਰੀਆਂ ਹੋ ਰਹੀਆਂ ਹਨ। ਹੁਣ ਗੱਲ 10 ਸਾਲ ਤੋਂ ਜਿਆਦਾ ਸਮੇਂ ਤੋਂ ਕਲਾਸ ਫੋਰ ਦੇ ਮੁਲਾਜਮਾਂ ਦੀ ਕਰਦੇ ਹਾਂ। ਜਿਨ੍ਹਾਂ ਸਬੰਧੀ ਜਾਣਕਾਰੀ ਦਿੰਦਿਆਂ ਕੱਚੇ ਮੁਲਾਜਮਾਂ ਦੀ ਸੰਘਰਸ ਕਮੇਟੀ ਦੇ ਆਗੂ ਆਸ਼ੀਸ ਜੁਲਾਹਾ ਨੇ ਦੱਸਿਆ ਕਿ ਰੂਰਲ ਹੈਲਥ ਅਤੇ ਵੈਟਨਰੀ ਹਸਪਤਾਲਾਂ ਵਿੱਚ ਕੰਮ ਕਰਦੇ ਕਲਾਸ ਫੋਰ ਦੇ ਕਰਮਚਾਰੀਆਂ ਨੂੰ ਪਿਛਲੇ 10 ਸਾਲਾਂ ਤੋਂ ਜਿਆਦਾ ਸਮੇਂ ਤੋਂ ਮਹਿਜ 4000 ਰੁਪਏ ਤਨਖਾਹ ਦਿੱਤੀ ਜਾ ਰਹੀ ਹੈ ਜੋ ਸਰਕਾਰ ਦੁਆਰਾ ਮਜਦੂਰਾਂ ਦੇ ਘਾਣ ਦਾ ਪ੍ਰਤੱਖ ਪ੍ਰਮਾਣ ਹੈ। ਉਨ੍ਹਾਂ ਕਿਹਾ ਕਿ ਅਸੀ ਇਨ੍ਹਾਂ ਲਈ ਘੱਟੋ ਘੱਟ ਉਜਰਤਾਂ (9500) ਦੇ ਕਾਨੂੰਨ ਮੁਤਾਬਿਕ ਤਨਖਾਹ ਦੀ ਮੰਗ ਕਰ ਚੁੱਕੇ ਹਾਂ ਪਰ ਸਾਡੀਆਂ ਮੰਗਾਂ ਵੱਲ ਕੋਈ ਧਿਆਨ ਨਹੀ ਦਿੱਤਾ ਜਾ ਰਿਹਾ। ਇਨ੍ਹਾਂ ਕੱਚੇ ਕਰਮਚਾਰੀਆਂ ਦੀ ਗਿਣਤੀ 1650 ਤੋਂ ਜਿਆਦਾ ਹੈ ਜਿਨ੍ਹਾਂ ਦਾ ਸਿੱਧੇ ਸਿੱਧੇ ਸਰੀਰਕ ਤੇ ਆਰਥਿਕ ਸ਼ੋਸ਼ਣ ਸਰਕਾਰ ਵੱਲੋਂ ਹੀ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਏਸੇ ਪ੍ਰਕਾਰ 8 ਸਾਲ ਤੋਂ ਕੰਮ ਕਰਦੇ 1 ਹਜਾਰ ਨਰੇਗਾ ਮੁਲਾਜਮਾਂ ਨੂੰ 7 ਤੋਂ 8 ਹਜਾਰ ਰੁਪਏ, 12 ਸਾਲ ਤੋਂ ਕੰਮ ਕਰਦੇ ਸਿੱਖਿਆ ਪ੍ਰੋਵਾਈਡਰ ਵਲੰਟੀਅਰਾਂ ਨੂੰ 85 ਸੌ, 9250 ਰੁਪਏ ਅਤੇ 10 ਹਜਾਰ, ਈ ਜੀ ਐਸ-ਐਸ ਟੀ ਆਰ ਵਲੰਟੀਅਰਾਂ ਨੂੰ 2500 ਅਤੇ 5000 ਰੁਪਏ, 8 ਸਾਲ ਤੋਂ ਕੰਮ ਕਰਦੇ ਮਿਡ ਡੇਅ ਮੀਲ ਦਫਤਰੀ ਕਾਮਿਆਂ ਨੂੰ 12 ਤੋਂ 13 ਹਜਾਰ, 12 ਸੌ ਦੇ ਕਰੀਬ ਨੈਸ਼ਨਲ ਹੈਲਥ ਮਿਸ਼ਨ ਦੇ ਕਲਰਕਾਂ ਨੂੰ 8 ਹਜਾਰ ਦੇ ਕਰੀਬ, 11 ਸੌ ਦੇ ਕਰੀਬ ਫਰਮਾਸਿਸਟਾਂ ਨੂੰ 8 ਹਜਾਰ ਦੇ ਕਰੀਬ, 10 ਸਾਲ ਤੋਂ ਜਿਆਦਾ ਸਮੇਂ ਤੋਂ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ 'ਚ ਕੰਮ ਕਰਦੇ 22 ਸੌ ਕਰਮਚਾਰੀਆਂ ਨੂੰ 84 ਸੌ ਤੋਂ 10 ਹਜਾਰ ਰੁਪਏ ਤਨਖਾਹ ਦਿੱਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਵੱਖ ਵੱਖ ਹੋਰਨਾਂ ਵਿਭਾਗਾਂ ਤੋਂ ਇਲਾਵਾ ਮੁੱਖ ਮੰਤਰੀ ਅਤੇ ਸੈਕਟਰੀਏਟ ਵਿੱਚ ਵੀ ਕੱਚੇ ਕਾਮੇ ਬਹੁਤ ਹੀ ਘੱਟ ਤਨਖਾਹਾਂ ਤੇ ਕੰਮ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਕੱਚੇ ਮੁਲਾਜਮਾਂ ਦਾ ਹੋਰ ਖੂਨ ਪੀਣ ਦੇ ਮਨੋਰਥ ਨਾਲ ਜਿਥੇ ਪਹਿਲੀ ਸਰਕਾਰ ਦੇ 27 ਹਜਾਰ ਕੱਚੇ ਮੁਲਾਜਮਾਂ ਨੂੰ ਪੱਕੇ ਕਰਨ ਦੇ ਪਾਸ ਕੀਤੇ ਪ੍ਰਸਤਾਵ ਨੂੰ ਰੱਦੀ ਦੀ ਟੋਕਰੀ ਵਿੱਚ ਸੁੱਟ ਦਿੱਤਾ ਗਿਆ ਹੈ ਉਥੇ ਸੁਪਰੀਮ ਕੋਰਟ ਦੇ ਬਰਾਬਰ ਕੰਮ ਬਰਾਬਰ ਤਨਖਾਹ ਦੀਆਂ ਧੱਜੀਆਂ ਉਡਾ ਇਸਨੂੰ ਲੱਗਭਗ ਠੰਡੇ ਬਸਤੇ 'ਚ ਪਾ ਕੇ ਮਾਨਯੋਗ ਸੁਪਰੀਮ ਕੋਰਟ ਦੇ ਆਦੇਸ਼ਾਂ ਦੀ ਤੌਹੀਨ ਕੀਤੀ ਜਾ ਰਹੀ ਹੈ।

ਪਿਛਲੀ ਅਕਾਲੀ ਭਾਜਪਾ ਸਰਕਾਰ ਨੇ ਸਾਲ 2004 ਤੋਂ ਸੂਬੇ ਭਰ ਵਿੱਚ ਖੁੱਲੇ ਸੁਵਿਧਾ ਸੈਂਟਰਾਂ ਦੇ ਕੱਚੇ ਮੁਲਾਜਮਾਂ ਦੀ ਪਹਿਲਾਂ ਤਾਂ ਨਿਗੁਣੀਆਂ ਤਨਖਾਹਾਂ ਦੇ ਕੇ ਅੰਨੀ ਲੁੱਟ ਕੀਤੀ ਅਤੇ ਜਾਂਦੇ ਜਾਂਦੇ ਉਨ੍ਹਾਂ ਨੂੰ ਵੀ ਘਰਾਂ ਨੂੰ ਤੋਰ ਗਏ ਜੋ ਅੱਜ ਵੀ ਆਪਣੇ ਰੁਜਗਾਰ ਬਹਾਲੀ ਲਈ ਸੰਘਰਸ਼ ਕਰ ਰਹੇ ਹਨ। ਹਮੇਸ਼ਾ ਸੁਰਖੀਆਂ ਵਿੱਚ ਰਹਿਣ ਵਾਲੇ ਸੁਵਿਧਾ ਸੈਂਟਰਾਂ ਪ੍ਰਤੀ ਆਗੂ ਵਰਿੰਦਰ ਸਿੰਘ ਨੇ ਹੈਰਾਨੀ ਜਨਕ ਪ੍ਰਗਟਾਵੇ ਕੀਤੇ। ਉਨ੍ਹਾਂ ਦੱਸਿਆ ਕਿ ਸੁਵਿਧਾ ਸੈਂਟਰਾਂ ਵਿੱਚ ਪੜੇ ਲਿਖੇ ਕੁਸ਼ਲ ਕਰਮਚਾਰੀ ਲੋਕਾਂ ਨੂੰ ਕਈ ਸਾਲਾਂ ਤੋਂ ਨਿਰਵਿਘਨ ਚੰਗੀਆਂ ਸੇਵਾਵਾਂ ਦੇ ਰਹੇ ਸਨ। ਅਸੀ ਆਪਣੀਆਂ ਤਨਖਾਹਾਂ ਕੱਢ ਕੇ 15 ਫੀਸਦੀ ਕਮਾਈ ਸਰਕਾਰ ਨੂੰ ਦਿੰਦੇ ਸੀ ਪਰ ਕਰੋੜਾਂ ਦਾ ਘੁਟਾਲਾ ਕਰਨ ਦੀ ਮਨਸ਼ਾ ਨਾਲ ਅਕਾਲੀ ਭਾਜਪਾ ਗਠਜੋੜ ਸਰਕਾਰ ਨੇ ਸੁਵਿਧਾ ਕੇਂਦਰਾਂ ਦੀ ਥਾਂ ਤੇ 2 ਹਜਾਰ ਕਰੋੜ ਖਰਚ ਕੇ ਸੇਵਾ ਕੇਂਦਰ ਬਣਾ ਦਿੱਤੇ ਅਤੇ ਇਨ੍ਹਾਂ ਨੂੰ ਚਲਾਉਣ ਲਈ ਬੀ ਐਸ ਐਲ ਕੰਪਨੀ ਨੂੰ 280 ਕਰੋੜ ਸਲਾਨਾ ਦੇਣ ਦਾ ਇਕਰਾਰ ਕੀਤਾ। ਲੁ-ਧਿਆਣਾ ਦੇ ਸੁਵਿਧਾ ਕੇਂਦਰ 'ਚ ਤਾਇਨਾਤ ਖਜਾਨਚੀ ਨਵਨੀਤ ਸ਼ਰਮਾ ਨੇ ਦੱਸਿਆ ਕਿ ਸਾਲ 2015-16 ਵਿੱਚ ਢਾਈ ਕਰੋੜ ਦੇ ਕਰੀਬ ਕੁੱਲ ਕਮਾਈ ਹੋਈ ਸੀ ਜਿਸ ਦਾ 30 ਲੱਖ ਦੇ ਕਰੀਬ 15 ਫੀਸਦੀ ਮੁਨਾਫਾ ਸੁਵਿਧਾ ਕਰਮੀਆਂ ਨੇ ਸਰਕਾਰ ਨੂੰ ਕਮਾ ਕੇ ਦਿੱਤਾ ਸੀ। ਉਨ੍ਹਾਂ ਕਿਹਾ ਕਿ ਬਾਕੀ ਜਿਲਿਆਂ ਵਿਚ ਵੀ ਏਸੇ ਪ੍ਰਕਾਰ ਦਾ ਮੁਨਾਫਾ ਹਰ ਸਾਲ ਸੁਵਿਧਾ ਕਰਮਚਾਰੀ ਸਰਕਾਰ ਨੂੰ ਦਿੰਦੇ ਸਨ। ਏਨੇ ਮੁਨਾਫੇ ਦੇ ਬਾਵਯੂਦ ਸਾਨੂੰ ਬੇਰੁਜਗਾਰ ਕਰਕੇ ਸੁਵਿਧਾ ਕੇਂਦਰ ਬੰਦ ਕਰਨਾ ਸਿੱਧਾ ਭ੍ਰਿਸਟਾਚਾਰ ਵੱਲ ਹੀ ਇਸਾਰਾ ਹੈ। ਬੇਰੁਜਗਾਰ ਲਾਈਨਮੈਨ ਯੂਨੀਅਨ ਦੇ ਸੂਬਾ ਪ੍ਰਧਾਨ ਪਿਰਮਲ ਸਿੰਘ ਖਾਲਸਾ ਜੋ ਹੁਣ ਆਮ ਆਦਮੀਂ ਪਾਰਟੀ ਦੇ ਵਿਧਾਇਕ ਵੀ ਹਨ ਨੇ ਦੱਸਿਆ ਕਿ ਬਿਜਲੀ ਨਿਗਮ ਵਿੱਚ ਸਾਲ 2011 ਵਿੱਚ 1 ਹਜਾਰ ਅਤੇ 2013 ਵਿੱਚ ਦੁਬਾਰਾ 1 ਹਜਾਰ ਲਾਈਨਮੈਨ ਰੱਖੇ ਗਏ ਸਨ ਤੇ ਹੁਣ 28 ਸੌ ਅਸਿਸਟੈਂਟ ਲਾਈਨਮੈਨ (82 ਸੌ ਰੁਪਏ) ਰੱਖਣੇ ਹਨ। ਬਾਅਦ ਵਿੱਚ ਰੱਖੇ ਲਾਈਨਮੈਨਾਂ ਨੂੰ ਅਜੇ ਤੱਕ ਪੱਕਾ ਨਹੀ ਕੀਤਾ ਗਿਆ ਤੇ ਉਨ੍ਹਾਂ ਨੂੰ 10 ਹਜਾਰ ਤਨਖਾਹ ਦਿੱਤੀ ਜਾ ਰਹੀ ਹੈ ਜਿਨ੍ਹਾਂ ਵਿੱਚੋਂ 2 ਲਾਈਨਮੈਨਾਂ ਅਤੇ ਇੱਕ ਐਸ ਐਸ ਏ ਦੀ ਮੌਤ ਹੋਣ ਤੇ ਸਰਕਾਰ ਵੱਲੋਂ ਕੋਈ ਵੀ ਆਰਥਿਕ ਮੱਦਦ ਜਾਂ ਸਹੂਲਤ ਨਹੀ ਦਿੱਤੀ ਗਈ। ਉਨ੍ਹਾਂ ਕਿਹਾ ਕਿ ਬਿਜਲੀ ਨਿਗਮ ਵਿੱਚ ਵੱਡੇ ਘੁਟਾਲੇ ਕਰਨ ਲਈ ਹੀ ਠੇਕੇਦਾਰੀ ਸਿਸਟਮ ਚਲਾਇਆ ਜਾ ਰਿਹਾ ਹੈ। ਸਰਕਾਰ ਦੁਆਰਾ ਰੱਖੇ ਕੱਚੇ ਮੁਲਾਜਮਾਂ ਤੋਂ ਬੁਰ੍ਹਾ ਹਾਲ ਠੇਕੇ ਤੇ ਰੱਖੇ ਕੱਚੇ ਮੁਲਾਜਮਾਂ ਦਾ ਹੈ। ਉਨ੍ਹਾਂ ਦੇ ਨਾਮ ਤੇ ਪਹਿਲਾਂ ਬਾਦਲਾਂ ਦੇ ਖਾਸ ਰਿਸਤੇ ਦਾਰ ਦੀ ਪ੍ਰਾਈਵੇਟ ਠੇਕਾ ਕੰਪਨੀ ਸਰਕਾਰ ਦੇ ਖਜਾਨੇ 9 ਚੋਂ ਮੋਟੀ ਰਕਮ ਲੈ ਕੇ ਅੱਗੇ ਬਹੁਤ ਹੀ ਥੋੜੀਆਂ ਤਨਖਾਹਾਂ ਤੇ ਕੰਮ ਕਰਵਾ ਇਨ੍ਹਾਂ ਕੱਚੇ ਕਰਮੀਆਂ ਦਾ ਖੂਨ ਪੀਂਦੀ ਸੀ ਅਤੇ ਹੁਣ ਕਾਂਗਰਸੀਆਂ ਦੀਆਂ ਅਜਿਹੀਆਂ ਕੰਪਨੀਆਂ ਖੂਨ ਪੀ ਰਹੀਆਂ ਹਨ। ਪਾਵਰਕਾਮ ਐਂਡ ਟਰਾਂਸਕੋ ਠੇਕਾ ਮੁਲਾਜਮ ਯੂਨੀਅਨ ਦੇ ਪ੍ਰਧਾਨ ਬਲਹਾਰ ਸਿੰਘ ਨੇ ਦੱਸਿਆ ਕਿ 2013 ਵਿੱਚ 3000 ਹਜਾਰ ਦੇ ਕਰੀਬ ਰੱਖੇ ਕੱਚੇ ਕਾਮਿਆਂ ਨੂੰ 5 ਤੋਂ 9 ਹਜਾਰ ਰੁਪਏ ਤਨਖਾਹ ਦਿੱਤੀ ਜਾ ਰਹੀ ਹੈ ਜੋ ਘੱਟੋ ਘੱਟ ਉਜਰਤਾਂ ਤੋਂ ਵੀ ਘੱਟ ਹੈ। ਇਨ੍ਹਾਂ ਹੀ ਨਹੀ ਪਹਿਲਾਂ ਤਾਂ ਸਾਡੀ ਕੋਈ ਸੁਣਵਾਈ ਹੀ ਨਹੀ ਹੁੰਦੀ ਅਤੇ ਸੀਜਨ ਬੰਦ ਹੋਣ ਤੇ ਸਾਡੇ 70 ਫੀਸਦੀ ਕਾਮਿਆਂ ਨੂੰ ਘਰਾਂ ਨੂੰ ਤੋਰ ਦਿੱਤਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਸੁਰੱਖਿਆ ਅਤੇ ਤਨਖਾਹਾਂ ਵਧਾਉਣ ਲਈ ਹੁਣ ਵੀ ਅਸੀ ਸੰਘਰਸ਼ ਦੇ ਰਾਹ ਤੇ ਹਾਂ।

ਕੱਚੇ ਕਰਮਚਾਰੀ ਯੂਨੀਅਨ ਦੇ ਆਗੂਆਂ ਨੇ ਜੋ ਜਾਣਕਾਰੀ ਦਿੱਤੀ ਉਸ ਤੋਂ ਸਾਫ ਹੈ ਕਿ ਪੰਜਾਬ ਸਰਕਾਰ ਦੇ ਅਧੀਨ ਕੰਮ ਕਰਦੇ ਇਨ੍ਹਾਂ ਮੁਲਾਜਮਾਂ ਦਾ ਬਹੁਤ ਹੀ ਜਿਆਦਾ ਸ਼ੋਸਣ ਹੋ ਰਿਹਾ ਹੈ। ਪੜਾਈ ਅਤੇ ਹੁਨਰ ਪੱਖੋਂ ਏਹ ਪੂਰੇ ਖਰ੍ਹੇ ਹਨ ਅਤੇ ਕਈ ਕਈ ਸਾਲ ਕੰਮ ਕਰਨ ਦਾ ਤਜੁਰਬਾ ਇਨ੍ਹਾਂ ਦੀ ਚੰਗੀ ਕਾਰਗੁਜਾਰੀ ਤੇ ਆਪਣੇ ਆਪ ਵਿੱਚ ਮੋਹਰ ਹੈ। ਕੈਪਟਨ ਸਾਬ੍ਹ ਜੇਕਰ ਪ੍ਰਾਈਵੇਟ ਕੰਪਨੀਆਂ ਹੁਨਰਮੰਦਾਂ ਦੀ ਪਰਖ ਕਰ ਉਨ੍ਹਾਂ ਨੂੰ ਘੱਟੋ ਘੱਟ 25 ਹਜਾਰ ਅਤੇ ਵੱਧ ਤੋਂ ਵੱਧ ਢਾਈ ਲੱਖ ਪ੍ਰਤੀ ਮਹੀਨਾ ਉਜਰਤਾਂ ਦੇ ਸਕਦੀਆਂ ਹਨ ਤਾਂ ਤੁਸੀ ਕਿਉਂ ਨਹੀ ਦੇ ਸਕਦੇ। ਏਹ ਕੱਚੇ ਕਾਮਿਆਂ ਦੇ ਵੀ ਤੁਹਾਡੇ ਵਾਂਗ ਸੁਪਨੇ ਹਨ ਜੋ ਅਜਿਹੀਆਂ ਪੈਦਾ ਕੀਤੀਆਂ ਸਥਿਤੀਆਂ ਵਿੱਚ ਕਦੇ ਵੀ ਪੂਰੇ ਨਹੀ ਹੋਣੇ। ਜੇਕਰ 'ਹਰ ਘਰ ਵਿੱਚ ਰੁਜਗਾਰ' ਦੇ ਅਸਲੀ ਕੈਪਟਨ ਬਣਨਾ ਹੈ ਪਹਿਲਾਂ ਇਨ੍ਹਾਂ ਨੂੰ ਹੀ ਰਾਹਤ ਦੇ ਦਿਓ ਜੋ ਆਏ ਦਿਨ ਸੜਕਾਂ ਤੇ ਤੁਹਾਡੀ ਪੁਲਿਸ ਤੋਂ ਡਾਗਾਂ ਖਾਂਦੇ ਰਹਿੰਦੇ ਹਨ ਫੇਰ ਨਵਿਆਂ ਬਾਰੇ ਸੋਚਿਓ। ਮੁੱਕਦੀ ਗੱਲ ਹੋਣ ਤੁਸੀ ਫਰਜੀ ਰੁਜਗਾਰ ਮੇਲੇ ਲਗਾ ਕੇ ਲੋਕਾਂ ਨੂੰ ਮੂਰਖ ਬਣਾ ਰਹੇ ਹੋ, ਸਾਲ 2019 ਅਤੇ ਫੇਰ 2022 'ਚ ਜਨਤਾ ਨੇ ਆਪਣਾ ਕੰਮ ਕਰ ਜਾਣਾ ਹੈ ਫੇਰ ਅਕਾਲੀ ਭਾਜਪਾ ਗਠਜੋੜ ਵਾਂਗ ਤੁਸੀ ਵੀ ਪੋਲ ਖੋਲ ਰੈਲੀਆਂ ਕਰਦੇ ਰਹਿਓ,,,,

ਸ਼੍ਰੀ ਸੀ ਐਲ ਦੁਆਰਾ ਪ੍ਰਕਾਸ਼ਿਤ ਕੀਤੇ ਜਾਂਦੇ ਰਹੇ 'ਕੌਮੀ ਉਭਾਰੀਆਂ', ਜਲੰਧਰ (ਦਸੰਬਰ 1985) 'ਚੋਂ ਧੰਨਵਾਦ ਸਹਿਤ

# ਆਜ਼ਾਦੀ ਤੋਂ ਪਹਿਲਾਂ ਦੇ ਪੰਜਾਬ ਵਿਚ ਆਦਿ-ਧਰਮੀਆਂ ਦੀ ਰਾਜਨੀਤੀ

ਮਦਨ ਲਾਲ ਮਢਾਰ
ਐਮ. ਏ., ਐਮ. ਫਿਲ

ਪੰਜਾਬ, ਭਾਰਤ ਦੇ ਉਹਨਾਂ ਕੁਝ ਰਾਜਾਂ ਵਿਚੋਂ ਇਕ ਹੈ, ਜਿੱਥੇ ਅਨੁਸੂਚਿਤ ਜਾਤਾਂ ਦੀ ਜਨਸੰਖਿਆ (ਆਬਾਦੀ) ਦਾ ਅਨੁਪਾਤ ਬਹੁਤ ਜ਼ਿਆਦਾ ਹੈ। ਤੁਲਨਾ ਦੇ ਤੌਰ ਤੇ ਪੰਜਾਬ ਦੀਆਂ ਅਨੁਸੂਚਿਤ ਜਾਤਾਂ, ਦੂਜੇ ਰਾਜਾਂ ਨਾਲੋਂ ਰਾਜਨੀਤਿਕ ਪੱਖੋਂ ਵਧੇਰੇ ਜਾਗਰਿਤ ਅਤੇ ਅਗਾਂਹਵਧੂ ਹਨ। ਪੰਜਾਬ ਰਾਜ ਦੇ ਸਮਾਜਿਕ ਤੇ ਰਾਜਨੀਤਕਿ ਖੇਤਰ ਵਿਚ ਉਹਨਾਂ ਦੀ ਇਕ ਮਹੱਤਵਪੂਰਨ ਥਾਂ ਹੈ। 1975 ਈ: ਤੋਂ ਪਹਿਲਾਂ ਇਹਨਾਂ ਜਾਤਾਂ ਦੀ ਹਾਲਤ ਬਹੁਤ ਤਰਸਯੋਗ ਸੀ ਅਤੇ ਇਹ ਸਿਰਫ 'ਆਦਿ-ਧਰਮ' ਲਹਿਰ ਹੀ ਸੀ, ਜਿਸਨੇ ਨੀਵੀਆਂ ਜਾਤਾਂ ਨੂੰ ਰਾਜਨੀਤਿਕ ਤੌਰ ਤੇ ਜਾਗਰਿਤ ਕੀਤਾ। ਅਸਲ ਵਿਚ ਆਦਿ-ਧਰਮ ਲਹਿਰ ਦੀ ਸ਼ੁਰੂਆਤ ਨਾਲ ਹੀ, ਇਹਨਾਂ ਜਾਤਾਂ ਦੀ ਰਾਜਨੀਤੀ ਆਰੰਭ ਹੋਈ।

ਆਜ਼ਾਦੀ ਤੋਂ ਪਹਿਲਾਂ ਦੇ ਪੰਜਾਬ ਵਿਚ ਅਨੁਸੂਚਿਤ ਜਾਤਾਂ ਦੀ ਰਾਜਨੀਤੀ ਦੇ ਅਧਿਐਨ ਤੋਂ ਪਹਿਲਾਂ ਇਹ ਜਾਨਣਾ ਮਹੱਤਵਪੂਰਨ ਹੈ ਕਿ ਆਦਿ-ਧਰਮ ਲਹਿਰ ਕੀ ਸੀ, ਤੇ ਉਹ ਕੀ ਕਾਰਨ ਸਨ, ਜਿਹਨਾਂ ਕਰਕੇ ਆਦਿ-ਧਰਮ ਲਹਿਰ ਸ਼ੁਰੂ ਹੋਈ। ਜਿਵੇਂ ਕਿ ਸਮਾਜਿਕ ਅੰਦੋਲਨ ਇਕ ਸਮਾਜ ਵਿਚ ਮੌਜੂਦ ਸਮਾਜਿਕ, ਆਰਥਿਕ, ਸੰਸਕ੍ਰਿਤਕ ਤੇ ਰਾਜਨੀਤਿਕ ਹਾਲਾਤਾਂ ਕਰਕੇ ਪੈਦਾ ਹੁੰਦਾ ਹੈ। ਆਦਿ-ਧਰਮ ਲਹਿਰ ਦਾ ਜਨਮ ਵੀ ਕੁਝ ਅਜਿਹੇ ਹਾਲਾਤਾਂ ਵਿਚ ਹੀ ਹੋਇਆ।

ਆਦਿ-ਧਰਮ ਲਹਿਰ ਸ਼ੁਰੂ ਹੋਣ ਤੋਂਪਹਿਲਾਂ ਆਦਿ-ਧਰਮੀਆਂ ਦੀ ਕਿਸਮਤ ਦਾ ਫੈਸਲਾ ਹੋਣਾ ਸੰਭਵ ਨਹੀਂ ਸੀ। ਭਾਰਤੀ ਸਮਾਜ ਵਿਚੋਂ ਇਕ ਵਰਗ ਨੂੰ ਸਰੀਰਕ ਤੌਰ 'ਤੇ ਵੱਖ ਕੀਤਾ ਗਿਆ ਸੀ ਤੇ ਉਹਨਾਂ ਨੂੰ ਅਛੂਤ ਕਿਹਾ ਜਾਂਦਾ ਸੀ, ਭਾਵੇਂ ਜਨਸੰਖਿਆ ਦੇ ਆਧਾਰ 'ਤੇ ਉਹਨਾਂ ਦੀ ਗਿਣਤੀ ਕਾਫੀ ਸੀ, ਪਰ ਉਹਨਾਂ ਨੂੰ ਭਾਰਤ-ਸਮਾਜ ਵਿਚੋਂ ਕੱਢਿਆ ਗਿਆ ਸੀ। ਇਹਨਾਂ ਅਛੂਤਾਂ ਨੂੰ ਉਚੀਆਂ ਜਾਤਾਂ ਕੋਲੋਂ ਕਿਸੇ ਖਾਸ ਦੂਰੀ 'ਤੇ ਰਹਿਣਾ ਪੈਂਦਾ ਸੀ, ਕਿਉਂਕਿ ਇਹਨਾਂ ਦਾ ਛੂਹਣਾ ਮਾਤਰ ਹੀ ਇਕ ਪਾਪ ਸਮਝਿਆ ਜਾਂਦਾ ਸੀ। ਇੱਥੋਂ ਤੱਕ ਕਿ ਉਹ ਉਚੀਆਂ ਜਾਤਾਂ ਨਾਲੋਂ ਪਹਿਰਾਵੇ, ਖਾਣ-ਪੀਣ ਅਤੇ ਬੋਲ-ਚਾਲ ਵਿਚ ਵੱਖਰੇ ਸਨ। ਉਚੀਆਂ ਜਾਤਾਂ 'ਉਹ ਚਮਾਰ' ਕਹਿਣ ਦੀ ਬਜਾਏ 'ਉਹ ਚਮਾਰ ਨੇ' ਵਰਗੀਆਂ ਗਾਲ੍ਹਾਂ ਦਾ ਆਮ ਪ੍ਰਯੋਗ ਕਰਦੀਆਂ ਸਨ। ਇਹੋ ਜਿਹੇ ਹਾਲਾਤਾਂ ਨੇ ਦੂਸਰੇ ਮੁੱਖ ਧਰਮਾਂ, ਜਿਵੇਂ ਇਸਲਾਮ, ਸਿੱਖੀ ਅਤੇ ਇਸਾਈਆਂ ਨੂੰ ਇਕ ਮੌਕਾ ਦਿੱਤਾ ਕਿ ਅਛੂਤਾਂ ਨੂੰ ਆਪਣੇ ਨਾਲ ਮਿਲਾਇਆ ਜਾਵੇ, ਕਾਫੀ ਹੱਦ ਤੱਕ ਇਹ ਧਰਮ ਇਸ ਕੰਮ ਵਿਚ ਸਫਲ ਵੀ ਹੋਏ, ਕਿਉਂਕਿ ਅਛੂਤ ਵੀ ਇਹ ਚਾਹੁੰਦੇ ਸਨ ਕਿ ਹਿੰਦੂ ਧਰਮ ਦੀ ਗੁਲਾਮੀ ਤੋਂ ਕਿਸੇ ਤਰ੍ਹਾਂ ਛੁਟਕਾਰਾ ਪਾਇਆ ਜਾਵੇ। ਹੁਣ ਤੱਕ ਸਿੱਖ ਆਪਣੀ ਕੌਮ ਦੇ ਪ੍ਰਤੀ ਬੜੇ ਜਾਗਰੂਕ ਹੋ ਚੁੱਕੇ ਸਨ ਅਤੇ ਉਹ ਵੀ ਆਪਣੀ ਕੌਮ ਦੀ ਗਿਣਤੀ ਵਧਾਉਣਾ ਚਾਹੁੰਦੇ ਸਨ। ਉੱਧਰ ਮੁਸਲਮਾਨ ਵੀ ਇਹੋ ਕੁਝ ਚਾਹੁੰਦੇ ਸਨ।ਇਹ ਕਿਹਾ ਜਾਂਦਾ ਹੈ ਕਿ ਉਹਨਾਂ ਥਾਵਾਂ ਤੇ ਛੂਤ-ਛਾਤ ਦਾ ਪ੍ਰਭਾਵ ਬਹੁਤ ਘੱਟ ਸੀ, ਜਿੱਥੇ ਮੁਸਲਮਾਨ ਬਹੁਗਿਣਤੀ ਵਿਚ ਸਨ। ਇਸਾਈ ਧਰਮ ਵੀ ਅਛੂਤਾਂ ਦੇ ਹੱਕ ਵਿਚ ਹਮਦਰਦੀ ਦਿਖਾ ਰਿਹਾ ਸੀ। ਸੰਨ 1921 ਦੀ ਜਨ-ਗਣਨਾ ਰਿਪੋਰਟ ਦੇ ਮੁਤਾਬਕ 90704 ਚੂਹੜੇ ਹਿੰਦੂ ਧਰਮ ਨੂੰ ਛੱਡ ਕੇ ਇਸਾਈ ਧਰਮ ਅਪਣਾ ਚੁੱਕੇ ਸਨ।

ਪਰ ਇਹ ਕਿੰਨੇ ਦੁੱਖ ਦੀ ਗੱਲ ਸੀ ਕਿ ਸਿੱਖੀ ਅੰਮ੍ਰਿਤ ਛਕਣ ਤੋਂ ਬਾਅਦ, ਮੁਸਲਿਮ ਟੋਪੀ ਪਹਿਨਣ ਤੋਂ ਬਾਅਦ ਤੇ ਚਰਚ ਜਾਣ ਤੋਂ ਬਾਅਦ ਵੀ ਅਛੂਤਾਂ ਦਾ ਉਹੀ ਹਾਲ ਰਿਹਾ, ਜੋ ਪਹਿਲਾਂ ਸੀ ਹੁਣ ਵੀ ਵੱਖ-ਵੱਖ ਧਰਮਾਂ ਦੇ ਅਖੌਤੀ ਉਚ ਜਾਤੀ ਮੈਂਬਰ ਅਤੇ 'ਅਛੂਤ ਮੈਂਬਰ' ਵਿਚ ਫਰਕ ਸਮਝਿਆ ਜਾਂਦਾ ਸੀ। ਸਿੱਖਾਂ ਵਿਚ ਅਛੂਤ ਬਣੇ ਮੈਂਬਰਾਂ ਨੂੰ ਮਜ਼ਹਬੀ ਜਾਂ ਰਮਦਾਸੀਆਂ ਸਿੱਖ ਕਿਹਾ ਗਿਆ ਤੇ ਮੁਸਲਮਾਨਾਂ ਵਿਚ ਮੁਸੱਲੀ ਮੁਸਲਿਮ। ਇਹਨਾਂ ਹਾਲਾਤਾਂ ਨੇ ਅਛੂਤਾਂ ਨੂੰ ਜਾਗਰਿਤ ਕੀਤਾ ਅਤੇ ਵੱਖ-ਵੱਖ ਧਰਮਾਂ ਦੇ ਇਸ ਮੁਕਾਬਲੇ ਵਿਚ ਅਛੂਤ ਨੇਤਾਵਾਂ ਨੇ ਵੀ ਆਪਣੀ ਕੌਮ ਦੀ ਵੱਖ ਪਹਿਚਾਣ ਕਾਇਮ ਕਰਨ ਦੀ ਕੋਸ਼ਿਸ਼ ਕੀਤੀ।

ਰਾਸ਼ਟਰੀ ਪੱਧਰ 'ਤੇ ਅਛੂਤਾਂ ਵੱਲੋਂ ਕੁਝ ਧਾਰਮਿਕ ਅੰਦੋਲਨ ਸ਼ੁਰੂ ਕੀਤੇ ਗਏ, ਜਿਹਨਾਂ ਵਿਚੋਂ ਡਾ. ਅੰਬੇਡਕਰ ਦੀ ਨਿਓ-ਬੋਧੀ ਲਹਿਰ ਅਤੇ ਸ਼ਡਿਊਲ ਕਾਸਟਸ ਫੈਡਰੇਸ਼ਨ ਮਹੱਤਵਪੂਰਨ ਸਨ। ਇਹਨਾਂ ਅੰਦੋਲਨਾਂ ਦੇ ਨਾਲ ਆਦਿ-ਲਹਿਰ ਵੀ ਸ਼ੁਰੂ ਹੋਈ। ਇਸ ਸਦੀ ਦੇ ਦੂਜੇ ਦਹਾਕੇ ਵਿਚ ਇਕ ਮਹੱਤਵਪੂਰਨ ਲਹਿਰ ਸੀ। ਇਹਨਾਂ ਵਿਚੋਂ ਆਦਿ-ਹਿੰਦੂ ਯੂ. ਪੀ. ਵਿਚ, ਆਦਿ-ਦ੍ਰਾਵਿੜ ਮਦਰਾਸ ਵਿਚ, ਆਦਿਵਾਸੀ ਬਿਹਾਰ ਅਤੇ ਆਂਧਰਾ ਵਿਚ ਅਤੇ ਆਦਿ ਧਰਮ ਪੰਜਾਬ ਵਿਚ ਕਾਫੀ ਪ੍ਰਚੱਲਿਤ ਹੋਈਆਂ। ਇਹ ਗੱਲ ਵਰਣਨਯੋਗ ਹੈ ਕਿ ਇਨ੍ਹਾਂ ਸਾਰੀਆਂ ਲਹਿਰਾਂ ਦਾ ਆਪਸ ਵਿਚ ਕੋਈ ਸਬੰਧ ਨਹੀਂ ਸੀ ਅਤੇ ਵੱਖ ਵੱਖ ਰਾਜਾਂ ਵਿਚ ਸ਼ੁਰੂ ਹੋਈਆਂ। 'ਆਦਿ-ਧਰਮ' ਲਹਿਰ ਨੂੰ ਇਨ੍ਹਾਂ ਵਿਚੋਂ ਸਭ ਤੋਂ ਪੁਰਾਣੀ ਤਾਂ ਨਹੀਂ ਪਰ ਸਭ ਤੋਂ ਵੱਡੀ ਤੇ ਸਭ ਤੋਂ ਜ਼ਿਆਦਾ ਸਫਲ ਕਿਹਾ ਜਾ ਸਕਦਾ ਹੈ।

'ਆਦਿ-ਧਰਮ' ਦਾ ਮਤਲਬ ਹੈ ਕਿ ਅਛੂਤ ਇਕ ਵੱਖ ਧਾਰਮਿਕ ਕੌਮ ਹਨ ਅਤੇ ਇਹ ਹਿੰਦੂ, ਸਿੱਖ, ਮੁਸਲਮਾਨ ਜਾਂ ਇਸਾਈ ਧਰਮਾਂ ਦੇ ਮੈਂਬਰ ਨਹੀਂ ਹਨ। ਅਛੂਤਾਂ ਨੇ ਇਸ ਨੂੰ 'ਸਭ ਤੋਂ ਪੁਰਾਣਾ ਤੇ ਪਹਿਲਾਂ ਦਾ ਧਰਮ ਮੰਨਿਆ ਹੈ, ਜਿਹੜਾ ਕਿ ਵਿਦੇਸ਼ੀ ਆਰੀਆਂ ਦੇ ਭਾਰਤ ਆਉਣ ਤੋਂ ਪਹਿਲੇ ਮੂਲ-ਵਾਸੀਆਂ (ਆਦਿ-ਧਰਮੀਆਂ) ਦੁਆਰਾ ਪੂਜਿਆ ਜਾਂਦਾ ਸੀ।'

ਆਦਿ-ਧਰਮ ਅੰਦੋਲਨ ਨੂੰ ਅਛੂਤਾਂ ਦੇ ਕੁਝ ਨੌਜਵਾਨ ਪੜ੍ਹੇ-ਲਿਖੇ ਤੇ ਆਰਥਿਕ ਪੱਖੋਂ ਨਿੱਗਰ ਨੇਤਾਵਾਂ ਨੇ ਸ਼ੁਰੂ ਕੀਤਾ। ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਨੂੰ ਇਸ ਅੰਦੋਲਨ ਦੇ ਮੋਢੀ ਮੰਨਿਆ ਜਾਂਦਾ ਹੈ। ਬਾਬੂ ਜੀ ਨੇ ਅਸਲ ਵਿਚ ਰਾਜਨੀਤਿਕ ਟਰੇਨਿੰਗ ਸੈਨ ਫਰਾਂਸਿਸਕੋ (ਸੰਯੁਕਤ ਰਾਜ ਅਮਰੀਕਾ) ਵਿਚ ਗਦਰ ਅੰਦੋਲਨ ਦੌਰਾਨ ਲਈ। ਬਾਬੂ ਮੰਗੂ ਰਾਮ ਪਿੰਡ ਮੁੱਗੋਵਾਲ, ਜ਼ਿਲ੍ਹਾ ਹੁਸ਼ਿਆਰਪੁਰ ਦੇ ਵਸਨੀਕ ਸਨ, ਪਰ ਉਹ ਰੁਜ਼ਗਾਰ ਲਈ ਅਮਰੀਕਾ ਚਲੇ ਗਏ ਸਨ। ਉਥੇ ਹੀ ਉਹ ਗਦਰ ਪਾਰਟੀ ਵਿਚ ਸ਼ਾਮਲ ਹੋ ਗਏ। ਉਹ ਗਦਰ ਪਾਰਟੀ ਦੇ ਇਕ ਉਘੇ ਦੇਸ਼ ਭਗਤ ਸਨ। ਜਦੋਂ ਸੰਨ 1925 ਵਿਚ ਉਹ ਭਾਰਤ ਵਾਪਸ ਪਰਤ ਰਹੇ ਸਨ ਤਾਂ ਦੱਖਣੀ ਭਾਰਤ ਵਿਚ ਉਹ ਅਛੂਤਾਂ ਦੀ ਮੰਦਭਾਗੀ ਹਾਲਤ 'ਤੇ ਉਹਨਾਂ ਨਾਲ ਕੀਤੇ ਜਾ ਰਹੇ ਬੁਰੇ ਸਲੂਕਾਂ ਨੂੰ ਸਹਿਣ ਨਾ ਕਰ ਸਕੇ ਤੇ ਉਹਨਾਂ ਨੇ ਛੂਆ-ਛਾਤ ਦੀਆਂ ਜੜ੍ਹਾਂ ਨੂੰ ਪੁੱਟਣ ਦੀ ਕਸਮ ਖਾਧੀ। ਕਾਫੀ ਹੱਦ ਤੱਕ ਆਦਿ ਧਰਮ ਲਹਿਰ ਦੀ ਸ਼ੁਰੂਆਤ ਨੂੰ ਬਾਬੂ ਮੰਗੂ ਰਾਮ ਦੇ ਰਾਜਨੀਤਿਕ ਦਾਖਲੇ ਨਾਲ ਜੋੜਿਆ ਜਾ ਸਕਦਾ ਹੈ।

ਅਸਲ ਵਿਚ ਆਦਿ-ਧਰਮ ਲਹਿਰ ਸੰਨ 1925 ਵਿਚ ਸ਼ੁਰੂ ਹੋਈ। ਨੌਜਵਾਨ ਅਛੂਤ ਨੇਤਾਵਾਂ ਨੇ ਮਿਲ ਕੇ ਕਾਫੀ ਜਲਸੇ ਕੀਤੇ, ਜਿਵੇਂ ਉਦਾਹਰਣ ਦੇ ਤੌਰ 'ਤੇ ਜਲੰਧਰ ਸ਼ਹਿਰ ਵਿਚ, ਕਸਬੇ ਸ਼ਾਮ ਚੁਰਾਸੀ ਵਿਚ, ਨੂਰਮਹਿਲ ਵਿਖੇ ਅਤੇ ਪਿੰਡ ਪੰਡੋਰੀ ਨਿੱਝਰਾਂ ਵਿਖੇ। ਪਿੰਡ ਨਿੱਝਰਾਂ ਵਿਚ ਮੀਟਿੰਗ ਚਾਰ ਦਿਨ ਤੱਕ ਚਲਦੀ ਰਹੀ। ਪਰ 11-12 ਜੂਨ 1926 ਦੀ ਕਾਨਫਰੰਸ ਅਛੂਤਾਂ ਲਈ ਇਕ ਬਹੁਤ ਵੱਡੀ ਯਾਦਗਾਰ ਹੈ। ਇਹ ਕਾਨਫਰੰਸ ਬਾਬੂ ਮੁੱਗੋਵਾਲੀਆ ਦੀ ਅਗਵਾਈ ਹੇਠ ਹੋਈ ਅਤੇ ਘੱਟ ਤੋਂ ਘੱਟ 10,000 ਲੋਕਾਂ ਨੇ ਇਸ ਕਾਨਫਰੰਸ ਵਿਚ ਹਿੱਸਾ ਲਿਆ। ਇਹ ਕਾਨਫਰੰਸ ਪਿੰਡ ਮੁੱਗੋਵਾਲ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਹੋਈ ਅਤੇ ਇਸ ਕਾਨਫਰੰਸ ਵਿਚ ਵਧੇਰੇ ਆਰਥਿਕ ਹਾਲਾਤਾਂ ਅਤੇ ਵਧੇਰੇ ਹੱਕਾਂ ਦੀ ਮੰਗ ਕੀਤੀ ਗਈ। ਪੂਰੇ ਰਾਜ-ਪੱਧਰ 'ਤੇ ਇਕ ਸੰਸਥਾ 'ਆਦਿ-ਧਰਮ ਮੰਡਲ' ਦੀ ਸਥਾਪਨਾ ਕੀਤੀ ਗਈ। ਇਸੇ ਦਿਨ ਤੋਂ ਅਛੂਤਾਂ ਨੂੰ 'ਆਦਿ-ਧਰਮੀ' ਕਿਹਾ ਜਾਣ ਲੱਗਾ। ਇਸ ਕਾਨਫਰੰਸ ਵਿਚ ਕਿਹਾ ਗਿਆ ਹੈ ਕਿ ਨੀਵੀਂ ਜਾਤ ਦੇ ਸੰਤ-ਜਿਵੇਂ ਰਵਿਦਾਸ ਜੀ, ਮਹਾਂਰਿਸ਼ੀ ਵਾਲਮੀਕ ਜੀ, ਨਾਮਦੇਵ ਜੀ ਅਤੇ ਕਬੀਰ ਜੀ ਸਾਡੇ ਗੁਰੂ ਹਨ ਅਤੇ ਸਾਨੂੰ ਉਹਨਾਂ ਦੀਆਂ ਸਿੱਖਿਆਵਾਂ 'ਤੇ ਚੱਲਣਾ ਚਾਹੀਦਾ ਹੈ। ਇਸੇ ਦਿਨ ਤੋਂ ਹੀ ਆਦਿ-ਧਰਮੀ ਇਕ ਵੱਖਰੀ ਕੌਮ ਦੇ ਰੂਪ ਵਿਚ ਸਾਹਮਣੇ ਆਏ।

10 ਅਕਤੂਬਰ 1929 ਨੂੰ ਆਦਿ-ਧਰਮੀ ਨੇਤਾਵਾਂ ਨੇ ਸਰਕਾਰ ਨੂੰ 193 ਦੀ ਜਨਗਣਨਾ 'ਚ ਆਦਿ ਧਰਮ ਨੂੰ ਇਕ ਵੱਖਰੇ ਧਰਮ ਦੇ ਰੂਪ ਵਿਚ ਦਰਜ ਕਰਨ ਲਈ ਬੇਨਤੀ ਕੀਤੀ। 1931 ਦੀ ਗਣਨਾ ਦਾ ਅਛੂਤਾਂ ਲਈ ਬਹੁਤ ਮਹੱਤਵ ਹੈ। ਉਸ ਸਮੇਂ ਆਪਣੇ ਆਪ ਨੂੰ ਆਦਿ ਧਰਮੀ ਦੇ ਨਾਂ 'ਤੇ ਦਰਜ ਕਰਾਉਣਾ ਇਕ ਕੁਰਬਾਨੀ ਦੇਣ ਦੇ ਬਰਾਬਰ ਸੀ। ਇਸ ਸਮੇਂ ਵਿਚ ਆਦਿ ਧਰਮ ਲਹਿਰ ਬਹੁਤ ਸਫਲ ਹੋਈ। 1931 ਦੀ ਗਣਨਾ ਵਿਚ 4,18,789 ਅਛੂਤਾਂ ਨੇ ਆਪਣੇ ਆਪ ਨੂੰ ਆਦਿ-ਧਰਮੀ ਦਰਜ ਕਰਵਾਇਆ, ਜਿਹੜੇ ਕਿ ਉਸ ਵੇਲੇ ਦੇ ਹਿਸਾਬ ਨਾਲ ਕੁੱਲ ਆਬਾਦੀ ਦਾ 1.6 ਪ੍ਰਤੀਸ਼ਤ ਸਨ। ਇਕੱਲੇ ਜਲੰਧਰ ਤੇ ਹੁਸ਼ਿਆਰਪੁਰ ਜ਼ਿਲ੍ਹਿਆਂ 'ਚ ਲੱਗਭੱਗ 80 ਫੀਸਦੀ ਤੋਂ ਵੀ ਵੱਧ ਲੋਕਾਂ ਨੇ ਆਪਣੇ ਆਪ ਨੂੰ ਆਦਿ-ਧਰਮੀ ਦਰਜ ਕਰਵਾਇਆ।

ਫਿਰ ਸਤੰਬਰ 1932 ਨੂੰ ਭਾਰਤ ਸਰਕਾਰ ਵੱਲੋਂ ਪੂਨਾ ਪੈਕਟ ਪਾਸ ਕੀਤਾ ਗਿਆ, ਜਿਸ ਵਿਚ ਇਹ ਮੰਨਿਆ ਗਿਆ ਕਿ ਖੁੱਲ੍ਹੇ ਚੋਣ ਹਲਕਿਆਂ ਵਿਚ ਅਛੂਤਾਂ ਲਈ ਰਾਖਵੀਆਂ ਸੀਟਾਂ ਹੋਣਗੀਆਂ। ਇਸ ਦਾ ਮਤਲਬ ਸੀ ਕਿ ਕੁਝ ਰਾਖਵੇਂ ਹਲਕਿਆਂ ਤੋਂ ਸਿਰਫ ਅਛੂਤ ਹੀ ਚੋਣ ਲੜ ਸਕਣਗੇ ਤੇ ਬਿਨਾਂ ਜਾਤ-ਪਾਤ ਦੇ ਭੇਦਭਾਵ ਦੇ ਹਰ ਕੋਈ ਅਛੂਤ ਉਮੀਦਵਾਰ ਨੂੰ ਵੋਟ ਪਾਵੇਗਾ। (ਇਹ ਪ੍ਰਣਾਲੀ ਸਾਡੇ ਦੇਸ਼ ਵਿਚ ਅੱਜ ਵੀ ਲਾਗੂ ਹੈ)। ਇਸ ਨੂੰ ਆਦਿ-ਧਰਮ ਲਹਿਰ ਦੀ ਪਹਿਲੀ ਮਹਾਨ ਜਿੱਤ ਕਿਹਾ ਜਾ ਸਕਦਾ ਹੈ। ਕਿਉਂਕਿ ਉਹਨਾਂ ਨੂੰ ਰਾਜਨੀਤਿਕ ਖੇਤਰ ਵਿਚ ਕੁਝ ਥਾਂ ਪ੍ਰਾਪਤ ਹੋਈ।

ਭਾਰਤੀ ਸਰਕਾਰ ਦੇ 1935 ਦੇ ਐਕਟ ਦੇ ਪਾਸ ਹੋਣ ਤੋਂ ਬਾਅਦ ਸੰਨ 1936 ਵਿਚ ਪਹਿਲੀਆਂ ਚੋਣਾਂ ਕਰਵਾਈਆਂ ਗਈਆਂ। ਇਹਨਾਂ ਚੋਣਾਂ ਵਿਚ ਪੰਜਾਬ ਵਿਚ 8 ਸੀਟਾਂ ਆਦਿ-ਧਰਮੀਆਂ ਲਈ ਰਾਖਵੀਆਂ ਰੱਖੀਆਂ ਗਈਆਂ। ਇਹਨਾਂ ਸਾਰੀਆਂ ਸੀਟਾਂ ਤੇ ਆਦਿ-ਧਰਮੀ ਨੁਮਾਇੰਦੇ ਖੜ੍ਹੇ ਕੀਤੇ ਗਏ। ਇਹਨਾਂ ਅੱਠਾਂ ਸੀਟਾਂ ਵਿਚੋਂ ਆਦਿ-ਧਰਮ ਉਮੀਦਵਾਰਾਂ ਨੇ ਸੱਤ ਸੀਟਾਂ ਜਿੱਤੀਆਂ ਅਤੇ ਸਿਰਫ ਇਕ ਸੀਟ ਕਾਂਗਰਸ ਨੇ ਜਿੱਤੀ। ਇਹ ਸੀਟ ਕਾਂਗਰਸ ਦੇ ਉਮੀਦਵਾਰ ਮੂਲਾ ਸਿੰਘ ਨੇ ਹੁਸ਼ਿਆਰਪੁਰ ਹਲਕੇ ਤੋਂ ਆਦਿ-ਧਰਮ ਦੇ ਜਨਰਲ ਸਕੱਤਰ ਹਜ਼ਾਰਾ ਰਾਮ ਕੋਲੋਂ ਜਿੱਤੀ।ਜਿਹੜੇ ਆਦਿ-ਧਰਮੀ ਉਮੀਦਵਾਰ ਜੇਤੂ ਰਹੇ ਉਹ ਇਸ ਤਰ੍ਹਾਂ ਸਨ- ਮਾਸਟਰ ਹਰਨਾਮ ਦਾਸ (ਲਾਇਲਪੁਰ), ਭਗਤ ਹੰਸ ਰਾਜ (ਸਿਆਲਕੋਟ), ਗੋਪਾਲ ਸਿੰਘ ਖਾਲਸਾ (ਲੁਧਿਆਣਾ), ਚੌਧਰੀ ਫਕੀਰ ਚੰਦ (ਰੋਹਤਕ), ਜੁਗਲ ਕਿਸ਼ੋਰ (ਜਗਾਧਰੀ), ਚੌਧਰੀ ਪ੍ਰੇਮ ਸਿੰਘ (ਗੁੜਗਾਉਂ) ਅਤੇ ਸੇਠ ਕਿਸ਼ਨ ਦਾਸ (ਜਲੰਧਰ ਸ਼ਹਿਰੀ)। ਇਸ ਤੋਂ ਸਾਫ ਜ਼ਾਹਿਰ ਹੈ ਕਿ ਆਦਿ-ਧਰਮ ਲਹਿਰ ਬਹੁਤ ਲੋਕਪ੍ਰਿਆ ਹੋਈ। ਆਦਿ-ਧਰਮ ਗਰੁੱਪ ਦੇ ਇਹਨਾਂ ਜੇਤੂ ਉਮੀਦਵਾਰਾਂ ਨੇ, ਸਿਕੰਦਰ ਹਯਾਤ ਖਾਂ ਦੀ ਯੂਨੀਅਨਿਸਟ ਪਾਰਟੀ, ਜਿਹੜੀ ਕਿ ਉਸ ਵੇਲੇ ਸੱਤਾ ਵਿਚ ਆਈ, ਨੂੰ ਪੱਖ ਦਿੱਤਾ।

ਆਦਿ-ਧਰਮ ਦੀ ਰਾਜਨੀਤੀ ਵਿਚ ਦਖਲਅੰਦਾਜ਼ੀ ਨੇ ਬਿਨਾਂ ਕਿਸੇ ਸ਼ੱਕ ਦੇ ਇਸ ਨੂੰ ਸਮਾਜਿਕ ਲਹਿਰ ਦੇ ਰੂਪ ਤੋਂ ਕਮਜ਼ੋਰ ਬਣਾ ਦਿੱਤਾ। ਆਦਿ ਧਰਮ ਦੇ ਮੂਲ ਢਾਂਚੇ ਵਿਚ ਬਹੁਤ ਵੱਡੀ ਤਬਦੀਲੀ ਆ ਗਈ। ਆਦਿ-ਧਰਮ ਨੇ ਹੁਣ ਆਪਣੀ ਚਾਦਰ ਤੋਂ ਵੱਧ ਪੈਰ ਪਸਾਰਨੇ ਆਰੰਭ ਕਰ ਦਿੱਤੇ ਸਨ ਅਤੇ ਇਸਦੇ ਨੇਤਾਵਾਂ ਨੇ ਆਪੋ ਵਿਚ ਰਾਜਨੀਤਿਕ ਖੇਡਾਂ ਖੇਡਣੀਆਂ ਸ਼ੁਰੂ ਕਰ ਦਿੱਤੀਆਂ ਸੀ, ਜਿਸ ਕਰਕੇ ਉਹ ਆਮ ਜਨਤਾ ਨੂੰ ਬਹੁਤ ਪਿੱਛੇ ਛੱਡ ਗਏ।

ਸੰਨ 1941 ਦੀ ਗਣਨਾ ਵਿਚ ਆਦਿ ਧਰਮ ਨੂੰ ਬਹੁਤ ਧੱਕਾ ਲੱਗਾ। ਇਸ ਨੂੰ 1931 ਵਾਂਗ ਇਸ ਵਾਰ ਵੱਖ ਧਰਮ ਨਹੀਂ ਦਰਜ ਕੀਤਾ ਗਿਆ ਬਲਕਿ ਇਕ ਜਾਤ ਦੇ ਰੂਪ ਵਿਚ ਮੰਨਿਆ ਗਿਆ।ਇਸ ਗਣਨਾ ਦੌਰਾਨ ਸਿਰਫ 343685 ਆਦਿ-ਧਰਮੀ ਦਰਜ ਕੀਤੇ ਗਏ, ਜਿਹੜੇ ਕਿ ਕੁੱਲ ਅਛੂਤਾਂ ਦੀ ਗਿਣਤੀ (1298635) ਦੀ ਇਕ ਛੋਟੀ ਜਿਹੀ ਭਿੰਨ ਸੀ।

ਫਿਰ 1945-46 ਦੀਆਂ ਚੋਣਾਂ ਵਿਚ ਪੰਜਾਬ ਵਿਚ ਬਾਬੂ ਮੁੱਗੋਵਾਲੀਆ ਯੂਨੀਅਨਿਸਟ ਪਾਰਟੀ ਦੀ ਟਿਕਟ 'ਤੇ ਚੋਣ ਜਿੱਤੇ। ਉਹਨਾਂ ਦੇ ਨਾਲ ਤਿੰਨ ਹੋਰ ਉਘੇ ਆਦਿ ਧਰਮੀ ਵੀ ਜੇਤੂ ਰਹੇ- ਗੋਪਾਲ ਸਿੰਘ ਖਾਲਸਾ, ਪ੍ਰੇਮ ਚੰਦ ਅਤੇ ਮੂਲਾ ਸਿੰਘ। (ਮੂਲਾ ਸਿੰਘ ਹੁਣ ਆਦਿ-ਧਰਮ ਵੱਲ ਆ ਗਿਆ ਸੀ)। ਹੁਣ ਤੱਕ ਡਾ. ਅੰਬੇਡਕਰ ਨੇ ਪੰਜਾਬ ਦੀ ਰਾਜਨੀਤੀ ਵਿਚ ਸ਼ੌਂਕ ਵਧਾਉਣਾ ਸ਼ੁਰੂ ਕਰ ਦਿੱਤਾ ਤੇ ਆਦਿ ਧਰਮ ਨੇ ਇਹ ਫੈਸਲਾ ਕੀਤਾ ਕਿ ਧਾਰਮਿਕ ਮਾਮਲਿਆਂ ਤੱਕ ਹੀ ਸੀਮਤ ਰਿਹਾ ਜਾਵੇ। ਇਸ ਉਦੇਸ਼ ਲਈ ਉਹਨਾਂ ਨੇ ਆਦਿ-ਧਰਮ ਨੂੰ ਰਵਿਦਾਸ ਮੰਡਲ ਵਿਚ ਬਦਲ ਲਿਆ ਅਤੇ ਰਾਜਨੀਤੀ ਨੂੰ ਡਾ. ਅੰਬੇਡਕਰ ਦੀ ਪਾਰਟੀ ਸ਼ੈਡੂਲਡ ਕਾਸਟ ਫੈਡਰੇਸ਼ਨ ਲਈ ਛੱਡ ਦਿੱਤਾ। ਸੰਨ 1942 ਵਿਚ ਮਾਸਟਰ ਸਾਧੂ ਰਾਮ ਪੰਜਾਬ ਸ਼ੈਡੂਲਡ ਕਾਸਟ ਫੈਡਰੇਸ਼ਨ ਦੇ ਜਨਰਲ ਸਕੱਤਰ ਤੇ ਸੇਠ ਕਿਸ਼ਨ ਦਾਸ ਇਸਦੇ ਪ੍ਰਧਾਨ ਬਣ ਗਏ।

ਇਹ ਸੱਚ ਹੈ ਕਿ ਸੰਨ 1946 ਵਿਚ ਆਦਿ-ਧਰਮ ਰਾਜਨੀਤਿਕ ਤੌਰ 'ਤੇ ਖਤਮ ਹੋ ਗਈ ਅਤੇ ਇਸ ਨੇ ਆਪਣੇ ਆਪ ਨੂੰ ਸਿਰਫ ਸਮਾਜਿਕ, ਧਾਰਮਿਕ ਕੰਮਾਂ ਤੱਕ ਹੀ ਸੀਮਤ ਕਰ ਲਿਆ ਪਰ ਇਸ ਨੇ ਆਪਣੇ ਆਪ ਨੂੰ ਸਿਰਫ ਸਮਾਜਿਕ, ਧਾਰਮਿਕ ਕੰਮਾਂ ਤੱਕ ਹੀ ਸੀਮਤ ਕਰ ਲਿਆ ਪਰ ਇਸ ਲਹਿਰ ਦਾ ਆਦਿ-ਧਰਮੀਆਂ 'ਤੇ ਬਹੁਤ ਜ਼ਿਆਦਾ ਅਸਰ ਹੋਇਆ। ਇਸ ਦੇ ਨਾਲ ਆਦਿ-ਧਰਮੀਆਂ ਵਿਚ ਕੌਮੀ ਜਾਗ੍ਰਤੀ ਆ ਗਈ ਅਤੇ ਉਹਨਾਂ ਦੀ ਰਾਜਨੀਤੀ ਵਿਚ ਥਾਂ ਬਣ ਗਈ। ਇਹ ਕੌਮੀ ਜਜ਼ਬਾ ਉਦੋਂ ਤੱਕ ਰਹੇਗਾ, ਜਦੋਂ ਤੱਕ ਸ੍ਰੀ ਗੁਰੂ ਰਵਿਦਾਸ ਜੀ ਦਾ ਨਾਂ ਰਹੇਗਾ।

ਆਜ਼ਾਦੀ ਤੋਂ ਬਾਅਦ ਕੁਝ ਆਦਿ-ਧਰਮੀਆਂ ਨੇ ਸੱਤਾ ਵਿਚ ਆਈ ਕਾਂਗਰਸ ਪਾਰਟੀ ਨੂੰ ਅਪਣਾ ਲਿਆ ਅਤੇ ਜਿਹੜੇ ਸਿਰਫ ਅਨੁਸੂਚਿਤ ਜਾਤਾਂ ਦੇ ਮਸਲਿਆਂ ਨਾਲ ਸਬੰਧ ਰੱਖਣਾ ਚਾਹੁੰਦੇ ਸਨ, ਉਹ ਡਾ. ਅੰਬੇਡਕਰ ਦੀ ਸ਼ੈਡੂਲਡ ਕਾਸਟ ਫੈਡਰੇਸ਼ਨ ਵਿਚ ਜਾ ਮਿਲੇ।

# ਨਕਲ ਨਾਲ ਪਾਸ ਹੋ ਕੇ ਸਮਾਜ ਅਤੇ ਦੇਸ਼ ਨੂੰ ਬੁਲੰਦੀਆਂ ਤੇ ਨਹੀਂ ਪਹੁੰਚਾਇਆ ਜਾ ਸਕਦਾ



ਮੁਹੰਮਦ ਬਸ਼ੀਰ
91-94171-58300

28 ਫਰਵਰੀ ਤੋਂ ਬਾਰਵੀਂ ਅਤੇ 12 ਮਾਰਚ ਤੋਂ ਦਸਵੀਂ ਦੀਆਂ ਸ਼ੁਰੂ ਹੋ ਰਹੀਆਂ ਸਲਾਨਾ ਬੋਰਡ ਦੀਆਂ ਪ੍ਰੀਖਿਆਵਾਂ ਨੂੰ ਨਕਲ ਰਹਿਤ ਅਤੇ ਸੁਚਾਰੂ ਰੂਪ ਨਾਲ ਨੇਪਰੇ ਚਾੜਣ ਲਈ ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਹਨ। ਜਿਨ੍ਹਾਂ ਵਿੱਚ ਮੁੱਖ ਤੌਰ ਤੇ ਪ੍ਰੀਖਿਆ ਕੇਂਦਰਾਂ ਨੂੰ ਬਦਲਣਾ , ਬੱਚਿਆਂ ਨੂੰ ਨਕਲ ਵਿਰੋਧੀ ਸਹੁੰ ਚੁਕਾਉਣੀ, ਸਮੂਹਿਕ ਨਕਲ ਕਰਵਾਉਣ ਵਾਲੇ ਪ੍ਰੀਖਿਆ ਕੇਂਦਰਾਂ ਦੀ ਮਾਨਤਾ ਰੱਦ ਕਰਨਾ, ਸੀ.ਸੀ.ਟੀ.ਵੀ ਦੀ ਵਰਤੋਂ ਕਰਨਾ, ਨਕਲ ਕਰਵਾਉਣ ਵਾਲੇ ਅਮਲੇ ਵਿਰੁਧ ਕੇਸ ਦਰਜ ਕਰਨਾ ਆਦਿ ਹਦਾਇਤਾਂ ਦਿੱਤੀਆਂ ਗਈਆਂ ਹਨ ਜੋ ਕਿ ਬਹੁਤ ਚੰਗੀ ਗਲ ਹੈ ਕਿਉਂਕਿ ਉਹ ਸਮਾਜ/ਦੇਸ਼ ਕਦੇ ਵੀ ਤਰੱਕੀ ਦੀਆਂ ਸਿਖਰਾਂ ਤੇ ਨਹੀਂ ਪਹੁੰਚ ਸਕਦਾ ਜਿਸ ਦੇ ਵਿਦਿਆਰਥੀਆਂ ਨੂੰ ਨਕਲ ਦੀ ਬੀਮਾਰੀ ਹੁੰਦੀ ਹੈ। ਇਸੀ ਕਰਕੇ ਤਾਂ ਭਾਰਤ ਦੇ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਨੇ ਕਿਹਾ ਸੀ ਕਿ ਉਅੱਜ ਤੱਕ ਕੋਈ ਆਦਮੀ ਨਕਲ ਕਰਕੇ ਮਹਾਨ ਨਹੀਂ ਬਣਿਆ"। ਪਰ ਬਹੁਤ ਦੁੱਖ ਦੀ ਗੱਲ ਹੈ ਕਿ ਅੱਜ ਸਾਡੇ ਭਾਰਤੀ ਸਮਾਜ ਨੂੰ ਨਕਲ ਦੀ ਸਮੱਸਿਆ ਦਿਨ-ਪ੍ਰਤੀ-ਦਿਨ ਖੋਖਲਾ ਕਰ ਰਹੀ ਹੈ। ਨਕਲ ਇਕ ਅਪਰਾਧ ਹੋਣ ਦੇ ਨਾਲ-ਨਾਲ ਇੱਕ ਬੀਮਾਰੀ ਵੀ ਹੈ, ਜੇ ਇਹ ਕਹਿ ਲਿਆ ਜਾਵੇ ਕਿ ਨਕਲ ਮਨੁੱਖ ਦੇ ਅੰਦਰ ਦੀਆਂ ਯੋਗਤਾਵਾਂ ਅਤੇ ਸਮੱਰਥਾਵਾਂ ਨੂੰ ਦਬਾ ਕੇ ਰੱਖਦੀ ਹੈ ਤਾਂ ਇਹ ਗਲਤ ਨਹੀਂ ਹੋਵੇਗਾ। ਨਕਲ ਦੀ ਉਮੀਦ ਦੇ ਕਾਰਨ ਵਿਦਿਆਰਥੀ ਮਿਹਨਤ ਕਰਨੀ ਛੱਡ ਕੇ ਆਲਸ ਦਾ ਪੱਲਾ ਫੜ੍ਹ ਲੈਂਦੇ ਹਨ। ਜਿਵੇਂ ਕਿ ਅਸੀ ਜਾਣਦੇ ਹਾਂ ਕਿ ਆਲਸ ਅਨੇਕਾਂ ਸਰੀਰਕ ਅਤੇ ਮਾਨਸਿਕ ਬੀਮਾਰੀਆਂ ਨੂੰ ਜਨਮ ਦਿੰਦੀ ਹੈ। ਇਸ ਲਈ ਹੀ ਸਾਡੇ ਧਾਰਮਿਕ ਗ੍ਰੰਥਾਂ ਵਿੱਚ ਵੀ ਆਲਸ ਤੋਂ ਬਚਣ ਲਈ ਕਿਹਾ ਗਿਆ। ਨਕਲ ਕਰਨ ਵਾਲੇ ਵਿਦਿਆਰਥੀਆਂ ਵਿਚ ਆਤਮ ਵਿਸ਼ਵਾਸ ਦੀ ਕਮੀ ਹੁੰਦੀ ਹੈ ਜਦੋਂ ਕਿ ਮਿਹਨਤ ਨਾਲ ਆਤਮ ਵਿਸ਼ਵਾਸ ਅਤੇ ਆਤਮ ਵਿਸ਼ਵਾਸ ਨਾਲ ਸਫਲਤਾ ਉਸਰਦੀ ਹੈ। ਅੱਜ ਦੇ ਯੁੱਗ ਵਿਚ ਸਰਕਾਰੀ ਨੌਕਰੀਆਂ ਨਿੱਤ ਰੋਜ਼ ਘਟਦੀਆਂ ਜਾ ਰਹੀਆਂ ਹਨ, ਜਦੋਂ ਕਿ ਪ੍ਰਾਈਵੇਟ ਖੇਤਰ ਵਿਚ ਨੌਕਰੀਆਂ ਦੀ ਭਰਮਾਰ ਹੈ। ਇਹ ਇੱਕ ਸੱਚਾਈ ਹੈ ਕਿ ਪ੍ਰਾਈਵੇਟ ਖੇਤਰ ਦੇ ਵਿਚ ਨੰਬਰਾਂ ਦੀ ਪ੍ਰਤੀਸ਼ਤਾ ਦੇ ਨਾਲੋਂ ਆਤਮ ਵਿਸ਼ਵਾਸ ਅਤੇ ਵਿਅਕਤੀ ਦੀ ਯੋਗਤਾ ਵੱਲ ਵੱਧ ਧਿਆਨ ਦਿੱਤਾ ਜਾਂਦਾ ਹੈ। ਆਤਮ ਵਿਸ਼ਵਾਸ ਵਾਲਾ ਵਿਅਕਤੀ ਹੀ ਪ੍ਰਾਈਵੇਟ ਖੇਤਰ ਵਿੱਚ ਟਿਕ ਸਕਦਾ ਹੈ।ਇਸ ਲਈ ਪਿਆਰੇ ਵਿਦਿਆਰਥੀਓ ਆਲਸ ਅਤੇ ਨਕਲ ਦਾ ਖਹਿੜਾ ਛੱਡ ਕੇ ਮਿਹਨਤ ਕਰੋ ਅਤੇ ਆਪਣੇ ਅੰਦਰ ਆਤਮ ਵਿਸ਼ਵਾਸ ਪੈਦਾ ਕਰੋ। ਨਕਲ ਕਰਾਉਣ ਲਈ ਅਧਿਆਪਕ ਨੂੰ ਮੁੱਖ ਤੌਰ ਤੇ ਜਿੰਮੇਵਾਰ ਸਮਝਿਆ ਜਾਂਦਾ ਹੈ ਪਰ ਕੀ ਇਕ ਅਧਿਆਪਕ ਇੰਨਾ ਸਮਰੱਥ ਹੈ ਕਿ ਉਹ ਸਾਰੇ ਸਮਾਜ ਅਤੇ ਸਿੱਖਿਆ ਵਿਭਾਗ ਦੀ ਵਿਰੋਧਤਾ ਦੇ ਬਾਵਜੂਦ ਇਸ ਬੁਰਾਈ ਨੂੰ ਚਾਲੂ ਰੱਖ ਸਕੇ? ਅਸਲ ਵਿੱਚ ਸਾਡੇ ਸਮਾਜ ਦਾ ਤਾਣਾ-ਬਾਣਾ ਅਤੇ ਸਾਡਾ ਸਿੱਖਿਅਕ ਢਾਂਚਾ ਹੀ ਕੁਝ ਇਸ ਤਰਾਂ ਦਾ ਹੈ ਕਿ ਇੱਕ ਅਧਿਆਪਕ ਨੂੰ ਨਕਲ ਕਰਾਉਣ ਲਈ ਮਜਬੂਰ ਹੋਣਾ ਪੈਂਦਾ ਹੈ। ਸਿੱਖਿਆ ਦਾ ਅਧਿਕਾਰ ਐਕਟ 2009 ਦੀਆਂ ਕਈ ਮੱਦਾਂ ਜਿਵੇਂ ਕਿ 6 ਤੋਂ 14 ਸਾਲ ਦੀ ਉਮਰ ਦੇ ਉਹ ਬੱਚੇ ਜੋ ਸਕੂਲ ਤੋਂ ਬਾਹਰ ਹਨ, ਭਾਵ ਕਦੇ ਵੀ ਸਕੂਲ ਵਿਚ ਦਾਖਲ ਨਹੀ ਹੋਏ, ਜਾਂ ਸਕੂਲ ਛੱਡ ਗਏ ਹਨ, ਉਹਨਾਂ ਨੂੰ ਉਮਰ ਅਨੁਸਾਰ ਯੋਗ ਜਮਾਤ ਵਿਚ ਰੈਗੂਲਰ ਸਕੂਲ ਵਿਚ ਦਾਖਲ ਕਰਨਾ, ਕਿਸੇ ਵੀ ਬੱਚੇ ਨੂੰ ਫੇਲ ਨਹੀਂ ਕਰਨਾ, ਨਾਮ ਨਹੀਂ ਕੱਟਣਾ, ਸਰੀਰਕ ਸਜ਼ਾ ਜਾਂ ਮਾਨਸਿਕ ਪਰੇਸ਼ਾਨੀ ਨਹੀ ਦੇਣੀ ਆਦਿ ਨਕਲ ਕਰਾਉਣ ਦਾ ਇੱਕ ਉਭਰਦਾ ਕਾਰਨ ਨਜ਼ਰ ਆ ਰਿਹਾ ਹੈ। ਇਹਨਾਂ ਮੱਦਾਂ ਦੇ ਕਾਰਨ ਸਿੱਖਿਆ ਦਾ ਮਿਆਰ ਲਗਾਤਾਰ ਨਿਘਾਰ ਵੱਲ ਜਾ ਰਿਹਾ ਹੈ। ਇਸ ਐਕਟ ਦਾ ਸਹਾਰਾ ਲੈ ਕੇ 8ਵੀਂ ਪਾਸ ਕਰਕੇ ਆਏ ਵਿਦਿਆਰਥੀ ਜਦੋਂ 9ਵੀਂ ਜਾਂ 10ਵੀਂ ਦੇ ਇਮਤਿਹਾਨਾਂ ਵਿਚ ਬੈਠਣਗੇ ਤਾਂ ਆਪਣੇ ਨਤੀਜੇ ਨੈਗਟਿਵ ਆਉਣ ਤੋਂ ਬਾਅਦ ਮਿਲਣ ਵਾਲੀ ਸਜ਼ਾ ਦੇ ਡਰ ਕਾਰਨ ਅਧਿਆਪਕ ਨੂੰ ਨਕਲ ਕਰਵਾਉਣ ਲਈ ਮਜਬੂਰ ਹੋਣਾ ਪਵੇਗਾ। ਸਿੱਖਿਆ ਵਿਭਾਗ ਦੁਆਰਾ ਹਰ ਰੋਜ਼ ਨਕਲ ਨੂੰ ਰੋਕਣ ਲਈ ਤਰਾਂ-ਤਰਾਂ ਦੀਆਂ ਨੀਤੀਆਂ ਦਾ ਐਲਾਨ ਕੀਤਾ ਜਾ ਰਿਹਾ ਹੈ ਜਿਵੇ ਕਿ ਕਦੇ ਪ੍ਰਸ਼ਨ ਪੱਤਰਾਂ ਨੂੰ ਤਿੰਨ ਕਿਸਮਾਂ ਦਾ ਬਣਾ ਕੇ, ਕਦੇ ਸਟਾਫ ਦੀ ਡਿਊਟੀ ਦੂਰ ਦੁਰਾਡੇ ਦੇ ਖੇਤਰਾਂ ਵਿਚ ਲਗਾ ਕੇ, ਕਦੇ ਪ੍ਰਸ਼ਨ ਪੱਤਰਾਂ ਨੂੰ ਬੈਂਕਾਂ ਵਿਚ ਰੱਖ ਕੇ, ਕਦੇ ਨਕਲ ਵਿਰੋਧੀ ਸੈਮੀਨਾਰ ਕਰਵਾ ਕੇ, ਕਦੇ ਨਕਲ ਵਿਰੁੱਧ ਬੱਚਿਆਂ ਨੂੰ ਕਸਮ ਚੁੱਕਾ ਕੇ ਤੇ ਕਦੇ ਬੱਚਿਆਂ ਦਾ ਸੈਂਟਰ ਆਪਣਾ ਸਕੂਲ ਨਾ ਬਣਾ ਕੇ ਕਿਸੇ ਹੋਰ ਸਕੂਲ ਨੂੰ ਬਣਾ ਕੇ ਆਦਿ, ਪਰ ਹਰ ਵਾਰ ਬੋਰਡ ਦੇ ਸਾਰੇ ਯਤਨ ਦਿਓ ਰੂਪੀ ਨਕਲ ਅੱਗੇ ਬੌਨੇ ਸਾਬਤ ਹੋ ਜਾਂਦੇ ਹਨ। ਉਂਝ ਵੀ ਜੇਕਰ ਸਾਰੇ ਯਤਨਾਂ ਦੇ ਬਾਵਜੂਦ ਨਕਲ ਰੂਪੀ ਦਿਓ ਕਾਬੂ ਨਹੀ ਹੋ ਰਿਹਾ ਤਾਂ ਇਸਦਾ ਭਾਵ ਹੈ ਕਿ ਸਮੱਸਿਆ ਸਾਡੇ ਵਿਦਿਅਕ ਢਾਂਚੇ ਵਿੱਚ ਹੈ। ਨਕਲ ਦੀ ਸਮੱਸਿਆ ਨੂੰ ਖਤਮ ਕਰਨ ਲਈ ਜਰੂਰੀ ਹੈ ਕਿ ਸਾਡੇ ਵਿਦਿਅਕ ਢਾਂਚੇ ਨੂੰ ਸਮੇਂ ਦਾ ਹਾਣੀ ਬਣਾਇਆ ਜਾਵੇ। ਸੁਧਾਰ ਲਈ ਸਮੱਸਿਆਂ ਦੀ ਜੜ੍ਹ ਨੂੰ ਫੜ੍ਹਨਾ ਪਵੇਗਾ। ਅਸਲ ਵਿੱਚ ਕਦਰਾਂ-ਕੀਮਤਾਂ ਵਿਹੂਣੀ ਸਾਡੀ ਸਿੱਖਿਆ ਪ੍ਰਣਾਲੀ ਰਾਹੀ ਇਨਸਾਨ ਨਹੀਂ ਸਗੋਂ ਮਸੀਨਾਂ ਦੇ ਰੂਪ ਵਿੱਚ ਪੈਸੇ ਕਮਾਉਣ ਵਾਲੇ ਰੋਬਰਟ ਤਿਆਰ ਕੀਤੇ ਜਾਂਦੇ ਹਨ। ਜਿਹਨਾਂ ਦੇ ਵਿੱਚ ਕਦਰਾਂ-ਕੀਮਤਾਂ ਦਾ ਕੋਈ ਸਥਾਨ ਨਹੀਂ ਹੁੰਦਾ। ਅੰਤ ਵਿੱਚ ਮੈਂ ਇਹੀ ਕਹਾਂਗਾ ਕਿ ਦੇਸ਼ ਅਤੇ ਸਮਾਜ ਨੂੰ ਉੱਚਾ ਚੁੱਕਣ ਲਈ ਸਮੱਸਿਆਂ ਦੀ ਜੜ੍ਹ ਨੂੰ ਫੜ੍ਹ ਕੇ ਨੀਤੀ ਬਣਾਈ ਜਾਵੇ ਤਾਂ ਹੀ ਨਕਲ ਨੂੰ ਰੋਕਣ ਵਿਚ ਸਫਲਤਾ ਪ੍ਰਾਪਤ ਹੋ ਸਕਦੀ ਹੈ। ਇਸ ਦੇ ਨਾਲ ਹੀ ਸਰਕਾਰ ਨੂੰ ਸਮਾਜ ਸੇਵੀ ਸੰਸਥਾਵਾਂ ਦੀ ਮੱਦਦ ਨਾਲ ਨਕਲ ਦੀਆਂ ਬੁਰਾਈਆਂ ਨੂੰ ਉਜਾਗਰ ਕਰਨ ਲਈ ਇਕ ਮੁਹਿੰਮ ਚਲਾਉਣੀ ਚਾਹੀਦੀ ਹੈ। ਇਸ ਦੇ ਵਿੱਚ ਖਾਸ ਤੌਰ ਤੇ ਬੱਚਿਆਂ ਦੇ ਮਾਪਿਆਂ ਨੂੰ ਸਮਝਾਇਆ ਜਾਵੇ ਕਿ ਅੱਜ ਦਾ ਯੁੱਗ ਮੁਕਾਬਲੇ ਦਾ ਯੁੱਗ ਹੈ, ਮੁਕਾਬਲੇ ਅਤੇ ਤਕਨੀਕ ਦੇ ਯੁੱਗ ਵਿਚ ਸਥਾਈ ਸਫਲਤਾ ਪ੍ਰਾਪਤ ਕਰਨ ਲਈ ਮਿਹਨਤ ਦੀ ਜਰੂਰਤ ਹੈ।

# ਸਾਹਿਤਕ ਪੈੜਾਂ- ਕੁਝ ਰਚਨਾਵਾਂ

## ਦਿੱਲੀ ਫਤਿਹ



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਸਿੱਖਾਂ ਤੇ ਜੁਲਮ ਬੜੇ ਢਾਹੇ,
ਮੁਗਲਾਂ ਨੇ।
ਸਿੱਖ ਮਾਰ-ਮੁਕਾਉਣੇ ਚਾਹੇ,
ਮੁਗਲਾਂ ਨੇ।
ਸਿੱਖਾਂ ਦੇ ਸਿਰਾਂ ਦੇ ਮੁੱਲ ਪਾਏ,
ਮੁਗਲਾਂ ਨੇ।
ਦਿੱਲੀ ਦੀਆਂ ਗਲੀਆਂ 'ਚ
ਸਿੰਘਾਂ ਦੇ ਸਿਰ,
ਨੇਜ਼ਿਆਂ ਤੇ ਟੰਗ ਘੁੰਮਾਏ
ਮੁਗਲਾਂ ਨੇ।
ਕਦੇ ਪੋਤੇ ਦੀਆਂ ਕਦੇ ਦਾਦੇ ਦੀਆਂ,
ਫਿਰ ਸਿੰਘਾਂ ਦੇ ਵੀ ਦਿਨ ਆਏ।
ਮੁਗਲ ਰਾਜ ਹੋਇਆ ਕਮਜ਼ੋਰ
ਅੰਗਰੇਜ਼ ਮਰਹੱਟਿਆਂ ਦਾ ਪੈ ਗਿਆ ਜ਼ੋਰ।
ਮੁਗਲਾਂ ਨੂੰ ਉਹਨਾਂ ਭਾਜੜ ਪਾਈ।
ਸ਼ਾਹ ਆਲਮ ਨੇ ਬਚਣ ਲਈ,
ਸਰਦਾਰ ਬਘੇਲ ਸਿੰਘ ਤਾਈ ਗੁਹਾਰ ਲਗਾਈ।
ਉਸ ਸੂਰਮੇ ਨੇ ਦੁਸ਼ਮਣਾਂ ਨੂੰ ਭਾਜੜ ਪਾਈ।
ਸ਼ਾਹ ਆਲਮ ਨੇ ਦਿੱਲੀ ਬਚਦੀ ਵੇਖ ਕੇ,
ਉਸਦੇ ਦਿਲ 'ਚ ਖੁਦਗਰਜ਼ੀ ਆਈ।
ਕਹੇ ਹੁਣ ਬਘੇਲ ਸਿੰਘ ਤੇਰੀ ਲੋੜ ਨਾ ਕਾਈ।
ਆਖੇ ਮੁੜ ਜਾ ਬਘੇਲ ਸਿੰਘਾ,
ਦਿੱਲੀ ਤਾਂ ਹੁਣ ਮੇਰੀ ਬਚੀ ਬਚਾਈ।
ਉਹਨੇ ਸਭ ਦਰਵਾਜ਼ੇ ਬੰਦ ਕਰ ਲਏ,
ਸਿੰਘਾਂ ਨੂੰ ਨਾ ਦਿੱਤੀ ਡਾਹੀ।
ਸਿੰਘਾਂ ਨਾ ਫਿਰ ਪਰਤੇ।
ਸਰਦਾਰ ਬਘੇਲ ਸਿੰਘ ਤੇ ਜਰਨੈਲਾਂ,
ਆਣ ਦਿੱਲੀ 'ਤੇ ਫਤਿਹ ਪਾਈ।
ਲਾਲ ਕਿਲੇ ਤੇ ਝੁਲਾਇਆ ਕੇਸਰੀ।
ਮੁਗਲਾਂ ਨੇ ਹਾਰ ਮੰਨ ਕੇ ਕੀਤੀ ਸੰਧੀ।
ਸਿੰਘਾਂ ਵਸੂਲਿਆ ਨਜ਼ਰਾਨਾ ਇਹੀ ਮਾਫੀ।
ਵਿਚ ਦਿੱਲੀ ਦੇ ਸਿੰਘਾਂ ਨੇ,
ਸਭ ਗੁਰਦੁਆਰਿਆਂ ਦੀ
ਉਸਾਰੀ ਕਰਵਾਈ।
ਤੇ ਛੱਡ ਦਿੱਤੀ ਦਿੱਲੀ
ਸਿੰਘਾਂ ਦਿੱਲੀ ਫਤਿਹ ਕਰਕੇ
ਬੜੀ ਸੂਰਬੀਰਤਾ ਵਿਖਾਈ,
ਖਾਲਸੇ ਨੇ ਐਸੀ ਧਾਕ ਜਮਾਈ
'ਪ੍ਰਵਾਨਾ' ਯਾਦ ਕਰੇ ਕੁੱਲ ਲੁਕਾਈ।

## ਸੋਚੋ ਤੇ ਵਿਚਾਰੋ

- ਕਮਲ ਬੰਗਾ, ਸੈਕਰਾਮੈਂਟੋ
916-897-8570



ਗੁਰੂ ਘਰ ਆਉਣਾ ਬਨਾਮ ਕੁਝ ਸਿੱਖਣਾ ਹੈ।
ਗੁਰੂਆਂ ਨੂੰ ਧਿਆਉਣਾ, ਮਨ ਸ਼ਾਂਤ ਰੱਖਣਾ ਹੈ।

ਇੱਥੇ ਆ ਕੇ ਵੀ ਬੰਦਾ ਜੇ ਬਦਲੇ ਨਾ,
ਫਿਰ ਸਮਝੋ ਕਿ ਉਹ ਚਾਨਣ ਤੋਂ ਸੱਖਣਾ ਹੈ।

ਹਰਿਕ ਜੀਵਨ, ਇਕ ਵਾਰ ਆਉਂਦਾ ਜੱਗ 'ਤੇ,
ਇਸ ਨੂੰ ਦੋਸਤੋ ਅਸੂਲਾਂ ਨਾਲ ਬਿਤਾਉਣਾ ਹੈ।

ਹੱਕ-ਸੱਚ ਦੀ ਲੜਾਈ, ਸਾਰੇ ਜਹਾਨ ਉਤੇ,
ਕਿਸੇ ਨੇ ਖੋਹਣਾ ਤੇ ਕਿਸੇ ਨੇ ਮੰਗਣਾ ਹੈ।

ਜਾਤ-ਪਾਤ ਦੀ ਬਿਮਾਰੀ ਵੀ ਮੁਕਾਓ ਲੋਕੋ,
ਕੰਮ ਤਾਂ ਅਕਸਰ ਗੁਣਾਂ ਨਾਲ ਮਿਲਣਾ ਹੈ।

ਜਿਹੜੀ ਕਲਮ, ਸਾਂਝੀ ਤੰਦ ਪਾਉਂਦੀ ਨਹੀਂ,
ਉਸ ਨੂੰ ਵੀ ਪਾਠਕਾਂ ਨੇ ਘੱਟ ਪੜ੍ਹਨਾ ਹੈ।

ਗੁਰੂ ਦਾ ਜਨਮ ਦਿਨ ਲੱਖ ਮਨਾਓ ਪਰ,
ਨਾਲ ਨਾਲ ਸਮੇਂ ਦਾ ਤਕਾਜ਼ਾ ਵੀ ਸੁਣਨਾ ਹੈ।

ਕਈ ਤਾਂ ਵੰਡੀਆਂ ਦੇ ਵਣਜਾਰੇ ਹੀ 'ਕਮਲ'
ਉਨ੍ਹਾਂ ਨੇ ਵੰਡੀਆਂ 'ਚੋਂ ਕੁਝ ਖੱਟਣਾ ਹੈ।

## ਗਜ਼ਲ

ਚਿੱਟੇ ਦੁੱਧ ਲਿਬਾਸ ਜਿਨ੍ਹਾਂ ਦੇ।
ਪਰ ਮਨ ਕਾਲੇ ਪਾਸ ਜਿਨ੍ਹਾਂ ਦੇ।

ਧੋਖਾ ਉਹਨਾਂ ਨੂੰ ਵੀ ਦਿੰਦੇ,
ਦੋਸਤ ਹੋਵਣ ਖਾਸ ਜਿਨ੍ਹਾਂ ਦੇ।

ਚੱਕੀ ਉਹਨਾਂ ਮੁਹਾਰੇ ਕੀ ਐ,
ਲਾਏ ਹੋਣ ਖਰਾਸ ਜਿਨ੍ਹਾਂ ਦੇ।

ਸਭ ਉਹਨਾਂ ਦੀ ਜੈ-ਜੈ ਕਰਦੇ,
ਸੋਨਾ ਚਾਂਦੀ ਪਾਸ ਜਿਨ੍ਹਾਂ ਦੇ।

ਅਮਨਾਂ ਦੇ ਉਹ ਦੂਤ ਬਣੇ ਨੇ,
ਦਾਰੂ ਭਰੇ ਗਲਾਸ ਜਿਨ੍ਹਾਂ ਦੇ।

ਅੰਦਰੋਂ-ਅੰਦਰੀ ਘਿਓ-ਖਿਚੜੀ ਨੇ,
ਦੰਗੇ ਫਸਾਦ ਨੇ ਦਾਸ ਜਿਨ੍ਹਾਂ ਦੇ।



ਤਾਸ਼ ਦੇ ਵਾਂਗੂੰ ਫੈਂਟ ਨੇ ਦਿੰਦੇ,
ਤਾਕਤ ਹੁੰਦੀ ਹੈ ਪਾਸ ਜਿਨ੍ਹਾਂ ਦੇ।

ਸ਼ਰਮ ਨਾਲ ਕਿਉਂ ਡੁੱਬ ਮਰੇ ਨਾ,
ਹੋਏ ਨੇ ਪਰਦੇ ਫਾਸ਼ ਜਿਨ੍ਹਾਂ ਦੇ।

'ਜੱਖੂ' ਨਸ਼ੇ ਉਹਨਾਂ ਕੀ ਕਰਨੇ,
ਵਿਚ ਆਤਮ-ਵਿਸ਼ਵਾਸ ਜਿਨ੍ਹਾਂ ਦੇ।

**- ਡਾ. ਬਲਰਾਜ ਸਿੰਘ ਜੱਖੂ**
**ਸਕੱਤਰ ਪੰਜਾਬੀ ਸਾਹਿਤ ਸਭਾ**

## ਬਸਪਾ ਪ੍ਰਧਾਨ ਰਛਪਾਲ ਰਾਜੂ ਨੇ ਲਿਆ 15 ਮਾਰਚ ਦੀ ਚੰਡੀਗੜ੍ਹ ਰੈਲੀ ਦੀਆਂ ਤਿਆਰੀਆਂ ਦਾ ਜਾਇਜਾ

**ਫਗਵਾੜਾ (ਰੱਤੂ)-** ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਰਛਪਾਲ ਸਿੰਘ ਰਾਜੂ ਨੇ 15 ਮਾਰਚ ਨੂੰ ਚੰਡੀਗੜ੍ਹ ਵਿਖੇ ਸਾਹਿਬ ਕਾਂਸ਼ੀ ਰਾਮ ਦੇ ਜਨਮ ਦਿਵਸ ਮੌਕੇ ਆਯੋਜਿਤ ਕੀਤੀ ਜਾ ਰਹੀ ਰੈਲੀ ਦੀਆਂ ਤਿਆਰੀਆਂ ਦਾ ਜਾਇਜਾ ਲੈਣ ਲਈ ਫਗਵਾੜਾ ਵਿਖੇ ਵਰਕਰਾਂ ਨਾਲ ਮੀਟਿੰਗ ਕੀਤੀ।



ਇਸ ਮੌਕੇ ਉਹਨਾਂ ਦੱਸਿਆ ਕਿ ਚੰਡੀਗੜ੍ਹ ਦੇ ਸੈਕਟਰ-25 ਵਿਖੇ ਬਸਪਾ ਦੇ ਬਾਨੀ ਸਾਹਿਬ ਕਾਂਸ਼ੀ ਰਾਮ ਦੇ ਜਨਮ ਦਿਵਸ ਮੌਕੇ ਆਯੋਜਿਤ ਉਕਤ ਮਹਾ ਰੈਲੀ ਵਿਚ ਪਾਰਟੀ ਸੁਪਰੀਮੋ ਅਤੇ ਯੂ.ਪੀ. ਦੀ ਸਾਬਕਾ ਮੁੱਖ ਮੰਤਰੀ ਭੈਣ ਕੁਮਾਰੀ ਮਾਇਆਵਤੀ ਬਤੌਰ ਮੁੱਖ ਬੁਲਾਰੇ ਸ਼ਾਮਲ ਹੋਣਗੇ। ਉਹਨਾਂ ਸਮੂਹ ਵਰਕਰਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਆਰ.ਐਸ.ਐਸ. ਅਤੇ ਭਾਜਪਾ ਦੇਸ਼ ਨੂੰ ਹਿੰਦੂ ਰਾਸ਼ਟਰ ਬਨਾਉਣ ਅਤੇ ਬਾਬਾ ਸਾਹਿਬ ਡਾ. ਅੰਬੇਡਕਰ ਦਾ ਲਿਖਿਆ ਸੰਵਿਧਾਨ ਬਦਲਣ ਦੀਆਂ ਸਾਜਿਸ਼ਾਂ ਕਰ ਰਹੇ ਹਨ ਜਿਸਨੂੰ ਨਾਕਾਮ ਕਰਨ ਲਈ ਉਕਤ ਰੈਲੀ ਵਿਚ ਭਾਰੀ ਗਿਣਤੀ ਵਿਚ ਸ਼ਾਮਲ ਹੋ ਕੇ ਬਸਪਾ ਦੇ ਹੱਥ ਮਜਬੂਤ ਕਰਨ। ਇਸ ਮੀਟਿੰਗ ਵਿਚ ਬੀਬੀ ਰਚਨਾ ਦੇਵੀ ਸਕੱਤਰ ਪੰਜਾਬ, ਰਮੇਸ਼ ਕੌਲ ਜੋਨ ਇੰਚਾਰਜ, ਪਰਮਿੰਦਰ ਪਲਾਹੀ ਜਿਲ੍ਹਾ ਉਪ ਪ੍ਰਧਾਨ ਤੋਂ ਇਲਾਵਾ ਹਲਕਾ ਵਿਧਾਨਸਭਾ ਫਗਵਾੜਾ ਇੰਚਾਰਜ ਚਰੰਜੀ ਲਾਲ, ਸੰਤੋਖ ਢੱਡਾ, ਅਜੈ ਕਟਾਰੀਆ ਅਤੇ ਮੱਖਣ ਲਾਲ ਚੌਹਾਨ ਆਦਿ ਹਾਜਰ ਸਨ।

## ਮਿਹਨਤ / ਕਿਰਨਪ੍ਰੀਤ, ਅਸਟਰੀਆ +4368864013133

ਸੁਖਜੀਤ ਕੌਰ ਕਹਿਣ ਨੂੰ ਤਾਂ ਪਿੰਡ ਦੀ ਸਰਪੰਚਨੀ ਵੱਜਦੀ ਏ। ਘਰ ਬਾਰ ਵੀ ਸੋਹਣਾ ਏ । ਉਂਝ ਦੀਪ ਤੇ ਪ੍ਰੀਤ ਦੋਵੇ ਭਰਾ ਹੀ ਨੇ ਪਰ ਸਕੀ ਮਾਂ ਨਾ ਹੋਣ ਕਰਕੇ ਸੁਖਜੀਤ ਨੇ ਪ੍ਰੀਤ ਨਾਲ ਹਮੇਸ਼ਾ ਵਿਤਕਰਾ ਹੀ ਕੀਤਾ। ਬਚਪਨ ਤੋ ਹੀ ਘੁੱਟ -ਘੁੱਟ ਕੇ ਤੇ ਅਰਮਾਨਾਂ ਨੂੰ ਸੀਨੇ ਵਿਚ ਦਬਾ ਕੇ ਜਿਉਣਾ ਪਿਆ ਇਸ ਨੰਨੀ ਜਾਨ ਪ੍ਰੀਤ ਨੂੰ ।ਆਪਣੀ ਸਕੀ ਮਾਂ ਦੀ ਯਾਦ ਆਉਦੀ ਤਾਂ ਅੰਦਰ ਵੜ ਰੋ ਲੈਂਦਾ ਤੇ ਫਿਰ ਖੁਦ ਨਾਲ ਹੀ ਵਾਧਦਾ ਕਰਦਾ- ਕਿ ਮਾਂ ਇਕ ਦਿਨ ਤੇਰਾ ਪੁੱਤ ਬਹੁਤ ਵੱਡਾ ਬਣੋ ਦੇਖੀ ਤੇ ਤੇਰਾ ਨਾਮ ਉੱਚਾ ਕਰੂਗਾ। ਘਰ ਦੇ ਕੰਮ ਕਾਰ ਨਾਲ ਪ੍ਰੀਤ ਔਖਾ ਸੋਖਾ ਪੜ੍ਹ ਵੀ ਰਿਹਾ। ਹੱਥ ਵਿਚ ਮਿਹਨਤ ਸੀਂ ਤੇ ਦਿਲ ਵਿਚ ਕੁਝ ਕਰਨ ਦਾ ਜਨੂੰਨ । ਉਦਰੋ ਦੂਜਾ ਮਾਂ ਦਾ ਲਾਡਲਾਂ ਹੋਣ ਕਾਰਨ ਦੀਪ ਕੋਈ ਕੰਮ ਨਹੀਂ ਸੀ ਕਰਦਾ। ਯਾਰਾਂ - ਬੇਲੀਆ ਨਾਲ ਘੁੰਮਣਾ ਤੇ ਐਸ਼ਾ ਕਰਣੀਆ ਹੀ ਉਸ ਦੀ ਜ਼ਿੰਦਗੀ ਸੀ । ਪੜ੍ਹਾਈ ਪੱਖੋ ਵੀ ਨਿਕਮਾ ਹੀ ਨਿਕਲਿਆ। ਸਮਾਂ ਬੀਤ ਦਾ ਗਿਆ ਹੁਣ ਸੁਖਜੀਤ ਕੌਰ ਵੀ ਪਿੰਡ ਦੀ ਸਰਪੰਚਨੀ ਨਾ ਰਹੀ ਤੇ ਘਰ ਦੇ ਹਾਲਾਤ ਵੀ ਵਿਗੜਨੇ ਸ਼ੁਰੂ ਹੋ ਗਏ। ਪਿਓ ਤਾ ਦੋਹਾਂ ਦਾ ਬਚਪਨ ਵਿਚ ਹੀ ਰੱਬ ਨੂੰ ਪਿਆਰਾ ਹੋ ਗਿਆ ਸੀ। ਹੁਣ ਦੋਵੇ ਮੁੰਡੇ ਜਵਾਨ ਹੋ ਗਏ ਹਨ ਤੇ ਘਰ ਦਾ ਖਰਚਾ ਚੁੱਕਣ ਯੋਗ ਵੀ।

ਹੁਣ ਨਿਕਮੇ ਅਤੇ ਵਿਹਲੜ ਨੂੰ ਨੌਕਰੀ ਕੌਣ ਦੇਵੇ ਨਾਂ ਤਾਂ ਉਸ ਨੇ ਪੜਾਈ ਵਿੱਚ ਕੋਈ ਮਹਾਰਤ ਹਾਸਲ ਕੀਤੀ ਸੀ ਤੇ ਨਾ ਹੀ ਉਸ ਦਾ ਕਿਸੇ ਕੰਮ ਵੱਲ ਧਿਆਨ ਸੀ । ਪਰ ਦੂਜੇ ਪਾਸੇ ਪ੍ਰੀਤ ਆਪਣੇ ਮਿਹਨਤ ਜਾਰੀ ਰੱਖਦਾ ਹੋਇਆ ਚੰਗਾ ਪੜਿਆ ਲਿਖਿਆ ਹੋਣ ਕਾਰਨ ਸਰਕਾਰੀ ਸਕੂਲ ਵਿਚ ਅਧਿਆਪਕ ਲਗ ਗਿਆ। ਜਿਸ ਨਾਲ ਘਰ ਦਾ ਥੋੜਾ ਬਹੁਤ ਖਰਚਾ ਤੁਰਦਾ ਗਿਆ। ਪਰ ਦੀਪ ਦਾ ਨਿਕਮਾਪਣ ਹਜੇ ਵੀ ਉਸ ਤੇ ਹਾਵੀ ਸੀ। ਨਾ ਤਾਂ ਘਰ ਕੋਈ ਕੰਮ ਕਰਦਾ ਸੀ ਤੇ ਨਾ ਹੀ ਬਾਹਰ। ਫੁਕਰੀ ਤੇ ਵਿਹਲੜਪੁਣੇ ਦੇ ਨਾਲ ਨਾਲ ਨਸ਼ੇੜੀ ਵੀ ਹੋ ਗਿਆ। ਪਰ ਸੁਖਜੀਤ ਨੂੰ ਇਹ ਸੱਭ ਨਾ ਦਿਸਦਾ। ਉਸ ਨੂੰ ਆਪਣੇ ਮੁੰਡੇ ਦੇ ਮੋਹ ਨੇ ਅੰਨੀ ਜਿਓ ਕਰ ਰੱਖਿਆ ਸੀ। ਹੁਣ ਸੁਖਜੀਤ ਤੋਂ ਘਰ ਦਾ ਕੰਮ ਕਰਨਾ ਵੀ ਔਖਾ ਹੋਣ ਲੱਗਾ । ਉਮਰ ਵੱਡੇਰੀ ਹੋਣ ਕਾਰਨ ਗੋਡਿਆ ਵਿਚ ਦਰਦ ਰਹਿੰਦਾ ਸੀ। ਇਕ ਦਿਨ ਸੁਖਜੀਤ ਨੇ ਆਖਿਆ ਕਿ ਦੀਪ, "ਹੁਣ ਘਰ ਇਕ ਨਹੂੰ ਲੈ ਆਈਏ ਮੇਰੇ ਤੋ ਬਹੁਤਾ ਕੰਮ ਨਹੀਂ ਹੁੰਦਾ ।" ਇੰਨਾ ਕਹਿਣ ਦੀ ਦੇਰ ਸੀ ਦੀਪ ਲਈ ਰਿਸ਼ਤੇ ਲੱਭਣੇ ਸ਼ੁਰੂ ਹੋ ਗਏ। ਥੋੜ੍ਹੀ ਹੀ ਦੂਰ ਦੇ ਇਕ ਪਿੰਡ ਵਿੱਚੋਂ ਇਕ ਵਧੀਆ ਪਰਿਵਾਰ ਦੀ ਕੁੜੀ ਨਾਲ ਦੀਪ ਦਾ ਰਿਸ਼ਤਾ ਤੈਅ ਹੋ ਗਿਆ ।ਪਰ ਇਹ ਖੁਸ਼ੀਆ ਵੀ ਘਰ ਬਹੁਤੀ ਦੇਰ ਨਾ ਟਿਕੀਆ।ਆਖਰ ਨਿਕਮੇ ਅਤੇ ਵਿਹਲੇ ਨਾਲ ਕਿੰਨਾ ਚਿਰ ਕੱਢਦੀ । ਉਧਰ ਪ੍ਰੀਤ ਵੀ ਹੁਣ ਸਕੂਲ ਦਾਂ ਪ੍ਰਿੰਸੀਪਲ ਬਣ ਚੁੱਕਾ ਸੀ । ਰਾਤ ਰਾਤ ਦੀਵੇਆ ਦੀ ਲੋਏ ਪੜ ਕੇ ਕਰੀਆ ਮਿਹਨਤਾ ਰੰਗ ਲਿਆ ਰਹੀਆ ਸਨ । ਨਾਲ ਦੇ ਪਿੰਡੋ ਚੰਗੇ ਪਰਿਵਾਰ ਦੀ ਕੁੜੀ ਦਾ ਰਿਸ਼ਤਾ ਪ੍ਰੀਤ ਨਾਲ ਹੋ ਗਿਆ। ਪ੍ਰੀਤ ਹੁਣ ਇਕ ਖੁਸ਼ਹਾਲ ਤੇ ਸੁੱਖੀ ਪਰਿਵਾਰ ਵਾਲਾ ਹੋ ਗਿਆ । ਪਰ ਦੂਜੇ ਪਾਸੇ ਦੀਪ ਨਸ਼ੇ ਵਿਚ ਚੂਰ ਤੇ ਸਿਹਤ ਪੱਖੋ ਵੀ ਗਿਰਦਾ ਜਾਣ ਲੱਗਾ। ਸੁਖਜੀਤ ਵੀ ਰੱਬ ਨੂੰ ਪਿਆਰੀ ਹੋ ਗਈ। ਦੀਪ ਹੁਣ ਪਿੰਡ ਦੇ ਠੇਕੇ ਜਾ ਗਲੀਆ ਵਿੱਚ ਸ਼ਰਾਬ ਨਾਲ ਰੱਜਿਆ ਪਿਆ ਮਿਲਦਾ ਤੇ ਪ੍ਰੀਤ ਜਿੱਥੋਂ ਵੀ ਲੰਘਦਾ ਲੋਕ ਮਾਸਟਰ ਜੀ ਜਾਂ ਗੁਰੂ ਜੀ ਕਹਿ ਕੇ ਸਤਿਕਾਰ ਦਿੰਦੇ । ਉਸ ਨੇ ਆਪਣੀ ਮਿਹਨਤ ਸਦਕਾ ਆਪਣੀ ਜ਼ਿੰਦਗੀ ਨੂੰ ਖੁਸ਼ਹਾਲ ਬਣਾ ਲਿਆ ਤੇ ਚੰਗੀ ਰੋਜੀ ਰੋਟੀ ਕਮਾਈ ਜਾ ਰਿਹਾ ਹੈ।

ਸਿੱਖਿਆ =ਮਿਹਨਤ ਬਹੁਤ ਵੱਡੀ ਚੀਜ਼ ਹੈ ਜੋ ਇਨਸਾਨ ਨੂੰ ਕੱਖ ਤੋ ਲੱਖ ਬਣਾ ਦਿੰਦੀ ਹੈ । ਮਿਹਨਤ ਦਾ ਫਲ ਝੋਲੀ ਜਰੂਰ ਪੈਂਦਾ ਹੈ ਇਸ ਲਈ ਇਨਸਾਨ ਨੂੰ ਸਬਰ ਤੇ ਸੰਤੋਖ ਨਾਲ ਮਿਹਨਤ ਕਰਦੇ ਰਹਿਣਾ ਚਾਹੀਦਾ ਹੈ ਤੇ ਹਿੰਮਤ ਨਾਲ ਮੁਸ਼ਕਿਲ ਦਾ ਸਾਹਮਣਾ ਕਰਣਾ ਚਾਹੀਦਾ ਹੈ। ਵਰਨਾ ਸਾਡੀ ਜਿੰਦਗੀ ਵੀ ਦੀਪ ਵਾਗ ਗੰਦੇ ਨਾਲਿਆ ਵਰਗੀ ਹੋ ਜਾਵੇਗੀ। ਵਿਚਾਰ ਅਸੀ ਕਰਨੀ ਹੈ ਕਿ ਪ੍ਰੀਤ ਵਾਂਗ ਚੰਗੀ ਮਿਹਨਤ ਸਦਕਾ ਅਸੀ ਆਪਣੀ ਜ਼ਿੰਦਗੀ ਨੂੰ ਖੁਸ਼ਹਾਲ ਬਣਾਉਣਾ ਹੈ ਜਾ ਦੀਪ ਵਾਂਗ ਫੌਕੀ ਫੁਕਰੀ ਵਿੱਚ ਜੀਵਨ ਗਾਲਣਾ ਹੈ ।

## "ਸਤਿਕਾਰ ਅਤੇ ਸਨਮਾਨ"

ਕਦੇ ਮਾਂ, ਕਦੇ ਧੀ, ਕਦੇ ਪਤਨੀ ਬਣ ਕੇ,
ਇੱਕ ਔਰਤ ਨਭਾਉਂਦੀ ਹੈ ਕਈ ਕਿਰਦਾਰ,
ਪਰ ਖਬਰੇ ਅੱਜ ਵੀ ਕਿਉਂ ਇਸਨੂੰ,
ਮਿਲਿਆ ਨਹੀਂ ਬਣਦਾ ਸਨਮਾਨ?
ਅੱਜ 21ਵੀਂ ਸਦੀ ਵਿੱਚ ਆ ਗਏ ਹਾਂ ਅਸੀ,
ਜਿਥੇ ਕਹਿੰਦੇ ਇੱਕ ਸਮਾਨ ਨੇ ਮੁੰਡੇ-ਕੁੜੀਆਂ,
ਪਰ ਫਿਰ ਕੁੜੀਆਂ ਉੱਤੇ ਹੋਏ ਜੁਲਮਾਂ ਦੀਆਂ,
ਗੱਲਾਂ ਕਿਉਂ ਨੇ, ਵਿੱਚ ਅਖਬਾਰਾਂ ਤੁਰੀਆਂ?
ਭਾਵੇ ਅੱਜ ਪੜ-ਲਿਖ ਗਏ ਹਾਂ ਅਸੀਂ,
ਤਰੱਕੀ ਵੀ ਖੂਬ ਕਰ ਗਏ ਹਾਂ ਅਸੀ,
ਪਰ ਫਿਰ ਵੀ ਕਿਉਂ ਘੱਟ ਹੈ ਲਿੰਗ-ਅਨੁਪਾਤ?
ਜੋ ਦਿੰਦੀ ਹੈ ਸਾਨੂੰ, ਸਾਡੇ ਕੁੱਲ ਦੇ ਵਾਰਿਸ,
ਫਿਰ ਦਿੰਦੇ ਕਿਉਂ ਹੋ, ਉਸਨੂੰ ਕੁੱਖਾਂ ਵਿੱਚ ਮਾਰ?
ਕਦੇ ਨਹੀਂ ਚੁੱਕਾ ਹੋਣਾ ਸਾਡੇ ਤੋਂ,
'ਜਗਤ-ਜਨਣੀ' ਦਾ ਕਰਜਾ,
ਪਰ ਫਿਰ ਵੀ ਚੁਕਾਉਣਾਂ ਜੇ ਚਾਹੁੰਦੇਂ ਹੋ ਤੁਸੀ,
ਪਹਿਲਾਂ ਦਬਾ ਦਿਓ ਬਰਾਬਰ ਦਾ ਦਰਜਾ।
ਜੇ ਅਸਲ ਤਰੱਕੀ ਕਰਨੀ ਚਾਹੁੰਦੇ ਹੋ ਤੁਸੀਂ,
ਦਿਲਾਂ ਵਿੱਚੋਂ ਮਿਟਾ ਦਿਓ ਸਾਰੇ ਭੇਦ-ਭਾਵ,
ਔਰਤ ਦਾ ਕਰੋ, ਸੱਚੇ ਦਿਲ ਤੋਂ ਆਦਰ,
ਤੇ ਦਿਓ ਉਸਨੂੰ ਬਣਦਾ ਸਤਿਕਾਰ ਅਤੇ ਸਨਮਾਨ।

**- ਇੰਦਰਜੀਤ ਸਿੰਘ ਕਠਾਰ**
**91-97793-24972**

## ਆਵਾਜਾਈ ਦੇ ਨਿਯਮ

ਆਵਾਜਾਈ ਦੇ ਨਿਯਮ ਅਪਣਾਈਏ,
ਆਪਣੀ ਕੀਮਤੀ ਜਾਨ ਬਚਾਈਏ।
ਲਾਲ ਬੱਤੀ ਤੇ ਲਗਾਈਏ ਬਰੇਕ,
ਵਾਹਨ ਬੰਦ ਕਰਕੇ ਕਰੀਏ ਵੇਟ।
ਪੀਲੀ ਬੱਤੀ ਤੇ ਹੋ ਜਾਓ ਤਿਆਰ,
ਹਰੀ ਤੇ ਕਰ ਦਿਓ ਸੜਕ ਨੂੰ ਪਾਰ।
ਹਮੇਸ਼ਾ ਚੱਲੀਏ ਆਪਣੇ ਖੱਬੇ ਹੱਥ,
ਸਾਵਧਾਨੀ ਨਾਲ ਪਾਰ ਕਰਨੇ ਕੱਟ।
ਵਹੀਕਲ ਦੀ ਰੱਖੋ ਨਿਯਮਿਤ ਰੇਸ,
ਵੱਧ ਗਤੀ ਤੇ ਬਣ ਜਾਂਦਾ ਕੇਸ।
ਟਰੈਫਿਕ ਪੁਲਿਸ ਦੇ ਸਮਝੋ ਇਸ਼ਾਰੇ,
ਸਭਨਾਂ ਨੂੰ ਓਹ ਹੱਥ ਪਿਆ ਮਾਰੇ।
ਕਾਗਜ਼ ਗੱਡੀਆਂ ਦੇ ਰੱਖੋ ਪੂਰੇ,
ਫੇਰ ਤੁਹਾਨੂੰ ਕੋਈ ਨਾ ਘੂਰੇ।
ਵਾਹਨ ਤੇਂ ਨਾ ਲਾਓ ਪ੍ਰੈਸ਼ਰ ਹਾਰਨ,
ਉੱਚਾ ਸੁਣਨ ਦਾ ਬਣਦਾ ਕਾਰਨ।
ਮੁੜਨ ਤੇ ਇੰਡੀਕੇਟਰ ਨੂੰ ਚਲਾਓ,
ਸਪੀਡ ਬਰੇਕਰ ਤੇ ਰੇਸ ਘਟਾਓ।
ਹੈਲਮੈੱਟ ਲੈਣਾ ਬੜਾ ਹੀ ਜਰੂਰੀ,
ਕਰਦਾ ਜਾਨ ਦੀ ਰੱਖਿਆ ਪੂਰੀ।
ਸੜਕ ਜਦੋਂ ਕਰਨੀ ਹੋਵੇ ਪਾਰ,
ਜ਼ੈਬਰਾ ਕਰਾਸਿੰਗ ਤੇ ਆਓ ਯਾਰ।
ਡਰਾਈਵ ਸਮੇਂ ਜੇ ਮੋਬਾਇਲ ਸੁਣਿਆ,
ਆਪਣੀ ਮੌਤ ਲਈ ਜਾਲ ਹੈ ਬੁਣਿਆ।
ਬਾਈਕ ਤੇ ਦੋ ਤੋਂ ਵੱਧ ਨਾ ਬਹਿਣਾ,
ਮਸ਼ੀਨਰੀ ਨੇ ਕਿਹੜਾ ਬੋਲਕੇ ਕਹਿਣਾ।
ਵੱਧ ਸਵਾਰੀਆਂ ਦਾ ਹੁੰਦਾ ਚਲਾਨ,
ਧਨ ਅਤੇ ਸਮੇਂ ਦਾ ਹੋਵੇ ਨੁਕਸਾਨ।
'ਚਮਨ' ਕਹੇ ਨਿਯਮਾਂ ਨੂੰ ਅਪਣਾਈਏ,
ਹੱਸਦੇ ਖੇਡਦੇ ਘਰ ਵਾਪਸ ਆਈਏ।

**- ਚਮਨਦੀਪ ਸ਼ਰਮਾ**
**91- 95010 33005**



INDO-AMERICAN HERITAGE FORUM FRESNO, CALIFORNIA

ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ, ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ,
ਜਿਨ੍ਹਾਂ ਦੇਸ਼ ਸੇਵਾ ਵਿਚ ਪੈਰ ਪਾਇਆ, ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ।

# ਇੰਡੋ ਅਮੈਰਿਕਨ ਹੈਰੀਟੇਜ ਫੋਰਮ ਫਰਿਜ਼ਨੋ ਵਲੋਂ

ਸਾਨਫਰਾਂਸਿਸਕੋ (ਹਿੰਦੂ) ਸਾਜਿਸ਼ ਕੇਸ ਨੂੰ ਸਮਰਪਿਤ

# 18ਵਾਂ ਮੇਲਾ ਗਦਰੀ ਬਾਬਿਆਂ ਦਾ

## 25 ਮਾਰਚ 2018 ਦਿਨ ਐਤਵਾਰ 12 ਵਜੇ ਤੋਂ ਸ਼ਾਮ 6 ਵਜੇ ਤੱਕ

ਕਰਨੀਲੀਆ ਅਤੇ ਡਕੋਟਾ ਦੇ ਕੌਰਨਰ ਤੇ

## Central High School

(East), Gymnasium 3535 N Cornelia Ave, Fresno, CA 93722

Corner of Cornelia & Dakota

ਸਮੂਹ ਸਾਥੀਆਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ।


ਭਾਈ ਭਗਵਾਨ ਸਿੰਘ


ਸ਼ਹੀਦ ਤਾਰਕ ਨਾਥ ਦਾਸ


ਬਾਬੂ ਮੰਗੂ ਰਾਮ ਮੁੱਗੋਵਾਲੀਆ


ਭਾਈ ਸੰਤੋਖ ਸਿੰਘ ਧਰਦਿਓ


ਭਾਈ ਭਾਨ ਸਿੰਘ ਸੁਨੇਤ

## ਪ੍ਰੋਗਰਾਮ


ਮੁੱਖ ਮਹਿਮਾਨ
ਡਾ. ਹਰਸ਼ਿੰਦਰ ਕੌਰ ਪਟਿਆਲਾ

* ਮੁੱਖ ਮਹਿਮਾਨ 'ਤੇ ਬੁਲਾਰੇ: ਡਾ. ਹਰਸ਼ਿੰਦਰ ਕੌਰ ਤੇ ਸ. ਜਰਨੈਲ ਸਿੰਘ ਅੱਚਰਵਾਲ ਹੋਣਗੇ।
* ਬੁਲੰਦ ਅਵਾਜ਼ ਦੇ ਮਾਲਕ ਗਾਇਕ ਜੀਤਾ ਗਿੱਲ, ਹਰਜੀਤ ਮਰਸਿਡ ਤੇ ਗਾਇਕ ਰਜਿੰਦਰ ਸਿੰਘ (ਰਾਜ ਬਰਾੜ) ਇਨਕਲਾਬੀ ਗੀਤ ਸੰਗੀਤ ਦਾ ਪ੍ਰੋਗਰਾਮ ਪੇਸ਼ ਕਰਨਗੇ।
* ਜੀ ਐਚ ਜੀ ਡਾਂਸ ਐਂਡ ਸੰਗੀਤ ਅਕੈਡਮੀ ਵਲੋਂ ਭੰਗੜਾ ਪੇਸ਼ ਕੀਤਾ ਜਾਵੇਗਾ।
* ਬੱਚਿਆਂ ਵਲੋਂ ਗੀਤ, ਕਵਿਤਾਵਾਂ, ਭਾਸ਼ਨ 'ਤੇ ਸਿਮਰਨ ਹੇਅਰ ਵਲੋਂ ਤਿਆਰ ਹੇਅਰ ਮੀਡੀਆ ਦੀ ਟੀਮ ਵਲੋਂ ਗਿੱਧਾ ਪੇਸ਼ ਕੀਤਾ ਜਾਵੇਗਾ।
* ਕਰਮਨ ਪੰਜਾਬੀ ਸਕੂਲ ਵਲੋਂ ਵਿਸ਼ੇਸ਼ ਆਈਟਮ ਪੇਸ਼ ਕੀਤੀ ਜਾਵੇਗੀ।
* 4.0 ਜੀ ਪੀ ਏ ਗਰੇਡ ਵਾਲੇ ਵਿਦਿਆਰਥੀਆਂ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ।

Note: students with 4.0 grade should register at IAHForum@gmail.com


ਮੰਚ ਸੰਚਾਲਿਕਾ
ਆਸ਼ਾ ਸ਼ਰਮਾ

## ਮੇਲਾ ਕਮੇਟੀ

ਬਲਦੇਵ ਸਿੰਘ ਧਾਲੀਵਾਲ, ਗੁਰਦੀਪ ਸਿੰਘ ਅਣਖੀ, ਗੁਰਮੀਤ ਸਿੰਘ ਗਿੱਲ, ਪਰਮਜੀਤ ਸਿੰਘ ਢਿੱਲੋਂ, ਮਹਿੰਦਰ ਸਿੰਘ ਢਾਹ, ਬੂਟਾ ਸਿੰਘ ਸਹੋਤਾ, ਜੋਗਾ ਸਿੰਘ ਮੰਢਾਲੀ, ਸ਼ਰਨਜੀਤ ਕੌਰ ਧਾਲੀਵਾਲ, ਸਿਮਰਨ ਕੌਰ ਹੇਅਰ, ਹਰਿੰਦਰ ਕੌਰ ਮੰਢਾਲੀ, ਕੁਲਵੀਰ ਕੌਰ ਸੇਖੋਂ, ਬਲਵੀਰ ਕੌਰ ਧਾਲੀਵਾਲ, ਬਲਵਿੰਦਰ ਕੌਰ ਧਾਲੀਵਾਲ, ਭੁਪਿੰਦਰ ਕੌਰ ਬਦੇਸ਼ਾ, ਸੁਖਜਿੰਦਰ ਕੌਰ ਢਿੱਲੋਂ, ਗੁਰਮੀਤ ਗਾਜੀਆਣਾ, ਪ੍ਰੀਤਮ ਸਿੰਘ ਗਿੱਲ, ਪਰਮਜੀਤ ਸਿੰਘ ਧਾਲੀਵਾਲ, ਉਦੇਦੀਪ ਸਿੰਘ ਸਿੱਧੂ, ਜਗਰੂਪ ਸਿੰਘ ਧਾਲੀਵਾਲ, ਅਮੋਲਕ ਸਿੰਘ ਸਿੱਧੂ, ਦਲਬਾਰਾ ਸਿੰਘ ਧਾਲੀਵਾਲ, ਜਸਦੀਪ ਸਿੰਘ, ਸ਼ੌਕਤ ਅਲੀ, ਕਰਮ ਸਿੰਘ ਮਾਨ, ਕੇਵਲ ਸਿੰਘ ਬਾਸੀ, ਪ੍ਰੋ. ਅਰਜਨ ਸਿੰਘ ਜੋਸਨ, ਜਸਵੰਤ ਮਹਿਮੀ, ਸ਼ੇਰ ਸਿੰਘ ਚੌਹਾਨ, ਬਲਵਿੰਦਰ ਸਿੰਘ ਜਾਡਲਾ, ਟਹਿਲ ਸਿੰਘ ਢੇਸੀ, ਗੁਰਮੀਤ ਸਿੰਘ ਰਾਏਪੁਰ ਡੱਬਾ, ਮਨਵੀਰ ਸਿੰਘ ਭੁੱਲਰ, ਜੱਸੀ ਰਾਏ, ਸੁਰਿੰਦਰ ਸਿੰਘ ਬਿੰਦ, ਸੋਹਣ ਸਿੰਘ ਮੱਲ੍ਹੀ, ਹਰਮਨ ਸਿੰਘ ਗਿੱਲ, ਅਮਨਦੀਪ ਸਿੰਘ।

## ਸਪਾਂਸਰਜ਼

ਗੁਲਬਿੰਦਰ ਸਿੰਘ ਢੇਸੀ, ਅਟਵਾਲ ਬ੍ਰਦਰਜ਼ ਫਾਰਮ, ਟਰਾਨਸ ਕੌਰਪ ਫਰੇਟ ਵੇ (ਨਿੱਝਰ ਬ੍ਰਦਰਜ਼), ਏ ਵਨ ਰੀਐਲਟੀ (ਪ੍ਰੀਤਮ ਗਿੱਲ), ਅਮਰੀਕ ਉੱਪਲ, ਭਜਨ ਸਿੰਘ ਸਹੋਤਾ, ਦੀਪਾ ਚੌਹਾਨ ਬੁਲਡੋਗ ਫਰੇਟ ਵੇ, ਚਰਨਜੀਤ ਸਿੰਘ ਬਾਠ, ਜੀ ਬੀ ਟੀ ਆਈ, ਗਿੱਲ ਇੰਨਸ਼ੋਰੈਂਸ ਟਰੱਕਿੰਗ, ਸੰਧੂ ਫਾਰਮ (ਤਜਿੰਦਰ ਸੰਧੂ), ਨਿਊ ਇੰਡੀਆ ਸਵੀਟ ਐਂਡ ਸਪਾਈਸਜ਼, ਪਰਮਜੀਤ ਸਿੰਘ ਬਾਸੀ, ਸੈਟੇਲਾਈਟ ਪਲੱਸ, ਸਿੱਖ ਨਾਮਧਾਰੀ ਸੋਸਾਇਟੀ, ਸਮਾਰਟਵੇ ਐਕਸਪ੍ਰੈੱਸ, ਸਟੋਨ ਟਰੱਕਿੰਗ, ਤਾਰਾ ਸਿੰਘ ਬੱਲ, ਟਰਾਈ ਅੱਸ ਟਰਕਿੰਗ, ਰੌਇਲ ਸੰਗੂ ਗਰੁੱਪ, ਪੀ ਐਮ ਟਰੱਕਿੰਗ (ਗੁਰਪਾਲ ਰੰਧਾਵਾ), ਸੌਪ ਐਂਡ ਗੈਸ, ਏ ਐ ਪੀ ਟਰੱਕਿੰਗ, ਬੀ ਡੀ ਟਰਾਂਸਪੋਰਟ, ਜਗਰੂਪ ਸਿੰਘ ਧਾਲੀਵਾਲ, ਨਿੱਜਰ ਫਾਰਮ, ਸੰਘਾ ਕੈਰੀਅਰ, ਐਸ ਪੀ ਟਰੱਕਿੰਗ, ਯੂਨਾਈਟਡ ਟਰੱਕ ਡਰਾਈਵਿੰਗ ਸਕੂਲ, ਵਿਰਕ ਪਰਾਪਰਟੀਜ, ਤਰਲੋਕ ਸਿੰਘ, ਨਿਰਮਲ ਸਿੰਘ, ਐਸ ਐਮ ਬਰਦਰਜ਼ (ਕੈਸ਼ ਐਂਡ ਕੈਰੀ)।














ਜੀਤਾ ਗਿੱਲ


ਰਜਿੰਦਰ ਸਿੰਘ (ਰਾਜ ਬਰਾੜ)


ਹਰਜੀਤ ਸਿੰਘ ਮਰਸਿਡ

Design By: hayermedia.com

**ਚਾਹ ਪਕੌੜਿਆਂ ਦਾ ਲੰਗਰ ਸਾਰਾ ਦਿਨ ਚੱਲੇਗਾ**

**ਇਸ ਪ੍ਰੋਗਰਾਮ ਦਾ ਦਾਖਲਾ ਅਤੇ ਪਾਰਕਿੰਗ ਮੁਫਤ ਹੈ**

ਗੁਰਦੀਪ ਸਿੰਘ ਗਿੱਲ
ਪ੍ਰਧਾਨ
(559) 360-4248

ਨਵਦੀਪ ਸਿੰਘ ਧਾਲੀਵਲ
ਵਾਈਸ ਪ੍ਰਧਾਨ
(559) 287-0822

ਸੁਰਿੰਦਰ ਮੰਢਾਲੀ
ਸੈਕਰੇਟਰੀ
(559) 473-9269

ਜਸਵੰਤ ਸਿੰਘ ਮਾਨ
ਖਜਾਨਚੀ

ਕੁਲਵੀਰ ਸਿੰਘ ਹੇਅਰ
(ਮੀਡੀਆ ਸਕੱਤਰ)
559-239-5000